भारत सरकार
GOVERNMENT OF INDIA
राष्ट्रीय पुस्तकालय, कलकत्ता
NATIONAL LIBRARY, CALCUTTA

वर्ग संख्या P
Class No. 891·4609
पुस्तक संख्या
Book No. M112

रा० पु०/N. L. 38.

MGIP Sant.—126 NL (Spl/73)—26-9-74—10,000

भारत सरकार
GOVERNMENT OF INDIA
राष्ट्रीय पुस्तकालय, कलकत्ता
NATIONAL LIBRARY, CALCUTTA

अन्तिम अंकित दिनांक वाले दिन यह पुस्तक पुस्तकालय से ली गई थी। दो सप्ताह से अधिक समय तक पुस्तक रखने पर प्रतिदिन ६ पैसे की दर से विलम्ब शुल्क लिया जायेगा।

This book was taken from the Library on the date last stamped. A late fee of 6 P. will be charged for each day the book is kept beyond two weeks.

# ਮਰਾਠੀ ਅਤੇ ਉਸਦਾ ਸਾਹਿਤ

1823—1880

ਪ੍ਰਕਾਸ਼ਕ

ਭਾਸ਼ਾ ਵਿਭਾਗ ਪੰਜਾਬ

ਪਟਿਆਲਾ

ਸਭ ਹੱਕ ਰਾਖਵੇਂ ਹਨ :

National Library, Calcutta.
Delivery of Book Act., 1954.

P
891.4309
N 112 m

ਮੁੱਲ : ਰ: 1·10

DBA000005819PAN

NATIONAL LIBRARY
No. 5219
Date 2.6.1970
CALCUTTA

ਛਾਪਕ :
ਸੋਹਨ ਲਾਲ ਖੰਨਾ,
ਨਵੀਨ ਪ੍ਰਿੰਟਿੰਗ ਪ੍ਰੈਸ, ਅੱਡਾ ਟਾਂਡਾ, ਜਲੰਧਰ ਸ਼ਹਿਰ

## ਦੋ ਸ਼ਬਦ

ਹਿੰਦੁਸਤਾਨ ਦੀਆਂ ਅਤੇ ਖ਼ਾਸ ਕਰ ਕੇ ਉੱਤਰੀ ਭਾਰਤ ਦੀਆਂ ਸਾਰੀਆਂ ਜ਼ਬਾਨਾਂ ਵਿਚ ਇਕ ਡੂੰਘੀ ਸਾਂਝ ਹੈ। ਇਕ ਵੇਲੇ ਤਾਂ ਮਹਾਂਰਾਸ਼ਟਰ ਵਿਚ ਪੈਦਾ ਹੋਏ ਨਾਮ ਦੇਵ ਦੀ ਬਾਣੀ ਨੂੰ ਵੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕਰ ਲਿਆ ਗਿਆ। ਇਨ੍ਹਾਂ ਜ਼ਬਾਨਾਂ ਦੇ ਸਾਹਿਤ ਤੋਂ ਜਾਣੂੰ ਹੋਣਾ ਸਾਰੇ ਭਾਰਤੀਆਂ ਵਿਚ ਉਂਜ ਵੀ ਮਾਨਸਿਕ ਤੇ ਭਾਵਕ ਸਾਂਝ ਪੈਦਾ ਕਰਨ ਲਈ ਜ਼ਰੂਰੀ ਹੈ।

ਭਾਸ਼ਾ ਵਿਭਾਗ ਨੇ ਹੁਣ ਤਕ ਪੰਜ ਭਾਰਤੀ ਜ਼ਬਾਨਾਂ ਦੇ ਸਾਹਿਤ ਦਾ ਇਤਹਾਸ ਪੰਜਾਬੀ ਵਿਚ ਪ੍ਰਕਾਸ਼ਤ ਕੀਤਾ ਹੈ। ਮਰਾਠੀ ਅਤੇ ਉਸ ਦਾ ਸਾਹਿਤ ਉਸੇ ਸਿਲਸਲੇ ਦੀ ਲੜੀ ਹੈ। ਉਮੀਦ ਹੈ ਕਿ ਅਗਲੇ ਸਾਲ ਤਕ ਹਿੰਦੁਸਤਾਨ ਦੀਆਂ ਸਾਰੀਆਂ ਜ਼ਬਾਨਾਂ ਦੇ ਸਾਹਿਤ ਵਿਭਾਗ ਵੱਲੋਂ ਛਾਪ ਦਿੱਤੇ ਜਾਣਗੇ।

ਮੈਨੂੰ ਯਕੀਨ ਹੈ ਕਿ ਪੰਜਾਬੀ ਪਾਠਕ ਇਸ ਪੁਸਤਕ ਦਾ ਸੁਆਗਤ ਕਰਨਗੇ।

ਲਾਲ ਸਿੰਘ

ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ।

## ਪ੍ਰਸਤਾਵਨਾ

'ਮਰਾਠੀ ਅਤੇ ਉਸਦਾ ਸਾਹਿਤ' ਨਾਂ ਦੀ ਕਿਤਾਬ ਤੁਹਾਡੇ ਸਾਹਮਣੇ ਹੈ। ਕੋਈ ਦੋ ਸਾਲ ਪਹਿਲਾਂ ਇਹ ਤਹਿ ਹੋਇਆ ਸੀ ਕਿ ਮਰਾਠੀ ਵਾਲੀ ਕਿਤਾਬ ਮੈਂ ਲਿਖਾਂ। ਦਿੱਲੀ ਵਿਚ ਓਦੋਂ ਮੈਂ ਰੇਡੀਓ ਵਿਚ ਸਾਂ। ਸਮਾਂ ਅਤੇ ਸਾਧਨ ਨਹੀਂ ਸਨ ਕਿ ਮਰਾਠੀ ਜਿਹੇ ਅਮੀਰ ਸਾਹਿਤ ਦੀਆਂ ਗੱਲਾਂ ਨੂੰ ਇਕ ਛੋਟੀ ਜਿਹੀ ਕਿਤਾਬ ਵਿਚ ਪੇਸ਼ ਕਰਨ ਵਾਲੀ ਮਸਾਲਾ ਇਕੱਠਾ ਕਰ ਸਕਦਾ। ਇਸ ਦੌਰਾਨ ਇਕ ਸਾਲ ਮੈਂ ਨਾਗਪੁਰ ਰਿਹਾ ਅਤੇ ਇਸ ਕਿਤਾਬ ਦਾ ਖਰੜਾ ਦੂਜੀ ਵਾਰ ਪੂਰੀ ਤਰ੍ਹਾਂ ਵੇਖਣ ਅਤੇ ਸੁਧਾਰਣ ਦਾ ਸਮਾਂ ਮੈਨੂੰ ਨਹੀਂ ਮਿਲ ਸਕਿਆ।

ਹੱਥਲੀ ਕਿਤਾਬ ਦੀਆਂ ਕਮਜ਼ੋਰੀਆ ਦੋਸਾਂ ਅਤੇ ਭੁੱਲਾਂ ਦਾ ਮੈਨੂੰ ਪਤਾ ਹੈ। ਕਿਤੇ ਬੇਧਿਆਨੇ ਦੁਹਰਾਓ ਹੋਇਆ ਹੈ, ਨਾਂ ਗਲਤ ਛੱਪ ਗਏ ਹਨ, ਕਿਤੇ ਸਿਲਸਿਲਾ ਥੋੜ੍ਹਾ ਏਧਰ ਉਧਰ ਹੋਇਆ ਹੈ। ਸੰਭਵ ਹੈ ਆਧੁਨਿਕ ਸਮੇਂ ਦੇ ਕੁਝ ਮਹੱਤਵ ਪੂਰਣ ਲੇਖਕਾਂ ਦੇ ਨਾਂ ਵੀ ਰਹਿ ਗਏ ਹੋਣ। ਪਰੰਤੂ ਇਸ ਦਾ ਕੁਝ ਕਾਰਣ ਤਾਂ ਕਿਤਾਬ ਦੇ ਛੋਟੇ ਦਾਇਰੇ ਦੀ ਸੀਮਾ ਹੈ ਅਤੇ ਬਹੁਤਾ ਕਾਰਣ ਮੇਰੀ ਘੱਟ ਜਾਣਕਾਰੀ ਹੈ। ਮੈਨੇ ਜਿੱਥੋਂ ਤਕ ਸੰਭਵ ਹੋ ਸਕਿਆ ਹੈ ਮਰਾਠੀ ਸਾਹਿਤ ਦੇ ਇਤਹਾਸਕਾਰਾ (ਜਿਵੇਂ ਭਾਵੇ, ਪਾਂਗਾਰਕਾਰ, ਸਰਵਟੇ, ਦਾਂਡੇਕਰ, ਦੇਸ-ਪਾਡੇ, ਖ਼ਾਜਲਕੋਰ ਆਦਿ) ਦੇ ਗ੍ਰੰਥਾ ਨੂੰ ਉਲਟਿਆ ਪਲਟਿਆ ਹੈ ਅਤੇ ਉਨ੍ਹਾਂ ਵਿਚੋਂ ਮਸਾਲਾ ਲੈਣ ਦੀ ਕੋਸਿਸ ਕੀਤੀ ਹੈ। ਭਾਸਾ ਵਾਲੇ ਅੰਸ਼ ਵਿਚ ਸ੍ਰੀ ਨਿਰੰਤਰ ਦੀ ਕਿਤਾਬ ਵਿਚੋਂ, 'ਮਹਾਰਾਸਟਰ ਸਬਦ ਕੋਸਾ ਦੀ ਭੂਮਿਕਾ ਵਿਚੋਂ', ਸ੍ਰੀ ਨਿਰੰਤਰ ਦੀ ਕਿਤਾਬ ਵਿਚੋਂ, 'ਮਹਾਰਾਸ਼ਟਰ ਸਬਦ ਕੋਸ' ਦੀ ਭੂਮਿਕਾ ਵਿਚੋਂ', ਸ੍ਰੀ ਕਿ: ਪਾ: ਕੁਲਕਰਣੀ ਦੇ 'ਵਿਉਤਪੱਤੀ ਕੋਸ਼' ਦੀ ਭੂਮਿਕਾ ਵਿਚੋਂ ਕਾਫ਼ੀ ਮਦਦ ਲਈ ਹੈ। ਸੰਤ ਕਾਲ ਵਿਚ ਸਰਵ ਸ੍ਰੀ ਭਾਵੇ, ਪਾਰਟਸਕਰ, ਸਰਦਾਰ ਫਾਟਕ, ਕੋਲਤੇ ਆਜਗਾਨਕਰ ਮੇਰੇ ਰਹਿਬਰ ਰਹੇ ਹਨ। ਆਧੁਨਿਕ ਕਾਲ ਵਿਚ ਤਾਂ ਪਤਾ ਨਹੀਂ ਕਿੰਨੇ ਗਰੰਥ ਮੇਰੇ ਸਹਾਇਕ ਰਹੇ ਹਨ। ਉਨ੍ਹਾਂ ਸਭਨਾਂ ਪ੍ਰਤੀ ਮੈਂ ਧੰਨਵਾਦ ਪ੍ਰਗਟ ਕਰਦਾ ਹਾਂ।

ਉਸੇ ਇਕ ਇਕ ਮਰਾਠੀ ਭਾਸ਼ਾ ਬੋਲਣ ਵਾਲੇ ਦੀ ਹਿੰਦੀ ਵਿਚ ਸਿਧੀ ਲਿਖੀ ਹੋਈ ਕਿਤਾਬ ਹੈ। ਅਤੇ ਇਸਦਾ ਉਦੇਸ਼ ਆਪਣੀਆਂ ਸੀਮਾਵਾਂ ਵਿਚ ਮਰਾਠੀ ਦੀ ਜਾਣਕਾਰੀ ਹਿੰਦੀ ਵਾਲਿਆਂ ਨੂੰ ਕਰਾਉਣਾ ਹੈ। ਆਸ਼ਾ ਹੈ ਕਿ ਥੋੜ੍ਹਾ ਜਿਹਾ ਵੀ ਜੇ ਇਹ ਆਪਣੇ ਉਦੇਸ਼

ਵਿਚ ਸਫਲ ਹੋਈ ਤਾਂ ਮੈਂ ਧੰਨਵਾਦੀ ਹੋਵਾਂਗਾ । ਇਸ ਕਿਤਾਬ ਨੂੰ ਪੜ੍ਹ ਕੇ ਹਿਦੀ ਭਾਸੀਆਂ ਵਿਚ ਮਰਾਠੀ ਸਾਹਿਤ ਬਾਰੇ ਹੋਰ ਜਾਣਨ ਦੀ ਇੱਛਾ ਵਧੇ ਉਹ ਹਿੰਦੀ ਤੋਂ ਇਲਾਵਾ ਹੋਰ ਵੀ ਭਾਸ਼ਾਵਾਂ ਇਕ ਤੋਂ ਪਿੱਛੋਂ ਦੂਸਰੀ ਸਿੱਖਣ । ਹਿੰਦੀ ਬੋਲਦੇ ਪ੍ਰਦੇਸ਼ ਵਿਚ ਛੇਤੀ ਹੀ ਹੋਰ ਭਾਸ਼ਾਵਾਂ ਨੂੰ ਹਿੰਦੀ ਮਾਧਿਅਮ ਰਾਹੀਂ ਸਿਖਾਉਣ ਦਾ ਪ੍ਰਬੰਧ ਹੋਵੇ, ਇਹੋ ਇੱਛਾ ਹੈ । ਜਾਣਕਾਰਾਂ ਅੱਗੇ ਪ੍ਰਾਰਥਨਾ ਕਰਨੀ ਚਾਹੁੰਦਾ ਹਾਂ ਕਿ ਕਿਤਾਬ ਦੀਆ ਗਲਤੀਆਂ ਤੋਂ ਮੈਨੂੰ ਜਾਣੂ ਕਰਾਉਣ ਜਿਸ ਨਾਲ ਅਗਲੀ ਐਡੀਸਨ ਵਿਚ ਉਨ੍ਹਾ ਨੂੰ ਸੁਧਾਰਿਆ ਜਾ ਸਕੇ ।

ਮੈਂ ਭਾਈ ਖਸ਼ੇਮ ਚੰਦਰ ਸੁਮਨ ਦਾ ਵੀ ਧੰਨਵਾਦ ਕਰਦਾ ਹਾ ਕਿ ਉਨ੍ਹਾ ਦੇ ਬਾਰ ਬਾਰ ਜ਼ੋਰ ਦੇਣ ਤੇ ਕਿਤਾਬ ਅੱਜ ਇਸ ਸਕਲ ਵਿਚ, ਜਿਹੋ ਜਿਹੀ ਵੀ ਹੈ, ਆਪਦੇ ਸਾਹਮਣੇ ਆ ਸਕੀ ਹੈ । ਵਰਨਾ ਮੈਂ ਆਲਸੀ ਅਤੇ ਗੱਲ ਨੂੰ ਲੰਮੀਂ ਪਾ ਦੇਣ ਵਾਲਾ ਪ੍ਰਾਣੀ ਹਾਂ । ਭੁੱਲਾਂ ਲਈ ਦੁਬਾਰਾ ਮੁਆਫ਼ੀ ਦੀ ਮੰਗ ਕਰਦਾ ਹਾ । ਸਾਡੇ ਦੇਸ ਵਿਚ ਇਕ ਲਵਣੀਕਾਰ ਪ੍ਰਭਾਕਰ ਨਾਂ ਦਾ ਕਵੀ ਹੋ ਗੁਜ਼ਰਿਆ ਹੈ । ਉਸਦੀ ਭਾਸਾ ਬਾਰੇ ਕਿਹਾ ਗਿਆ ਸੀ । **'ਪ੍ਰਭਾਕਰਾਚੀ ਜਡਨ-ਘਡਣ-ਖਡ-ਬਤੀਤ ਮਹਣਾਯਾਲਾ** (ਪ੍ਰਭਾਕਰ ਦੀ ਰਚਨਾ ਉਬੜ ਖਾਬੜ ਹੈ ।) ਮੈਂ ਉਸੇ ਦਾ ਪੈਰੋਕਾਰ ਹਾਂ ।

ਨਵੀਂ ਦਿੱਲੀ

ਪ੍ਰਭਾਕਰ ਮਾਚਵੇ

# ਤਤਕਰਾ


| ਅੰਕ ਨੰ: | ਵਿਸ਼ੇ-ਸੂਚੀ | ਪੰਨਾ |
|---|---|---|
| 1. | ਮਹਾਰਾਸ਼ਟਰ ਦੇਸ਼ ਅਤੇ ਸੰਸਕ੍ਰਿਤੀ | 1 |
| 2. | ਨਿਕਾਸ ਤੇ ਵਿਕਾਸ | 5 |
| 3. | ਪ੍ਰਮੁਖ ਸੰਤ ਕਵੀ | 18 |
| 4. | ਮਧ ਕਾਲੀਨ ਸਾਹਿਤ | 32 |
| 5. | ਕਾਵਿ ਉੱਨਤੀ ਦੇ ਤਿੰਨ ਯੁੱਗ | 38 |
| 6. | ਪੰਜ ਅਧੁਨਿਕ ਕਵੀ | 48 |
| 7. | ਆਧੁਨਿਕ ਸਾਹਿਤ—ਵਿਕਾਸ ਰੇਖਾ | 58 |
| 8. | ਮਰਾਠੀ ਵਾਰਤਕ ਦਾ ਵਿਕਾਸ | 63 |
| 9. | ਕੁਛ ਪ੍ਰਮੁਖ ਗਦਕਾਰ | 65 |
| 10. | ਨਾਵਲ ਅਤੇ ਕਹਾਣੀ | 73 |
| 11. | ਮਰਾਠੀ ਦੇ ਪ੍ਰਮੁਖ ਹਾਸ ਕਾਰੀਗਰ | 92 |
| 12. | ਕਸ਼ ਸਾਹਿਤ | 99 |
| 13. | ਹਿੰਦੀ ਅਤੇ ਮਰਾਠੀ | 104 |

# ਮਹਾਂਰਾਸ਼ਟਰ ਦੇਸ਼ ਅਤੇ ਸੰਸਕ੍ਰਿਤੀ

ਰਾਮਾਇਣ ਜਾਂ ਮਹਾਂਭਾਰਤ ਵਿਚ ਮਹਾਰਾਸ਼ਟਰ ਦਾ ਜ਼ਿਕਰ ਨਹੀਂ ਹੈ। ਅਸ਼ੋਕ ਦੇ ਸ਼ਿਲਾ ਸਾਸਨਾਂ ਵਿਚ, ਜੋ ਕਾਠੀਆਵਾੜ ਦੇ ਕਿਰਨਾਰ ਵਿਚ, ਪੂਰਵ ਸਮੁੰਦਰ ਕਿਨਾਰੇ ਪਰ ਕਟਕ ਪ੍ਰਾਂਤ ਦੇ ਧੌਲੀ ਵਿਚ, ਗੰਜਾਮ ਪ੍ਰਾਂਤ ਦੇ ਜੌਗੜ ਵਿਚ, ਹਿਮਾਚਲ ਦੇ ਖਲਸੀ ਵਿਚ, ਅਫ਼ਗਾਨਿਸਤਾਨ ਦੇ ਸਾਹਬਾਜ ਪਰਬਤ ਵਿਚ ਮਿਲੇ ਹਨ, **'ਰਾਸ਼ਟਿਕਾ' ਪੇਟੇਨਿਕਾ, ਅਪਰਾਤਾਂ'** ਵਿਚ ਧਰਮ ਉਪਦੇਸਕ ਭੇਜੇ ਜਾਣ ਦਾ ਵਰਨਣ ਆਉਂਦਾ ਹੈ । ਅਪਰਾਂਤ ਉੱਤਰ ਕੌਂਕਣ ਪ੍ਰਦੇਸ ਸੀ। ਸੂਰਪਰਕ ਉਸ ਦੀ ਰਾਜਧਾਨੀ ਸੀ। ਗੁਦਾਵਰੀ ਨਦੀ ਦੇ ਆਸ ਪਾਸ ਦਾ ਪ੍ਰਤਿਸਾਠਾਨ ਜਾ ਪੈਠਣ ਪੇਟੇਨਿਕ ਸੀ । 'ਪੇਰੀਪਲੁਸ' ਨਾਂ ਦੇ ਯੂਨਾਨੀ ਗਰੰਥ ਦਾ ਕਰਤਾ ਟਾਲੇਮੀ ਏਸੇ ਦੇਸ਼ ਨੂੰ 'ਬੈਠਣ' ਕਹਿੰਦਾ ਹੈ । 'ਰਾਸ਼ਟਿਕ' ਸ਼ਾਇਦ ਮਹਾਰਾਸਟਰ ਹੋਵੇਗਾ ਕਿਉਂਕਿ 'ਰੱਟਾ' ਦਾ ਅਰਥ ਹੈ 'ਰੱਟ' ਜ਼ਾਤ ਦੇ ਲੋਕੀ ਉਨ੍ਹਾਂ ਦੇ ਹੱਥਾਂ ਵਿਚ ਦੱਖਣ ਦੀ ਪ੍ਰਭੂ-ਸੱਤਾ ਬਹੁਤ ਸਮੇਂ ਤਕ ਸੀ । ਇਸੇ ਜਾਤੀ ਦੀ ਇਕ ਸ਼ਾਖਾ ਨੇ ਰਾਸਟਰਕੂਟ ਨਾ ਧਾਰਨ ਕੀਤਾ। ਬੇਲਗਾਂਵ ਜ਼ਿਲ੍ਹੇ ਦੇ ਸੁਗੰਧਵਰਤੀ (ਸੌਂਦੱਤੀ) ਵਿਚ ਰੱਟ ਉਪਨਾਮ ਦੇ ਰਜਵਾੜਿਆ ਦਾ ਰਾਜ ਸੀ। ਅਸ਼ੋਕ ਦੇ ਤੇਰ੍ਹਵੇਂ ਸ਼ਿਲਾਨੁਸ਼ਾਸਨ ਵਿਚ 'ਪੇਟੇਨਿਕ' ਦੇ ਨਾਲ 'ਰਾਸਟਿਕ' ਦਾ ਨਾਮ ਨਹੀਂ ਹੈ। ਉਸਦੇ ਬਦਲੇ ਭੋਜ ਦਾ ਨਾਮ ਹੈ। ਕੁਲਾਬਾ ਜ਼ਿਲ੍ਹੇ ਵਿਚ 'ਕੁੜੇ' ਪਿੰਡ ਵਿਚ ਇਕ ਗੁਹਾ ਵਿਚ ਸ਼ਿਲਾ ਲੇਖ ਮਿਲੇ ਹਨ। ਜਿਨ੍ਹਾਂ ਵਿਚ 'ਮਹਾਭੋਜ' ਨਾਮ ਅਨੇਕ ਵਾਰ ਆਉਂਦਾ ਹੈ। ਜਿਵੇਂ ਭੋਜ ਆਪਣੇ ਆਪ ਨੂੰ ਮਹਾਭੋਜ ਅਖਵਾਉਣ ਲੱਗੇ ਉਸੇ ਤਰ੍ਹਾਂ ਦੇ 'ਰਾਸ਼ਟਿਕ' (ਰੱਟੀ ਰੱਠੀ, ਅਥਵਾ ਰੱਟ) ਆਪਣੇ ਆਪ ਨੂੰ ਮਹਾਂਰਾਣੀ ਜਾਂ ਮਹਾਂਰੱਟ ਅਖਵਾਉਣ ਲੱਗੇ । ਜਿਸ ਦੇਸ਼ ਵਿਚ ਉਹ ਰਹਿੰਦੇ ਸਨ ਉਸਨੂੰ ਮਹਾਂਰਾਸ਼ਟਰ ਮੰਨਣ ਲੱਗੇ ।

'ਮਹਾਂਵੰਸੋ' ਨਾਮਕ ਸਿੰਹਣੀ ਲੋਕਾਂ ਦੀ ਕਹਾਣੀ ਹੈ, ਸੋ ਈਸਾ ਦੀ ਪੰਜਵੀਂ ਸਦੀ ਵਿਚ ਰਚੀ ਗਈ ਮੰਨੀ ਜਾਂਦੀ ਹੈ। ਉਸ ਨਾਲ ਪਰਾਚੀਨ, 'ਦੀਪਵੰਸੋ' ਨਾਂ ਵੈਸੇ ਹੀ ਗ੍ਰੰਥ ਵਿਚ ਮੋਗਲਲਿਪੁਤ [illegible] ਪ੍ਰਚਾਰਕ ਨੇ ਮਹਾਂਰੱਟ, ਅਪਰਾਂਤਕ ਅਤੇ ਬਨਵਾਸੀ ਇਨ੍ਹਾਂ ਤਿੰਨ

ਦੇਸ਼ਾਂ ਵਿਚ ਧਰਮ ਪ੍ਰਚਾਰਕ ਭੇਜੇ ਸਨ, ਅਜਿਹਾ ਜ਼ਿਕਰ ਹੈ। 'ਦੀਪਵੰਸੋ' ਵਨਵਾਸੀ ਨਹੀਂ ਹਨ। ਭਾਜੇ, ਬੇੜਸੇ ਅਤੇ ਕਾਰਲੇ ਦੀਆਂ ਗੁਫਾਵਾਂ ਵਿਚ ਕੁਝ ਸ਼ਿਲਾ ਲੇਖਾਂ ਵਿਚ ਸ਼ਿਲਪ ਉੱਨਤੀ ਕਰਨ ਵਾਲੇ ਮਨੁੱਖਾਂ ਨੂੰ 'ਮਹਾਂਰਠੀ ਅਤੇ ਇਸਤਰੀਆਂ ਨੂੰ ਮਹਾਰਠਿਨੀ ਕਿਹਾ ਗਿਆ ਹੈ। ਇਹ ਈਸਾ ਦੀ ਦੂਸਰੀ ਸਦੀ ਦਾ ਜ਼ਿਕਰ ਹੈ। ਏਥੇ 'ਮਹਾਂਰਾਠੀ' ਸ਼ਬਦ ਨੂੰ ਵੱਡੇ ਲੜਾਕੂ ਦੇ ਅਰਥ ਵਿਚ ਲਿਆ ਗਿਆ ਹੈ।

ਜੋ ਪ੍ਰਾਚੀਨ 'ਪ੍ਰਾਕਿਰਤ ਭਾਸ਼ਾਵਾਂ ਹਨ ਉਨ੍ਹਾਂ ਵਿਚ ਮਹਾਂਰਾਸ਼ਟਰੀ ਪ੍ਰਮੁੱਖ ਹੈ। ਮਾਰਕੰਡੇ ਦੇ ਪ੍ਰਾਕਿਰਤ ਸਰਵੱਸਯ' ਵਿਚ ਵੀਹ ਅਪਭ੍ਰੰਸ਼ਾਂ ਦੀ ਜੋ ਸੂਚੀ ਹੈ ਉਸ ਵਿਚ ਮਹਾਂਰਾਸ਼ਟਰੀ ਨਹੀਂ ਹੈ। ਪਰੰਤੂ ਉਹ ਕਹਿੰਦਾ ਹੈ—"ਨਾਗਰ **ਨਾਗਰੰ ਤੁ ਮਹਾਂਰਾਸ਼ਟਰੀ, ਸ਼ੌਰਸੇਨਯੋ ਪ੍ਰਤਿਸ਼ਠਿਤਮ॥**

ਇਸ ਮਹਾਂਰਾਸ਼ਟਰੀ ਵਿਚ 'ਸੇਤੂਬੰਧ' ਨਾਂ ਦਾ ਕਾਵਿ ਸੀ ਅਤੇ ਉਹ ਕਾਲੀਦਾਸ ਦਾ ਰਚਿਆ ਸੀ, ਅਜਿਹਾ ਕਿਹਾ ਗਿਆ ਹੈ। ਦੰਡੀ ਨੇ ਆਪਣੇ ਗ੍ਰੰਥ ਵਿਚ ਉਸ ਗ੍ਰੰਥ ਦਾ ਵਰਨਣ ਕੀਤਾ ਹੈ। ਇਨ੍ਹਾਂ ਤੋਂ ਇਲਾਵਾ ਸਾਲੀਵਾਹਨ ਰਚਿਤ 'ਸ਼੍ਰਿੰਗਾਰਪਰਕ ਪਦ' ਮਹਾਂਰਾਸ਼ਟਰੀ ਵਿਚ ਹਨ, ਅਜਿਹਾ ਵੀ ਕਿਹਾ ਜਾਂਦਾ ਹੈ। ਸੰਸਕ੍ਰਿਤ ਨਾਟਕਾਂ ਵਿਚ ਮਹਾਂਰਾਸ਼ਟਰੀ ਇਸਤਰੀ ਪਾਤਰਾਂ ਦੇ ਮੂੰਹੋਂ ਅਖਵਾਈ ਜਾਂਦੀ ਹੈ। ਉਸ ਭਾਸ਼ਾ ਦਾ ਵਿਆਕਰਨ ਵਰਰੁੱਚੀ ਦੇ 'ਪ੍ਰਾਕ੍ਰਿਤ ਪ੍ਰਕਾਸ' ਵਿਚ ਮਿਲਦਾ ਹੈ। ਵਰਾਹਮਿਹਿਰ ਛੇਵੀਂ ਸਦੀ ਦੇ ਅਰੰਭ ਵਿਚ ਹੋਇਆ, ਉਸਨੇ ਮਹਾਂਰਾਸ਼ਟਰ ਦਾ ਜ਼ਿਕਰ ਕੀਤਾ ਹੈ। ਐਹੋਲੀ ਦੀ ਗੁਫ਼ਾ ਵਿਚ ਮਹਾਂਰਾਸ਼ਟਰ ਵਿਚ ਤਿੰਨ ਦੇਸ਼ ਅਤੇ 99 ਹਜ਼ਾਰ ਪਿੰਡ ਸਨ, ਅਜਿਹਾ ਵਰਨਣ ਹੈ। ਚੀਨੀ ਯਾਤਰੀ 'ਯੁਆਨ ਚੁਆਂਗ' ਈਸਾ ਦੀ ਸਤਾਰ੍ਹਵੀਂ ਸਦੀ ਵਿਚ ਆਇਆ ਸੀ। ਉਹ ਚਾਲੁਕਯ ਖ਼ਾਨਦਾਨ ਦੇ ਪ੍ਰਦੇਸ਼ ਨੂੰ 'ਮੋਹੋਲੋਚ ਕਹਿੰਦਾ ਹੈ। ਇਸਦਾ ਘੇਰਾ ਇਕ ਹਜ਼ਾਰ ਮੀਲ ਸੀ ਅਤੇ ਰਾਜਧਾਨੀ ਭੜੋਚ ਤੋਂ 167 ਮੀਲ ਦੂਰ ਸੀ।

ਪਹਿਲੇ ਵਿਧਰਵ ਦੇਸ਼ ਨੂੰ ਹੀ ਮਹਾਂਰਾਸ਼ਟਰ ਸ਼ਬਦ ਨਾਲ ਸੰਬੋਧਤ ਕਰਦੇ ਸਨ। ਰਾਜਖੇਸਰ ਦੀ 'ਬਾਲ ਰਾਮਾਇਣ' ਵਿਚ ਵਿਧਰਵ ਅਤੇ ਮਹਾਂਰਾਸ਼ਟਰ ਨਾਮ ਇਕ ਹੀ ਦੇਸ਼ ਲਈ ਵਰਤਿਆ ਗਿਆ ਹੈ (10—74): **'ਅਨਰਘਰਾਘਵ' ਵਿਚ ਵੀ 'ਇਦਮਰਕੇ ਮਹਾਂਰਾਸ਼ਟਰ ਮੰਡਲੈਕਮੰਡਨੰ ਕਡਿੰਨ ਨਗਰਮ'** ਅਜਿਹਾ ਕੁੰਡਨਪੁਰ ਦਾ ਵਰਨਣ ਹੈ।

ਇਹ ਸਭ ਪ੍ਰਾਚੀਨ ਵਰਨਣ ਹੁੰਦੇ ਹੋਏ ਵੀ 'ਮਹਾਂਰਾਸ਼ਟਰ' ਨਾਮ ਮਰਾਠਿਆਂ ਦੇ ਪਿੱਛੋਂ ਹੀ ਪ੍ਰਚੱਲਤ ਹੋਇਆ। 'ਰੱਟ' ਅਤੇ 'ਮਹਾਂਰੱਟ' ਕਿਸੇ ਮਰਾਠਾ ਜਾਤੀ ਦਾ ਪੁਰਾਣਾ ਨਾਮ ਰਿਹਾ ਹੋਵੇਗਾ। ਪਰੰਤੂ ਡਾ: ਅੰਬੇਦਕਰ ਅਨੁਸਾਰ 'ਮਹਾਰ' ਜਿੱਥੇ ਜਿੱਥੇ ਰਹਿੰਦਾ ਹੈ ਉਹ ਮਹਾਂਰਾਸ਼ਟਰ ਹੈ। ਅਨੁਸ਼੍ਰੁਤੀ ਇਹ ਵੀ ਹੈ ਕਿ 'ਮਰ ਕੇ ਹਟਾ' ਸ਼ਬਦ ਤੋਂ ਮਰਾਠਾ ਸ਼ਬਦ ਦੀ ਉਤਪਤੀ ਹੋਈ ਹੈ। ਪਹਿਲਾ ਮਹਾਂਰਾਸ਼ਟਰ ਵਿਚ ਅਸ਼ੋਕ ਦਾ ਰਾਜ ਸੀ। ਮਗਰੋਂ ਆਂਧਰ-ਭ੍ਰਿਤਯ ਜਾਂ ਸ਼ਾਲੀਵਾਹਨ ਰਾਜ ਕਰਦੇ ਰਹੇ। ਸ਼ਾਲੀਵਾਹਨ ਘਰਾਨਾ ਲੱਗ-ਪੱਗ ਤਿੰਨ ਸੌ ਸਾਲਾਂ ਤਕ ਤਾਕਤ ਵਿਚ ਰਿਹਾ ਫਿਰ ਦੀ ਈਸਵੀ ਸਨ ਦੇ ਅਰੰਭ ਵਿਚ ਤਕਰੀਬਨ 50 ਸਾਲਾਂ ਤਕ ਸੱਕਾਂ ਦਾ ਸਾਮਰਾਜ ਸੀ। ਸ਼ਾਲੀਵਾਹਨ ਦੇ ਸਮੇਂ ਮਹਾਂਰਾਸ਼ਟਰ ਵਿਚ ਬੁੱਧ

ਸੰਪਰਦਾਯ ਜ਼ੋਰਾਂ ਨਾਲ ਫੈਲਿਆ । ਛੇਵੀਂ ਸਦੀ ਵਿਚ ਚਾਲੂਕਯ ਉੱਤਰ ਵੱਲੋਂ ਆਏ ਅਤੇ ਉਨ੍ਹਾਂ ਨੇ ਮਹਾਰਾਸ਼ਟਰ ਤੇ ਜਿਤ ਪ੍ਰਾਪਤ ਕੀਤੀ ਉਸ ਤੋਂ ਪਿੱਛੋਂ ਦਾ ਰਾਜਵੰਸਾਂ ਦਾ ਇਤਹਾਸ ਇਸ ਤਰ੍ਹਾਂ ਹੈ :—

ਪੂਰਵਚਾਲੂਕਯ (ਈਸਵੀ 550—753)
ਰਾਸਟਰਕੂਟ (ਈਸਵੀ 753—973)
ਉੱਤਰ ਚਾਲੂਕਾਯ (ਈਸਵੀ 973—1179)
ਯਾਦਵਵੰਸ (ਈਸਵੀ 1179—1318)

ਅਲਾਉਦੀਨ ਨੇ ਆ ਕੇ ਯਾਦਵਾਂ ਦਾ 'ਰਾਜ ਖਾਲਸਾ ਕੀਤਾ । 1347 ਤਕ ਸੁਲਤਾਨਾ ਦਾ ਰਾਜ ਸੀ । ਪਿੱਛੋਂ ਬਹਮਨੀ ਤਾਜ ਦੀ ਸਥਾਪਨਾ ਹੋਈ । ਪੰਦਰਵੀਂ ਸਦੀ ਦੇ ਅੰਤ ਵਿਚ ਬਹਮਨੀ ਰਾਜ ਦੇ ਪੰਜ ਟੁੱਕੜੇ ਹੋ ਗਏ । ਮਗਰੋਂ ਮੁਗਲਾ ਦੀ ਹਕੂਮਤ ਰਹੀ। ਮਰਹਟਿਆ ਪੇਸਵਾਵਾ ਅਤੇ ਅੰਗਰੇਜ਼ਾਂ ਦਾ ਰਾਜ ਤਾ ਸਭ ਜਾਣਦੇ ਹੀ ਹਨ ।

ਇਤਹਾਸ ਸੰਸੋਧਕ ਰਾਜਵਾਡੇ ਨੇ ਆਪਣੇ 'ਮਹਾਰਾਸਟਰਾਚਾ ਵਸਾਹਤ ਕਾਲ' ਲੇਖ ਵਿਚ ਅਤੇ 'ਰਾਧਾ ਮਾਧਵ—ਵਿਲਾਸ ਚੰਪੂ' ਦੀ ਭੂਮਿਕਾ ਵਿਚ ਮਹਾਰਾਸਟਰੀਆ ਦੀ ਪ੍ਰਾਚੀਨ ਸੰਸਕ੍ਰਿਤੀ ਬਾਰੇ ਇਕ ਉੱਤਪੱਤੀ ਦਿੱਤੀ ਹੈ। ਮਗਧ ਦੇਸ ਦੇ ਰਾਜਾ ਦੇ ਭਵਨ ਮਹਾਂਰਾਸਟਰੀਨ ਬੁਧਕ੍ਰਾਤੀ ਤੋਂ ਘਬਰਾ ਕੇ ਈਸਾ ਪੂਹਵ ਪੰਜਵੀਂ ਸਦੀ ਵਿਚ ਦੱਖਣ ਵੱਲ ਚਲੇ ਗਏ । ਅਸੋਕ ਦੇ ਸਿਲਾਲੇਖਾਂ ਵਿਚ ਵਰਣਤ 'ਰਾਸਟਰਿਕ' ਹੋਰ ਸਨ । ਮਹਾਂਰਾਸ਼ਟਰੀਅਨਾ ਨੇ ਆਪਣੇ ਵਿਚ ਵੈਰਾਸਟਰੀਅਨ, ਰਾਸਟਰੀਆਨਾ ਨੂੰ ਸਮਾ ਲਿਆ ਅਤੇ ਤ੍ਰਿਮਹਾਰਸਟਰੀਅਨ ਬਣਿਆ । ਦੱਖਣ ਵਿਚ 6 ਸੋ ਸਾਲਾ ਤਕ ਰਹੇ । ਇਨ੍ਹਾ ਵਿਚ ਸਾਮਰਾਜ ਚਲਾਉਣ ਵਿਦਿਆ ਜਾ ਉੱਚ ਕਾਲਾਵਾ ਦਾ ਗਿਆਨ ਨਹੀਂ ਸੀ। ਇਨ੍ਹਾ ਮਹਾਰਾਸ਼ਟਰੀਆਨਾ ਦਾ ਨਾਗਿਆ ਵਿਚ ਮਿਲਤ ਹੋ ਕੇ ਚੋਥੀ ਸਦੀ ਵਿਚ ਨਵਾ ਰਾਸ਼ਟਰ ਬਣਿਆ । ਨਾਗ ਮਹਾਂਰਾਸ਼ਟਰੀਅਨ ਤੋਂ ਪੈਦਾ ਹੋਏ ਮਰਾਠੇ ਲੋਕਾਂ ਦੀ ਸੰਸਕ੍ਰਿਤੀ ਤੇ ਵੈਦਿਕ ਧਰਮ, ਉਪਾਸਨਾ ਮਾਰਕਵਨ ਦੇਵਤਾ ਪੂਜਾ, ਸਰਪ ਪੂਜਾ ਅਤੇ ਬੁਧ ਧਰਮ ਇਨ੍ਹਾਂ ਪੰਜਾਂ ਪੰਥਾਂ ਦੀ ਛਾਇਆ ਸੀ ।

ਮਾਰਾਠਾ ਸਾਮਰਾਜ ਦੀ, 1640 ਈਸਵੀ ਤਕ ਮੁਸਲਮਾਨਾਂ ਦੇ ਕਬਜ਼ੇ ਵਿਚ ਰਹਿ ਕੇ ਮਾਨ ਸੰਮਾਨ ਪ੍ਰਾਪਤ ਕਰਨ ਦੀ ਨੀਤੀ ਸੀ । ਸਿਵਾ ਜੀ ਦੇ ਸਮੇਂ ਮਹਾਰਾਸ਼ਟਰ ਵਿਚ ਕੁੱਝ ਸਾਮਰਾਜ ਸਥਾਪਤ ਕਰਨ ਦੀ ਭਾਵਨਾ ਜਾਗੀ । ਸਿਵਾ ਜੀ ਤੋਂ ਮਗਰੋਂ ਸਾਹੂ ਮਹਾਰਾਜ ਤੋਂ ਸਵਾਈ ਮਾਧਵ ਰਾਵ ਤਕ ਹਿੰਦੂ ਪਦ ਪਾਦਸ਼ਾਹੀ ਸਥਾਪਤ ਕਰਨ ਦੀ, ਸਵਰਾਜ ਰਖਿਆ ਅਤੇ ਸਾਮਰਾਜ ਵਿਸਥਾਰ ਦੀ ਭਾਵਨਾ ਕੰਮ ਕਰਦੀ ਰਹੀ । 1818 ਈਸਵੀ ਵਿਚ ਮਰਾਠਾ ਸਾਮਰਾਜ ਅਨੇਕ ਕਾਰਣਾਂ ਕਰ ਕੇ ਨੱਸ਼ਟ ਹੋਇਆ ਅਤੇ ਅੰਗਰੇਜ਼ਾਂ ਦੇ ਰਾਜ ਸਮੇਂ ਮਰਾਠਾ ਰਿਆਸਤਾਂ ਅੰਗਰੇਜ਼ਾਂ ਦੇ ਅਧੀਨ ਰਹਿ ਕੇ ਵੱਡੀਆਂ ਜਗੀਰਾਂ ਦੀ ਤਰ੍ਹਾਂ ਬਣ ਗਈਆਂ। ਸ਼ਿਵਾ ਜੀ ਦੀ ਮੌਤ ਦੇ ਸਮੇਂ ਮਹਾਂਰਾਸ਼ਟਰ ਦਾ ਰਾਜ ਵਿਸਥਾਰ ਲਗ-ਪੱਗ ਬਾਰਾਂ ਹਜ਼ਾਰ ਘਨ ਮੀਲ ਸੀ । ਇਸਦੀ ਆਮਦਨ ਡੇਢ ਤੋਂ ਪੌਣੇ ਦੋ ਕਰੋੜ ਰੁਪਏ ਸੀ । ਇਸ ਵਿਚ 267

ਕਿਲ੍ਹੇ ਵੀ ਸਨ । ਸ਼ਿਵਾ ਜੀ ਦੇ ਮਗਰੋਂ ਜੋ ਸਾਮਰਾਜ ਵੱਧਦਾ ਗਿਆ ਤਾਂ 1803 ਈਸਵੀ ਵਿਚ ਸ਼ਿਵਾ ਜੀ ਦੀ ਜੱਦੀ ਜਾਗੀਰ ਤੋਂ 239 ਗੁਣਾ ਵੱਧਿਆ ਅਤੇ ਆਮਦਨੀ ਵੀ 54 ਹਜ਼ਾਰ ਗੁਣਾ ਵੱਧੀ । ਸਾਮਰਾਜ ਵਿਸਥਾਰ ਦੇ ਉਸ ਸਾਰੇ ਵਿਵਰਣ ਵਿਚ ਜਾਣ ਦੀ ਜ਼ਰੂਰਤ ਨਹੀਂ ਹੈ ।

ਮਹਾਂਰਾਸ਼ਟਰ ਭਾਸ਼ਾ ਬੋਲਣ ਵਾਲੀ ਜਨਤਾ ਮੇਹਨਤ, ਰੁੱਖੀ, ਬੁੱਧੀ ਪ੍ਰਧਾਨ, ਘੱਟ ਜਜ਼ਬਾਤੀ ਅਤੇ ਲਗਨ ਵਾਲੀ ਹੈ । ਉਹ ਜਿਸ ਕਿਸੇ ਕੰਮ ਨੂੰ ਫੜਦੇ ਹਨ ਉਸ ਵਿਚ ਪੂਰੇ ਜੀ ਜਾਨ ਨਾਲ ਜੁਟ ਜਾਂਦੇ ਹਨ । ਰਮਾਗਨੇਸ਼ ਗੁਣਕਾਰੀ ਉਰਫ਼ 'ਗੋਬਿੰਦਾਗ੍ਰਜ' ਕਵੀ ਨੇ ਮਹਾਂਰਾਸ਼ਟਰ ਬੰਦਨਾਂ ਵਿਚ ਇਸ ਦਾ ਵਰਨਣ ਕਰਦੇ ਹੋਏ ਕਿਹਾ ਹੈ ਕਿ "ਇਹ ਫੁੱਲਾਂ ਦਾ ਦੇਸ ਹੈ ਉਂਜ ਪੱਥਰਾਂ ਦਾ ਵੀ ਦੇਸ਼ ਹੈ । ਇਹ ਮਜ਼ਬੂਤ ਸਰੀਰ ਵਾਲੇ ਅਤੇ ਮੋਟਾ ਸੋਟਾ ਖਾਣ ਪਹਿਨਣ ਵਾਲੇ ਲੋਕਾਂ ਦਾ ਦੇਸ ਹੈ", ਇਹ ਗੱਲ ਬਹੁਤ ਹੱਦ ਤਕ ਠੀਕ ਹੈ ।

# ਨਿਕਾਸ ਤੇ ਵਿਕਾਸ

ਮਰਾਠੀ ਭਾਸਾ ਦੇ ਨਿਕਾਸ ਦੇ ਸਬੰਧ ਵਿਚ ਵਿਦਵਾਨ ਇਕ ਰਾਏ ਨਹੀਂ ਹਨ। ਸਵਰਗਵਾਸੀ ਚਿੰਤਮਣ ਵਿਨਾਇਕ ਵੈਦ ਅਨੁਸਾਰ ਮਰਾਠੀ ਭਾਸ਼ਾ ਦੀ ਕੁੱਲ-ਸੰਸਕ੍ਰਿਤ ਭਾਸ਼ਾ ਹੈ। ਮਰਾਠੀ ਦੀ ਜਨਨੀ ਮਹਾਂਰਾਸਟਰੀ ਪ੍ਰਾਕਿਰਤ ਹੈ, ਪਰਤੱਖ, ਮਨਕੱਤਵ ਮਹਾਂ-ਰਾਸਟਰ ਅਪਭ੍ਰੰਸ਼ ਨੂੰ ਦੇਣਾ ਚਾਹੀਦਾ ਹੈ। ਮਹਾਂਰਾਸਟਰੀ ਭਾਸ਼ਾ ਮਹਾਂਰਾਸ਼ਟਰ ਦੇਸ਼ ਦੇ ਅਪਭ੍ਰੰਸ਼ ਵਿਚੋਂ ਨਿਕਲੀ ਹੈ, ਅਜਿਹਾ ਸਟੇਨ ਕੋਨੋ ਨੇ ਸਿੱਧ ਕੀਤਾ ਹੈ। ਡਾਕਟਰ ਗ੍ਰਿਅਰਸਨ ਦੀ ਵੀ ਇਹੋ ਰਾਏ ਹੈ।

ਮਹਾਂਰਾਸਟਰ ਵਿਚ ਰਹਿਣ ਵਾਲੇ ਆਰੀਆ ਭੋਜ ਅਤੇ ਯਾਦਵ ਜਾਤੀ ਦੇ ਸਨ। ਸੋ ਉਨ੍ਹਾਂ ਦੀ ਭਾਸਾ ਸੋਰਸੇਨੀ ਨਾਲ ਲਗੀ ਹੋਈ ਸੀ। ਮਹਾਂਰਾਸ਼ਟਰੀ ਕੁਝ ਮਾਮਲਿਆਂ ਵਿਚ ਮਾਗਧੀ ਅਤੇ ਖ਼ਾਸ ਕਰ ਅਰਧ ਮਾਗਧੀ ਨਾਲ ਖ਼ਾਸ ਤੌਰ ਤੇ ਮਿਲੀ ਹੋਈ ਹੈ। ਇਸ ਦਾ ਕਾਰਨ ਪੂਰਵ ਵੱਲ ਉਨ੍ਹਾਂ ਦਾ ਮਹਾਂਰਾਸ਼ਟਰ ਨਾਲ ਸਬੰਧ ਸੀ। ਅਪਭ੍ਰੰਸ਼ ਦੀ ਉਤਪੱਤੀ ਈਸਾ ਦੀ ਪੰਜਵੀਂ ਛੇਵੀਂ ਸਦੀ ਤੋਂ ਹੋਈ। ਈਸਾ ਦੀ ਦਸਵੀਂ ਗਿਆਰ੍ਹਵੀਂ ਸਦੀ ਵਿਚ ਅਪਭ੍ਰੰਸ਼ ਨੂੰ ਅਜ ਦਾ ਰੂਪ ਮਿਲਿਆ। ਮਰਾਠੀ ਭਾਸ਼ਾ ਅਤੇ ਹੋਰ ਭਾਰਤੀ ਭਾਸ਼ਾਵਾਂ ਦੀ ਉਤਪੱਤੀ ਏਸੇ ਸਮੇਂ ਹੋਈ। ਮਾਗਧੀ ਤੋਂ ਬੰਗਾਲੀ, ਮਹਾਂਰਾਸ਼ਟਰੀ ਤੋਂ ਮਰਾਠੀ, ਪੈਸ਼ਾਚੀ ਤੋਂ ਪੰਜਾਬੀ, ਸ਼ੌਰਸੇਨੀ ਤੋਂ ਹਿੰਦੀ। ਚਿੰਤਾਮਣ ਵਿਨਾਯਕ ਵੈਦ ਅਨੁਸਾਰ 700 ਈਸਵੀ ਵਿਚ ਮਰਾਠੀ ਦਾ ਉਦੇ ਹੋਇਆ। ਡਾਕਟਰ ਪਾਂ: ਦਾ: ਗੁਣੇ ਅਨੁਸਾਰ ਗਿਆਰ੍ਹਵੀਂ ਸਦੀ ਵਿਚ ਇਹ ਭਾਸ਼ਾ ਸਥਿਰਕ੍ਰਿਤ ਹੋਈ। ਡਾ: ਤਾਗਰੇ ਅਨੁਸਾਰ ਵੱਖ ਵੱਖ ਸੂਬਾਈ ਅਪਭ੍ਰੰਸ਼ਾਂ ਨਾਲ ਮਹਾਂਰਾਸ਼ਟਰੀ ਦਾ ਸਬੰਧ ਜੋੜਨਾ ਫ਼ਜ਼ੂਲ ਹੈ। ਮਰਾਠੀ ਦਾ ਵਿਕਾਸ ਦੱਖਣ-ਪਦ ਦੇ ਪ੍ਰਾਕਿਰਤ ਸ਼ਿਲਾਲੇਖ, ਮਹਾਂਰਾਸ਼ਟਰ ਵਿਚ ਰਚੇ ਗਏ ਪ੍ਰਾਕਿਰਤ ਅਪਭ੍ਰੰਸ਼ ਅਤੇ ਜੈਨ ਸੰਸਕ੍ਰਿਤ ਦੇ 'ਅਸ਼ੁੱਧ' ਰੂਪਾਂ ਵਿਚੋਂ ਦਿਖਾਈ ਦਿੰਦਾ ਹੈ। ਇਸ ਨੂੰ ਡਾ: ਵੈਦ ਅਤੇ ਪ੍ਰਾ: ਜੈਨ ਦੱਖਣਾਤਯ ਅਪਭ੍ਰੰਸ਼ ਵੀ ਕਹਿੰਦੇ ਹਨ।

ਦੰਡੀ ਨੇ ਮਹਾਂਰਾਸ਼ਟਰੀ ਨੂੰ ਪ੍ਰਕ੍ਰਿਸ਼ਟ ਪ੍ਰਾਕਿਰਤ ਕਿਹਾ ਹੈ। ਵਿਆਕਰਣਕਾਰ ਪ੍ਰਾਕਿਰਤ ਦਾ ਪ੍ਰਯਾਯਵਾਚੀ (ਸਮਾਨ ਅਰਥ) ਸ਼ਬਦ ਮਹਾਂਰਾਸ਼ਟਰੀ ਮੰਨਦੇ ਹਨ। 'ਸੱਤਸਈ' 'ਵੱਜਾਸਗ'

'ਦਹਮੁਹਵਹੋ', 'ਸੇਤੁਬੰਧ' 'ਗੱਡਵਹੋ' ਏਸੇ ਤਰ੍ਹਾਂ ਦੇ ਗ੍ਰੰਥ ਹਨ । ਮਹਾਂਰਾਸ਼ਟਰੀ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਭਾਸ਼ਾ-ਸ਼ਾਸਤਰੀਆਂ ਨੇ ਦੱਸੀਆਂ ਹਨ ।

(1) ਸ਼ਬਦ ਹੁੰਦੇ ਹਨ (2) ਰਿਰੀ (ऋ) (—×—) ਦੀ ਥਾਂ 'ਰਿ' (रि) ਜਾਂ ਈ (ई) (3) ਲ (लृ) ਦੇ ਬਦਲੇ ਇਲੀ (इलि) (4) ਐ (ऐ) ਦੇ ਬਦਲੇ ਏ (ए) ਲਈ ਅਈ (अई) (5) ਅਰਧ ਸੁਰ ਦਾ ਲੋਪ (6) ਦੀਰਘ (ਲੰਬੇ) ਸੁਰਾਂ ਦਾ ਹ੍ਰਸਵ (ਛੋਟੇ) ਬਣਨਾ । (7) ਅਯ (अय) ਅਤੇ ਅਵ ਦੇ ਬਦਲੇ ਏ (ए) ਅਤੇ ਓ (ओ) । (8) ਦੋ ਸੁਰਾਂ ਵਿਚ ਆਏ ਕ. ਗ. ਚ. ਜ. ਤ. ਦ. ਪ. ਸ. ਅਤੇ ਵ ਦਾ (क् ग् च् ज् त् द् प् य् और व्............) ਅਕਸਰ ਲੋਪ (9) ਛੁਪੇ ਵਿਅੰਜਨਾ ਦੀ ਥਾਂ ਤੇ ਦੂਸਰੀ ਸ੍ਰੇਣੀ ਦੇ ਵਿਅੰਜਨਾਂ ਦਾ ਆਉਣਾ (10)ਛੁਪੇ ਵਿਅੰਜਨਾਂ ਦੀ ਥਾਂ ਤੇ ਸ੍ਰੁਤੀ ਅਰਥ ਯ (य) ਦਾ ਆਉਣਾ । ਅਰੰਭਕ ਵਿਅੰਜਨ ਉਂਜ ਤਾਂ ਕਾਇਮ ਰਹਿੰਦੇ ਹਨ ਪਰੰਤੂ ਪ(प्) ਤ (त्) ਨ (न्) ਅਤੇ ਯ (य्) ਅਰੰਭ ਵਿਚ ਹੋਣ ਤਾਂ ਉਨ੍ਹਾਂ ਦੀ ਥਾਂ ਤੇ ਦੂਸਰੇ ਵਿਅੰਜਨ ਹੁੰਦੇ ਹਨ । (12) ਯ (य्) ਦੇ ਬਦਲੇ ਜ (ज्) ਦੋ ਸੁਰਾਂ ਦੇ ਵਿਚ ਖ (ख) ਘ (घ्) ਥ (थ्) ਧ (ध्) ਅਤੇ ਭ (भ्) ਦੇ ਬਦਲੇ ਹ (ह्) ਦੋ ਸੁਰਾਂ ਦੇ ਵਿਚ ਟ (ट्) ਦੇ ਬਦਲੇ ਡ (ड्) ਠ (ठ्) ਦੇ ਬਦਲੇ ਢ (ढ्) ਬ (ब्) ਦੇ ਬਦਲੇ ਵ (व्) ਡ (ड्) ਲਈ ਲ (ल्) ਤ (त्) ਲਈ ਲ (ल्) (14) ਸ਼ (श) ਜਾਂ ਖ (ष्) ਦੇ ਬਦਲੇ ਸ (स्) (15) ਹ (ह्) ਲੀ ਘ (घ्) ਇਤਆਦਿ ।

ਮਹਾਂਰਾਸ਼ਟਰੀ ਦੇ ਸੰਯੁਕਤ ਵਰਣਾ ਦੇ ਸਬੰਧ ਵਿਚ ਵੀ ਇਸੇ ਤਰ੍ਹਾਂ ਦੇ ਕਈ ਭੇਦ ਮੰਨੇ ਗਏ ਹਨ ।

ਯ+ਵ੍=ਚ—ਪ੍ਰਤ੍ਯੂਸ਼ (ਪਚ੍ਚੂਸ਼)
ਸ਼੍ ਕ+ਖ—ਨਿਸ਼ਕ੍ਰਾਮਤੀ (ਨਿਖ੍ਖਮਦਿ)
ਸ਼੍ਟ ਜਾਂ ਸ਼੍ਠ=ਠ੍ਠ—ਅਸ਼੍ਟ (ਅਠ੍ਠ)
ਸ਼੍ਨ, ਸ਼੍ਣ, ਹਵ੍, ਕਸ਼੍ਣ= ਣ੍ ਹ—ਉਸ਼੍ਣ (ਉਣ੍ਸ਼)
ਕਸ਼ੈ (क्ष)=ਖ ਜਾਂ ਛ ਜਾਂ ਝ—ਇਕ੍ਸ਼ੁ (ਇਖ੍ਖੁ, ਕਸ਼੍ਣ)
(ਖਯ), ਕ੍ਸ਼ੀਣ (ਝੀਣ)
ਥ੍ਵ=ਛ—ਪ੍ਰਿਥਵੀ (ਪਿੱਛੀ)
ਦ੍ਵ=ਜ—ਵਿਦਵਾਨ (ਵਿੱਜੰ)
ਸ੍ਵ=ਝ—ਬੁਦਧ੍ਵਾ (ਬੱਝਾ)
ਹਵ੍=ਬ੍ਭ—ਜਿਹ੍ਵਾਂ (ਜਿਬ੍ਭਾਂ)

ਅਜਿਹੇ ਕਈ ਨਿਯਮ ਸ਼ਬਦ-ਰੂਪ-ਨਿਰਮਾਣ ਦੇ ਸਬੰਧ ਵਿਚ ਭਾਸ਼ਾ ਸ਼ਾਸਤਰੀਆਂ ਨੇ ਖੋਜ ਮਾਰੇ ਹਨ । ਆਧੁਨਿਕ ਮਰਾਠੀ ਦਾ ਸ਼ਬਦ ਭੰਡਾਰ ਇਸ ਤਰ੍ਹਾਂ ਦੇ ਤਤਸਮ (ਪ੍ਰਾਚੀਨ ਅਤੇ ਉਤਰ) ਤਦਭਵ, ਦ੍ਰਾਵਿੜ (ਕੰਨੜ, ਤਮਿਲ, ਮਲਿਯਾਲੀ, ਤੁਲੂ ਆਦਿ) ਦੇਸ਼ਜ ਜਾਂ ਦੇਸ਼ਯ, ਆਸਟ੍ਰਿਕ ਜਾਂ ਆਸਟ੍ਰੋ—ਏਸ਼ੀਆਂ (ਜਾਵਾ, ਸੁਮਾਟਰਾ, ਮਲਾਇਆ ਆਦਿ

ਸ਼ਬਦ) ਸਾਮੀ (ਯਹੂਦੀ, ਅਰਬੀ, ਫ਼ਾਰਸੀ, ਤੁਰੱਕੀ ਆਦਿ) ਪੱਛਮੀ ਯੂਰਪੀਨ (ਪੰਦਰਵੀਂ ਸਦੀ ਮਗਰੋਂ ਪੁਰਤਗਾਲੀ, ਫਰਾਂਸੀਸੀ, ਡੱਚ ਆਦਿ) ਆਸੰਨ ਪ੍ਰੀਸਰਵਰਤੀ ਬੋਲੀਆਂ ਇਨ੍ਹਾਂ ਸੋਮਿਆਂ ਤੋਂ ਬਣਿਆ ਹੈ। ਮੋਲਸਵਰਥ ਦੇ ਅਰੰਭਕ ਸ਼ਬਦ ਕੋਸ਼ ਵਿਚ ਮਰਾਠੀ ਦੀ ਸ਼ਬਦ ਸੰਖਿਆ ਸੱਠ ਹਜ਼ਾਰ ਹੈ। ਵਾਸਦੇਵ ਗੋਬਿੰਦ ਆਪਟੇ ਦੀ ਗਿਣਤੀ ਪੰਜਾਹ ਹਜ਼ਾਰ ਹੈ। ਮਹਾਂਰਾਸ਼ਟਰ ਸ਼ਬਦ ਕੋਸ਼ਕਾਰ ਨੇ ਇਕ ਲੱਖ ਬਾਰਾਂ ਹਜ਼ਾਰ 189 ਸ਼ਬਦ ਸੰਖਿਆ ਦੱਸੀ ਹੈ। ਇਨ੍ਹਾਂ ਵਿਚ ਵਿਦੇਸ਼ੀ (ਫ਼ਾਰਸੀ, ਅਰਬੀ, ਤੁਰਕੀ) 2900 ਸ਼ਬਦ ਹਨ, 1500 ਯੂਰਪੀ ਭਾਸਾ ਦੇ ਹਨ। ਮੂਲ ਅੰਗ੍ਰੇਜ਼ੀ 560 ਹਨ। ਮਰਾਠੀ ਧਾਤੂਆਂ ਦੀ ਸੰਖਿਆ ਅੱਠ ਹਜ਼ਾਰ ਤੋਂ ਵੱਧ ਨਹੀਂ ਹੈ।

ਡਾਕਟਰ ਮਨਮੋਹਨ ਸਿੰਘ ਘੋਸ ਅਨੁਸਾਰ ਮਰਾਠੀ ਕੇਵਲ ਮਹਾਂਰਾਸ਼ਟਰ ਦੀ ਭਾਸ਼ਾ ਨਹੀਂ ਹੈ। ਉਹ ਸੌਰਸੇਨੀ ਮਰਾਠੀ ਦੀ ਸਮਕਾਲੀ ਨਹੀਂ ਹੈ ਸਗੋਂ ਸ਼ੌਰਸੇਨੀ ਦਾ ਹੀ ਉਹ ਇਕ ਮਗਰੋਂ ਦਾ ਰੂਪ ਹੈ, ਜੋ ਦੱਖਣ ਵਿਚ ਦੇਸ਼ਜ ਪ੍ਰਾਕਿਰਤਾਂ ਨਾਲ ਮਿਲਕੇ ਬਣਿਆ। ਉਹ ਸ਼ੌਰਸੇਨੀ ਅਪਭ੍ਰੰਸ਼ ਬਣਨ ਦੇ ਵਿਚ ਦਾ ਇਕ ਰੂਪ ਮਾਤਰ ਹੈ-ਮਹਾਂਰਾਸ਼ਟਰੀ ਪਰੰਤੂ ਪ੍ਰਾਕਿਰਤਾਂ ਦੀਆਂ ਜੋ ਦੋ ਸ੍ਰੇਣੀਆਂ ਬਰਾਬਰ ਮੰਨੀਆਂ ਜਾਂਦੀਆਂ ਹਨ ਉਨ੍ਹਾਂ ਵਿਚੋਂ ਸ਼ੌਰਸੇਨੀ ਸੰਸਕ੍ਰਿਤ ਦੇ ਵਧੇਰੇ ਨੇੜੇ ਹੈ। ਅਤੇ ਮਾਗਧੀ ਅਰਧ ਮਾਗਧੀ ਮਹਾਂਰਾਸ਼ਟਰੀ ਦੂਸਰੀ ਸ਼੍ਰੇਣੀ ਹੈ, ਜਿਸ ਵਿਚ ਪ੍ਰਾਕ੍ਰਿਤਿਕ (ਸੁਬਾਈ) ਸ਼ਬਦ ਵਧੇਰੇ ਹਨ। ਇਸ ਤਰ੍ਹਾਂ ਕੁਝ ਵਿਦਵਾਨਾਂ ਅਨੁਸਾਰ ਆਧੁਨਿਕ ਮਰਾਠੀ ਦੇ ਮੂਲ ਵਿਚ ਕਿਸੇ ਇਕ ਪ੍ਰਾਕਿਰਤ ਨੂੰ ਮੰਨਣਾ ਠੀਕ ਨਹੀਂ ਹੈ। ਪਾਲੀ ਅਤੇ ਪੈਸ਼ਾਚੀ ਵਿਚ ਮਰਾਠੀ ਵਾਂਗ ਲ (ळ) ਹੈ। ਸੰਸਕ੍ਰਿਤ ਵਿਚ ਨਹੀਂ ਹੈ, ਵੈਦਿਕ ਵਿਚ ਹੈ। ਪੈਸਾਚੀ ਵਿਚ ਨ (न) ਹੈ, ਣ (ण) ਨਹੀਂ। ਮਰਾਠੀ ਵਿਚ ਰ (र) ਦੀ ਥਾਂ ਲ (ळ) ਅਤੇ ਸ (स) ਦੀ ਥਾ ਸ਼ (श) ਹੁੰਦਾ ਹੈ ਸ੍ਥ (स्थ) ਯਾ ਰ੍ਥ। (र्थ) ਦੀ ਥਾਂ ਸ੍ਤ (स्त) ਹੁੰਦਾ ਹੈ ਸ਼੍ (ष्ट) ਦੀ ਥਾਂ ਸਟ (स्ट)। ਅਰਧ ਮਾਗਧੀ ਵਾਂਗ ਮਰਾਠੀ ਵਿਚ ਵੀ ਦੀਰਘ (ਲੰਬੇ) ਸੁਰ ਹਰੱਸਵ (ਛੋਟੇ) ਹੁੰਦੇ ਹਨ। (ਕੁਮਾਰ ਕੁਮਾਰ) ਮ੍ਰਿਦੂ (ਮਿੱਠੇ) ਵਿਅੰਜਨ ਕਠੋਰ ਹੁੰਦੇ ਹਨ। (ਬ੍ਰਜਤੀ ਵੱਚਈ-ਬੋਚੂ) ਆਦਯ ਦ (द) ਡ (ड) ਹੋ ਜਾਂਦਾ ਹੈ। (ਦਸ਼ਤੀ—ਡਸਈ) ਮਹਾਂ ਰਾਸਟਰੀ ਦੀਆਂ ਤਾ ਕਈ ਵਿਆਕਰਣਕ ਵਿਸ਼ੇਸ਼ਤਾਵਾਂ ਮਰਾਠੀ ਵਿਚ ਆ ਗਈਆਂ ਹਨ। ਸਸਠੀ ਚਤੁਰਥੀ ਦੇ ਸ੍ਸ (स्स) ਪ੍ਰਤਯਯ ਦਾ 'ਸ' ਰੂਪ ਬਣਨਾ, ਨਪੁੰਸਕਲਿੰਗੀ ਸੰਗਿਆ ਦੇ ਲਿੰਗ ਦਾ ਬਦਲਨਾ, ਕ੍ਰਿਆਵਾਂ ਦੇ ਕਾਲ ਅਤੇ ਅਰਥ ਪ੍ਰਤਯਯ ਮਹਾਂਰਾਸਟਰੀ ਵਾਂਗ ਹਨ। ਕ੍ਰਿਦੰਤ, ਆਗਮ ਦਾ ਵਿਕਲਪ, ਇੱਛਾ ਅਰਥਾਤ ਧਾਤੂ ਧਾਤੂ-ਸਮੀਪਅਰਥੀ 'ਇਲ' ਪ੍ਰਤਯਯ, ਕ੍ਤ (क्त) ਅਤੇ ਕਤਵਤੁ ਪ੍ਰਤ੍ਯਯ ਦੇ ਧਾਤੂ ਸਾਧਕ ਵੀ ਵੈਸੇ ਹੀ ਹਨ।

| ਮਹਾਂਰਾਸ਼ਟਰੀ | ਮਰਾਠੀ | ਹਿੰਦੀ |
|---|---|---|
| ਮਿਮ (म्मि) | ਮੀ | ਮੈਂ |
| ਅਹਮਿਮ | ਅਹਿਮ | ਹਮ |

| ਮਹਾਂਰਾਸ਼ਟਰੀ | ਮਰਾਠੀ | ਹਿੰਦੀ |
|---|---|---|
| ਮਏ, ਮਈ | ਮਿਯਾ, ਮਯਾਂ | ਮੈਨੇ |
| ਮਝਜੋ ਮਹਾਹਿੰਤੋਂ | ਮਜਹੁਨੀ | ਮੁਝਸੇ |
| ਮੱਝ | ਮਜ | ਮੁਝੇ |
| ਮੇਰਯ | ਮਾਝੰ | ਮੇਰਾ |

---

ਹੁਣ ਮਰਾਠੀ ਭਾਸਾ ਦੀ ਵਿਉਤਪੱਤੀ ਦਾ ਵਿਚਾਰ ਛੱਡਕੇ ਉਸ ਦੇ ਵਿਕਾਸ ਦਾ ਮਾਨਚਿਤ੍ਰ ਦੇਖੀਏ। ਮਰਾਠੀ ਭਾਸਾ ਦੀ ਪਹਿਲੀ ਵਿਕਾਸ ਅਵੱਸਥਾ ਸਕ 608 ਤੋਂ ਸ਼ਕ 900 ਤਕ ਦੇ ਤਾਂਬੇ ਦੇ ਪੱਤਰਾਂ ਅਤੇ ਸਿਲਾ ਲੇਖਾ ਵਿਚ ਪਾਈ ਜਾਂਦੀ ਹੈ। ਜੋ ਮਰਾਠੀ ਸਬਦ ਈਸਾ ਦੀ ਸਤਵੀਂ ਸਦੀ ਦੇ ਅਰੰਭਿਕ ਸਿਲਾਲੇਖ ਵਿਚ ਮਿਲਿਆ ਹੈ ਉਹ ਹੈ ਪੰਨਾਸ, ਪ੍ਰਿਥਿਵੀ। ਇਸ ਤਰ੍ਹਾਂ ਨਾਲ ਸਤਵੀਂ ਤੋਂ ਬਾਰ੍ਹਵੀਂ ਸਦੀ ਤਕ ਦੀ ਮਰਾਠੀ ਦਾ ਨਿਸ਼ਚਿਤ ਰੂਪ ਵਿਚ ਕੋਈ ਗ੍ਰੰਥ ਨਾ ਮਿਲਣ ਕਾਰਨ **ਤਾਂਬੇ ਦੇ** ੱਟਾਂ ਦੇ ਆਧਾਰ ਤੇ ਹੀ ਦੱਸਿਆ ਜਾ ਸਕਦਾ ਹੈ। ਇਸੇ ਕਰਕੇ ਇਸ ਕਾਲ ਦੇ ਤਾਂਬੇ ਦੇ ਪੱਟਾ ਦਾ ਅਧਿਐਨ ਪੂਰੀ ਤਰ੍ਹਾਂ ਨਹੀਂ ਹੋਇਆ ਹੈ।

ਡਾ: ਤੁਲਪੁਲੇ ਨੇ ਈਸਵੀ 1100 ਤੋਂ 1350 ਤਕ ਦੀ ਮਰਾਠੀ ਦਾ ਵਿਸੇਸ ਅਧਿਐਨ ਕੀਤਾ ਹੈ। 983 ਈਸਵੀ (ਸ੍ਰਵਣਵੇਲਗੁਲ) ਦੇ ਸਿਲਾਲੇਖ ਤੋਂ 1267 ਈਸਵੀ ਤਕ ਦੇ ਮਿਲਾਲੇਖ ਅਤੇ ਤਾਂਬੇ ਦੇ ਪੱਟਾ ਦੀ ਭਾਸਾ ਦਾ ਵਿਚਾਰ ਕੀਤਾ ਹੈ। ਇਸ ਕਾਲ ਨੂੰ ਉਨ੍ਹਾਂ ਨੇ ਯਾਦਵ ਕਾਲ ਮੰਨਿਆ ਹੈ। ਡਾਕਟਰ ਕਾਤਰੇ ਅਨੁਸਾਰ ਇਸ ਕਾਲ ਦੇ ਇਕ ਹੀ ਗ੍ਰੰਥ ਵਿਚ ਕਈ ਭਾਸਾ ਰੂਪ ਮਿਲਦੇ ਹਨ। ਇਸ ਕਰਕੇ ਗ੍ਰੰਥ ਰਚਨਾ ਦੇ ਸਮੇਂ ਦੀ ਭਾਸਾ ਕਿਹੜੀ ਹੈ, ਇਹ ਕਹਿਨਾ ਔਖਾ ਹੈ।

ਮਰਾਠੀ ਦੇ ਆਦਿ ਕਵੀ ਮੁਕੰਦ ਰਾਜ ਦਾ ਸਮਾ 1128 ਤੋਂ 1298 ਈਸਵੀ ਮੰਨਿਆ ਗਿਆ ਹੈ। ਉਸ ਦੇ ਗ੍ਰੰਥ ਮੂਲ ਭਾਸਾ ਰੂਪ ਵਿਚ ਨਹੀਂ ਮਿਲਦੇ। ਮਰਾਠੀ ਦੀ ਕਾਲਿਕ (ਸਮੇਂ ਦੀ) ਅਵੱਸਥਾ ਦਾ ਪੂਰਾ ਗਿਆਨ "ਗਿਆਨੇਸ਼ਵਰੀ" ਤੋਂ ਸੁਰੂ ਹੁੰਦਾ ਹੈ, ਉਂਜ ਤੇਰ੍ਹਵੀਂ ਸਦੀ ਤੋਂ ਇਹ ਸਰੂਪ ਨਿਸਚਿਤ ਹੈ। ਮਰਾਠੀ ਦਾ ਪਹਿਲਾ ਗ੍ਰੰਥਿਕ ਸਾਹਮਣਾ 1199 ਵਿਚ ਸੋਮੇਸਵਰ ਦੀ 'ਅਭਿਲਖੀਤਾਰਥ ਚਿੰਤਾਮਣੀ' ਦੇ ਮਰਾਠੀ ਪੱਦਾ ਵਿਚ ਮਿਲਦਾ ਹੈ।

ਈਸਵੀ 1312 ਵਿਚ ਯਾਦਵਾਂ ਦੀ ਹਕੂਮਤ ਖਤਮ ਹੋਈ। ਦੇਵਗੜ੍ਹ ਦਾ ਰਾਜ ਮੁਸਲਮਾਨੀ ਰਾਜ ਨਾਲ ਜੋੜਿਆ ਗਿਆ ਹੈ। ਮੁਸਲਮਾਨਾਂ ਦੀ ਭਾਸ਼ਾ ਦਾ ਮਰਾਠੀ ਤੇ ਵੀ ਪ੍ਰਭਾਵ ਪਿਆ। ਪਰ ਉਹ ਸਰਕਾਰੀ ਦਰਬਾਰੀ ਭਾਸਾ ਤਕ ਹੀ ਰਿਹਾ। ਸਾਧਾਰਨ ਲੋਕਾਂ ਦੀ ਭਾਸ਼ਾ ਅਤੇ ਵਾਂਗਮਯ (ਸਾਹਿਤ) ਤੇ ਮੁਸਲਮਾਨੀ ਦਾ ਅਸਰ ਨਹੀਂ ਦੇ ਬਰਾਬਰ ਹੋਇਆ।

ਰੋਭਾਂ ਕਵੀ ਦਾ ਉਦਾਹਰਣ (ਈਸਵੀ 1300 ਤੋਂ 1400 ਦੇ ਵਿਚ) ਕੇਵਲ ਮੂਲ ਰੂਪ ਵਿਚ ਮਿਲਦਾ ਹੈ।

ਪੰਦਰਵੀਂ ਸਦੀ ਵਿਚ ਦੁਰਗਾਦੇਵੀ ਦਾ ਕਾਲ (ਈਸਵੀ 1468 ਤੋਂ 1475) ਮਹਾਂਰਾਸ਼ਟਰ ਵਿਚ ਪਿਆ ਅਤੇ ਇਸ ਕਾਲ ਦੇ ਕਾਰਨ ਕਈ ਲੋਕ ਆਪਣਾ ਦੇਸ਼ ਛੱਡਕੇ ਬਾਹਰ ਗਏ। ਵਾਪਸ ਆਉਂਦੇ ਹੋਏ ਦੂਸਰਿਆਂ ਸੂਬਿਆਂ ਦੀਆਂ ਭਾਸ਼ਾਵਾਂ ਦੇ ਸੰਸਕਾਰ ਉਹ ਆਪਣੇ ਨਾਲ ਲੈ ਆਏ। ਗਿਆਨੇਸ਼ਵਰ ਅਤੇ ਏਕਨਾਥ ਦੇ ਕਾਲ ਦੀਆਂ ਭਾਸ਼ਾਵਾਂ ਦੇ ਵਿਚ ਦਾ ਰੂਪ ਏਸੇ ਸਦੀ ਵਿਚ ਮਿਲਦਾ ਹੈ।

ਸੋਲ੍ਹਵੀਂ ਸਦੀ ਵਿਚ ਭਾਸ਼ਾ ਵੱਧ ਸਥਿਰ ਹੋਈ, ਮਹਾਨੁਭਾਵ ਮਰਾਠੀ ਨੂੰ ਪੰਜਾਬ ਦੇ ਅਫ਼ਗਾਨਿਸਤਾਨ ਤਕ ਲੈ ਗਏ। ਸਤਾਰ੍ਹਵੀਂ ਸਦੀ ਵਿਚ ਸ਼ਿਵ-ਕਾਲ ਵਿਚ ਫ਼ਾਰਸੀ ਦੇ ਹਮਲੇ ਦੀਆਂ ਜੜ੍ਹਾਂ ਪੱਕੀਆਂ ਹੋਈਆਂ। ਪੁਰਤਗਾਲੀਆਂ ਨਾਲ ਵੀ ਸਬੰਧ ਇਸੇ ਕਾਲ ਵਿਚ ਹੋਇਆ ਅਤੇ ਜਹਾਜ਼ੀ ਅਤੇ ਫ਼ੌਜ ਸਬੰਧੀ ਕਈ ਸ਼ਬਦ ਚਾਲੂ ਹੋਏ। ਜਿਵੇਂ ਸ਼ਿਰਪੇਂਚ, ਫ਼ਾਲਤੂ, ਕੰਪੂ, ਕਾਰਤੂਸ, ਪਰਾਤ, ਪਿਸਤੌਲ, ਕਾਫ਼ਰ, ਸਾਬੂਨ, ਮਿਸਤਰੀ, ਫ਼ਰਮਾ ਆਦਿ। ਅਠਾਰ੍ਹਵੀਂ ਸਦੀ ਵਿਚ ਪੇਸਵਾ ਕਾਲ ਵਿਚ ਫੇਰ ਪੰਡਤ ਲੇਖਕਾਂ ਦੇ ਨਾਲ ਨਾਲ ਮਰਾਠੀ ਭਾਸਾ ਸੰਸਕ੍ਰਿਤ ਭਰਪੂਰ ਹੋਣ ਲੱਗੀ। ਮਰਾਠੀ ਦੇ ਤਿੰਨੇ ਰੂਪ ਪ੍ਰਚੱਲਤ ਸਨ। ਮੋਰੋਪੰਤ (ਸੰਸਕ੍ਰਿਤ ਮਈ) ਸ੍ਰੀ ਧਰ (ਪ੍ਰਾਸਾਦਿਕ ਸਹਜਗਮਯ ਬਾਲਬੋਧ) ਸਾਹੀਰ ਕਵੀ (ਫ਼ਾਰਸੀ ਤੇ ਬੋਲੀਆਂ ਨਾਲ ਭਰਿਆ ਜਨਤਕ ਰੂਪ) 19 ਵੀਂ ਸਦੀ ਵਿਚ ਪਹਿਲੇ 25 ਸਾਲਾਂ ਤੱਕ ਇਹ ਫ਼ਾਰਸੀ ਭਰਪੂਰ ਰਹੀ। ਪਿੱਛੋਂ ਗਦ ਦੇ ਵਿਕਾਸ ਦੇ ਨਾਲ ਨਾਲ ਅੰਗਰੇਜ਼ੀ ਦਾ ਪ੍ਰਭਾਵ ਸ਼ੁਰੂ ਹੋਇਆ। ਵਿਰਾਮ ਚਿੰਨ੍ਹਾਂ ਦੀ ਵਰਤੋਂ ਹੋਈ ਅਤੇ ਉਲਥੇ ਕਾਫ਼ੀ ਹੋਣ ਲਗੇ। ਇਸੇ ਸਦੀ ਵਿਚ 1935 ਦੇ ਲੱਗ-ਭੱਗ ਵੀਰ ਸਾਵਰਕਰ ਨੇ ਭਾਸ਼ਾ-ਸ਼ੁੱਧੀ ਦਾ ਅੰਦੋਲਨ ਚਲਾਇਆ ਸੀ। ਪਰ ਉਹ ਜੜ੍ਹਾਂ ਨਹੀਂ ਜਮਾ ਸਕਿਆ।

## ਸਾਹਿਤ ਦਾ ਆਰੰਭਕ ਰੂਪ

ਆਰੀਆ ਸੰਸਕ੍ਰਿਤ, ਪਾਣਿਨੀ ਸੰਸਕ੍ਰਿਤ, ਕਾਵਿ ਪੁਰਾਣਾਂ ਦੀ ਸੰਸਕ੍ਰਿਤ ਤੋਂ ਮਗਰੋਂ 'ਸ਼ਪਤਸ਼ਤੀ-ਸੇਤੂਬੰਧ' ਦੀ ਮਹਾਂਰਾਸ਼ਟਰੀ ਪ੍ਰਾਕਿਰਤ ਤੋਂ ਮੁਕੰਦਰਾਜ ਗਿਆਨੇਸ਼ਵਰ ਦੀ ਨਾਗਰੀ ਮਰਾਠੀ ਭਾਸ਼ਾ ਬਣਦੀ ਗਈ। ਉਸ ਵਿਚ ਦੇਸ਼ਜ ਵਾਕ ਪ੍ਰਚਾਰ ਅਤੇ ਸ਼ਬਦ ਪ੍ਰਯੋਗ ਮਿਲਦੇ ਗਏ ਅਤੇ ਉਸਦਾ ਵਿਕਾਸ ਹੋਇਆ। ਏਕਨਾਥ ਦੇ ਸਮੇਂ ਤੋਂ ਉਸਨੂੰ ਆਧੁਨਿਕ ਰੂਪ ਮਿਲਿਆ। ਉਂਞ ਤਾਂ ਹੋਰ ਸਾਰੀਆਂ ਭਾਰਤੀ ਦੇਸ਼-ਭਾਸ਼ਾਵਾਂ ਦੀ ਉਤਪੱਤੀ ਦਾ ਸਮਾਂ ਸੱਤਵੀਂ ਸਦੀ ਦੇ ਨੇੜੇ ਹੈ। 11 ਵੀਂ ਤੋਂ 12 ਵੀਂ ਸਦੀ ਵਿਚ ਉਨ੍ਹਾਂ ਸਭਨਾਂ ਵਿਚ ਸੁਤੰਤਰ ਗਰੰਥ ਰਚਨਾ ਅਰੰਭ ਹੋਈ। ਇਸ ਤਰ੍ਹਾਂ ਹਰੇਕ ਭਾਸ਼ਾ ਦੇ ਰੂਪ ਨਿਰਮਾਣ ਵਿਚ 400—500 ਸਾਲਾਂ ਦਾ ਸਮਾਂ ਸਹਿਜ ਲਗਿਆ ਹੈ। ਪੰਦਰ੍ਹਵੀਂ ਸਦੀ ਦੇ ਅੰਤ ਵਿਚ ਕ੍ਰਿਸ਼ਣ ਯਾਗਯ 'ਵਲਕੀ' ਨਾਂ ਦੇ ਗ੍ਰੰਥਕਾਰ ਨੇ 'ਕਥਾ ਕਲਪਤਰੂ' ਗ੍ਰੰਥ ਵਿਚ ਪ੍ਰਾਂਤ ਅਨੁਸਾਰ ਜੋ ਲੋਕਬੋਲੀਆਂ ਗਿਣਾਈਆਂ ਹਨ ਉਹ ਇਸ ਤਰ੍ਹਾਂ ਹਨ :—

ਭਿੱਲ, ਹਿੰਦੋੜ, ਕੋਕਣ, ਕੁਨੀਜ, ਕਣਿਵ, ਕਸ਼ਮੀਰ, ਆਰਬਸਥਾਨ, ਦ੍ਰਾਵਿੜ, ਗੋਂਡ, ਤੈਲੰਗ, ਸੇਧਲ, ਲੰਕਾਂ, ਕਾਵੰਗ, ਕੁੰਭਕੋਣ, ਮਰੰਗ, ਮਰੂ, ਸ਼੍ਰੋਹਰ, ਜਾਮ, ਕਾਮ, ਭੋਟਾਲ, ਅਹਿਰ, ਗੁਰਜਰ, ਕਰਨਾਟਕ, ਚੈਘ, ਮਾਲ, ਦੀਨਵਾਟਕ, ਕਨੌਜ, ਕਾਬੁਲ, ਯਵਾਤ, ਅਬਨੀ, ਮੰਗਰੂਲ, ਸੋਰਕਾਡ, ਮਕਾਸ਼ੀਲ, ਕੋਹ, ਚੋਹਟ, ਮਹਾਨੰਦ, ਹਾਬਿਲ, ਕਾਬਿਲ, ਮੁਲਤਾਨਾ, ਹਬਸ, ਫਿਰੰਗੀ, ਖੁਦਾਸਨ, ਵੇਦ, ਅੰਤਰਵੇਦ, ਮਹਾਚੀਨ, ਚੋਲ, ਪਾਚਾਲ, ਅੰਗ, ਬੰਗ, ਕਲਿੰਗ, ਅਸੀਬ, ਕਾਂਬੋਜ, ਨੇਪਾਲ, ਜਾਫਰਸ਼ਾਗ, ਕੁੰਤੱਲ, ਮੇਰੂ, ਤਪੋਂਦ੍ਰ, ਵਾਨਰਊਗਲ, ਹੇਮਨੰਦ, ਹਰੇਵ, ਮਾਰਬਾੜ, ਜੋਟ, ਤੇਟਨ, ਮੋਰਕਾਵਰ, ਮਹਾਰਾਸ਼ਟਰ[1]।

'ਇਨ੍ਹਾਂ ਦੇਸ਼ ਬੋਲੀਆਂ' ਵਿਚ ਮਰਾਠੀ ਮੁੱਕਟ ਦੇ ਰਤਨ ਵਾਂਗ ਹੈ, ਅਜਿਹਾ ਉਹ ਕਵੀ ਕਹਿੰਦਾ ਹੈ।

ਮਰਾਠੀ ਦੀਆਂ ਗੁਆਂਢੀ ਭਾਸ਼ਾਵਾਂ ਵਿਚ ਕੰਨੜ, ਤੇਲਗੂ, ਮਲਿਆਲਮ, ਗੁਜਰਾਤੀ

---

1 'ਸਤਬਕ', 5—38

ਅਤੇ ਬੰਗਾਲੀ ਦਾ ਏਥੇ ਤੁਲਨਾਤਮਕ ਅਧਿਐਨ ਵਿਚਾਰ ਕਰ ਲੈਣਾ ਠੀਕ ਰਹੇਗਾ। ਕਰਨਾਟਕ ਵਿਚ ਕਦੰਬ; ਪੱਲ੍ਵ, ਚਾਲੁਕਯ, ਰਾਸ਼ਟਰਕੂਟ, ਕਲਚੁਰੀ, ਹੋਯਸਾਲ, ਜਾਧਵ, ਵਿਜੇ ਨਗਰ, ਵੋਡੇਅਰ ਆਦਿ ਰਾਜ ਘਰਾਣਿਆਂ ਨੇ ਰਾਜ ਕੀਤਾ ਸੀ। ਕਰਨਾਟਕ ਅਤੇ ਮਹਾਂਰਾਸ਼ਟਰ ਦੀਆਂ ਸਰਹੱਦਾਂ ਇਕ ਦੂਸਰੇ ਨਾਲ ਮਿਲੀਆਂ ਹੋਈਆਂ ਹਨ ਇਸ ਲਈ ਇਕ ਭਾਸ਼ਾ ਦਾ ਦੂਸਰੀ ਤੇ ਅਸਰ ਵੀ ਬਹੁਤ ਹੋਇਆ ਹੈ। ਗਿਆਨੇਸ਼ਵਰ ਦੇ ਕਾਵਿ ਵਿਚ ਆਡਵੀ ਨੀਂਦ, ਬੋਣ, ਉਗਲੀ ਮੁਗ, ਚੋਖਾਲ, ਪੰਨਾਸਿਲੇ, ਪੋਲੀ, ਹੜਪ, ਉਲਿਗ ਆਦਿ ਕੰਨੜ ਸ਼ਬਦ ਮਿਲਦੇ ਹਨ। ਕੰਨੜ ਭਾਸ਼ਾ ਦੇ ਪੁਰੰਦਰਦਾਸ ਅਤੇ ਕਨਕਦਾਸ ਆਦਿ ਸੰਤ ਪੰਡਰਪੁਰ ਦੇ ਵਿਨੂੰਬਾ ਦੇ ਬੜੇ ਭਗਤ ਸਨ। ਜੈਨੀਆਂ ਨੇ ਕੰਨੜ ਦੀ ਆਪਣੇ ਮਤ ਦੇ ਪ੍ਰਚਾਰ ਲਈ ਬਹੁਤ ਵਰਤੋਂ ਕੀਤੀ। ਬਸਵੇਸ਼ਵਰ ਦਾ ਸਾਹਿਤ 1160 ਦੇ ਨੇੜੇ ਮਿਲਦਾ ਹੈ। ਬਸਵ ਦੇ ਅਰੰਭ ਕੀਤੇ ਹੋਏ ਪੰਥ ਦਾ ਨਾਮ ਲਿੰਗਯਾਤ ਪੰਥ ਹੈ। ਮਾਧਵ ਅਚਾਰੀਆ ਅਤੇ ਚੈਤੰਨਯ ਨੇ ਵੇਸਨਵ ਮਤ ਦਾ ਪ੍ਰਚਾਰ ਕੀਤਾ ਅਤੇ 13 ਵੀਂ ਸਦੀ ਤੋਂ ਮਗਰੋਂ ਵੈਸ਼ਨਵ ਭਾਵ ਧਾਰਾ ਕੰਨੜ ਵਿਚ ਰੂੜ੍ਹ ਹੋਈ। ਕੰਨੜ ਦਾ ਅਰੰਭਕ ਸਾਹਿਤ ਹੈ ਦਸਵੀਂ ਸਦੀ ਵਿਚ ਪੰਪ, ਪੋਨੰ ਚੰਨ, ਚਾਮੁੰਡ ਹਾਟੇ ਆਦਿ ਜੈਨ ਗ੍ਰੰਥ ਲੇਖਕਾਂ ਦਾ। ਨਾਗਵਰਮ ਨੇ 'ਛੰਦੋਂਬੁਧੀ' ਨਾਮ ਦਾ ਗ੍ਰੰਥ ਰਚਿਆ ਅਤੇ ਬਾਣਭੱਟ ਦੀ 'ਕਾਦੰਬਰੀ' ਦੇ ਆਧਾਰ ਤੇ 'ਕੰਨੜ ਕਾਦੰਬਰੀ' ਲਿਖੀ। 11 ਵੀਂ ਈਸਵੀ ਵਿਚ ਨਾਗਚੰਦਰ ਨੇ 'ਪੰਚ ਰਾਮਾਇਣ' ਦੀ ਰਚਨਾ ਕੀਤੀ ਸੀ। ਕਾਂਤੀ ਨਾਂ ਦੀ ਕੰਨੜ ਕਵਿੱਤਰੀ ਵੀ ਇਸੇ ਸਮੇਂ ਦੀ ਹੈ। ਪਹਿਲਾ ਕੰਨੜ ਵੈਸ਼ਨਵ ਕਵੀ ਹੈ ਰੁਦਰ ਭੱਟ। ਉਸਨੇ 'ਜਗਨਾਥ ਵਿਜੇ' ਗ੍ਰੰਥ ਲਿਖਿਆ। 1210 ਈਸਵੀ ਵਿਚ 15 ਵੀਂ ਈਸਵੀ ਵਿਚ ਕੰਨੜ ਵਿਚ 'ਮਹਾਂ ਭਾਰਤ' ਦੀ ਅਨੁਵਾਦ ਨਾਰਣੱਪਾ ਅਤੇ ਤਿੰਪਣਾ ਨੇ ਕੀਤਾ, ਜੋ ਕਿ ਸਾਰਾ 'ਸਟਪਦੀ ਛੰਦ ਵਿਚ ਹੈ। ਕ੍ਰਿਸ਼ਨ ਭਗਤੀ ਦਾ ਪ੍ਰਚਾਰ ਕਰਨਾਟਕ ਦੇ ਕਵੀਆਂ ਨੇ ਰਗਲੇ (ਭਾਵ ਗੀਤ) ਗਾ ਕੇ ਸਾਰੇ ਪਾਸੇ ਕੀਤਾ।

ਤੈਲਗੂ ਭਾਸ਼ਾ ਦੇ ਆਦਿ ਸਾਹਿਤ ਵਿਚ ਸੰਸਕ੍ਰਿਤ ਦੇ ਅਨੁਵਾਦ ਵਿਸ਼ਾਲ ਪੈਮਾਨੇ ਤੇ ਹਨ। ਸ਼ਾਰਦੂਲਵੀਕੀੜਤ, ਚੰਪਕ ਮਾਲਾ ਅਤੇ ਉਤਪਲ ਮਾਲਾ ਉਨ੍ਹਾਂ ਦੇ ਮਨਭਾਉਂਦੇ ਛੰਦ ਹਨ। ਤੈਲਗੂ ਕਵੀਆਂ ਦੀਆਂ ਰਚਨਾਵਾਂ ਦੇਵਾਂਕਿਤ ਅਤੇ ਨਰਾਂਕਿਤ (ਬੰਦਿਆਂ ਤੇ ਦੇਵਤਿਆਂ ਦੀ ਕਿਰਤ) ਅਜਿਹੀਆਂ ਦੋ ਤਰ੍ਹਾਂ ਦੀਆਂ ਰਹੀਆਂ ਹਨ ਜਿਸਨੂੰ ਕਾਵਿ ਅਰਪਤ (ਭੇਟਾ) ਕਰਦੇ ਹਨ ਉਸਨੂੰ ਕ੍ਰਿਤੀਭਰਤਾ (ਕਰਨੀ ਦਾ ਮਾਲਕ) ਕਹਿੰਦੇ ਹਨ। ਵਿਦਵਾਨ ਸਭਾ ਵਿਚ ਕ੍ਰਿਤੀਭਰਤਾ ਦੇ ਅੱਗੇ ਕਾਵਿ ਪੜ੍ਹਕੇ ਸੁਣਾਇਆ ਜਾਦਾ ਹੈ। ਇਸ ਵਿੱਧੀ ਨੂੰ ਰੰਗਾ-ਧਿਰੋਹਣ ਕਹਿੰਦੇ ਹਨ। ਗਿਆਨੇਸ਼ਵਰ ਦੇ ਸਮੇਂ ਤਕ ਤੈਲਗੂ ਵਿਚ ਚਾਰ ਪੰਜ ਪ੍ਰਸਿੱਧ ਗ੍ਰੰਥ ਲੇਖਕ ਹੋਏ ਹਨ। ਉਨ੍ਹਾਂ ਵਿਚ ਪਹਿਲੇ ਅਤੇ ਸਭ ਤੋਂ ਵੱਧੀਆ ਹਨ ਨੰਨਯ ਭੱਟ। ਇਹ 1289 ਦੇ ਨੇੜੇ ਰਾਜਮਹੇਂਦਰੀ ਦੇ ਵਿਸਨੂੰਵਰਧਨ ਚਾਲੁਕਯ ਦੇ ਆਸਰੇ ਵਿਚ ਹੋਏ।

ਮਲਿਆਲਮ ਭਾਸ਼ਾ ਵਿਚ ਅਤੀ ਪ੍ਰਾਚੀਨ ਸਾਹਿਤ ਖ਼ਾਸ ਨਹੀਂ ਹੈ। ਤੇਰ੍ਹਵੀਂ ਸਦੀ ਵਿਚ ਕਿਸੇ ਕਵੀ ਤੋਂ 'ਰਾਮਚਰਿਤਮਾਨਸ' ਕਿਸੇ ਰਾਜੇ ਨੇ ਲਿਖਵਾਇਆ ਸੀ। ਅੱਗੇ ਚੱਲਕੇ ਸੰਸਕ੍ਰਿਤ ਕਾਵਿ ਨਾਟਕਾਂ ਦੇ ਅਨੁਵਾਦ ਕਾਢੀ ਹੋਏ ਹਨ। ਪੰਦਰ੍ਹਵੀਂ ਸਦੀ ਵਿਚ ਚੇਰੁਸ਼ੇਰੀ

ਨੰਬੂਦਰੀ ਨੇ 'ਕ੍ਰਿਸ਼ਨ ਗਾਥਾ' ਲਿਖੀ। ਆਰੀਆ ਏਸੱਤੂ ਨੇ ਮਹਾਂਭਾਰਤ ਅਤੇ ਪੁਰਾਣਾ ਦੇ ਅਨੁਵਾਦ ਕੀਤੇ। ਗੁਰੂ ਵਾਯੂਰ ਦੇ ਕ੍ਰਿਸ਼ਨ ਮੰਦਿਰ ਦਾ ਜੀਰਣੋ ਉਧਾਰ (ਮੁਰੰਮਤ) ਸੋਲ੍ਹਵੀਂ ਸਦੀ ਵਿਚ ਹੋਇਆ ਅਤੇ ਨਾਰਾਇਣ ਭੱਟ ਤ੍ਰਿਪਾਦ ਨੇ ਸੰਸਕ੍ਰਿਤ ਗ੍ਰੰਥ ਲਿਖ ਕੇ ਕੇਰਲ ਵਿਚ ਕ੍ਰਿਸ਼ਨ ਭਗਤੀ ਦਾ ਪ੍ਰਚਾਰ ਕੀਤਾ।

ਗੁਰਜਰ ਰਾਸ਼ਟਰ ਅਤੇ ਸੌਰਾਸ਼ਟਰ ਮਿਲਾਕੇ ਗੁਜਰਾਤ ਬਣਿਆ, ਜਿਸਦੀ ਭਾਸ਼ਾ ਗੁਜਰਾਤੀ ਵੱਲਭ ਰਾਜਾ ਗੁਰਜਰ ਖ਼ਤਰੀਆਂ ਦੇ ਸਮੇਂ ਤੋਂ ਹੋਂਦ ਵਿਚ ਆਈ। ਇਹ ਛੇਵੀਂ ਸਦੀ ਵਿਚ ਰਾਜ ਕਰਦੇ ਸਨ ਅਤੇ ਉਹ ਸ਼ੈਵ ਸਨ। ਪਿੱਛੋਂ ਗੁਜਰਾਤ ਵਿਚ ਜੈਨੀਆਂ ਦਾ ਵੀ ਬੜਾ ਪ੍ਰਭਾਵ ਰਿਹਾ। ਸਿੱਧਰਾਜ ਜੈ ਸਿੰਘ (1093—1142) ਅਤੇ ਕੁਮਾਰਪਾਲ (1142—1173) ਸ਼ੈਵ, ਪੰਡਤਾਂ ਨੂੰ ਆਸਰਾ ਦੇਣ ਵਾਲੇ ਰਾਜੇ ਸਨ। ਜੈਨ ਅਚਾਰੀਆ ਹੇਮ ਚੰਦਰ ਇਨ੍ਹਾਂ ਦੇ ਹੀ ਸਮੇਂ ਵਿਚ ਹੋਏ। 12 ਵੀਂ ਸਦੀ ਤੋਂ ਸ਼ਿਵ ਅਤੇ ਵਿਸ਼ਨੂੰ ਦੀ ਉਪਾਸਨਾ ਗੁਜਰਾਤ ਵਿਚ ਜ਼ੋਰ ਨਾਲ ਵਧੀ। ਭੱਟ ਚਾਰਣ ਕਵੀ ਪੰਦਰ੍ਹਵੀਂ ਸਦੀ ਤਕ ਮਿਲਦੇ ਹਨ। ਪਰੰਤੂ ਜ਼ਿਕਰ ਯੋਗ ਸਾਹਿਤ ਮੀਰਾ ਅਤੇ ਨਰਸੀ ਮਹਿਤਾ ਦੇ ਸਮੇਂ ਦਾ ਹੈ। ਜੋ ਈਸਾ ਦੀ 14 ਵੀਂ ਸਦੀ ਦੇ ਕਵੀ ਹਨ। ਉਨ੍ਹਾਂ ਤੋਂ 150 ਸਾਲ ਮਗਰੋਂ ਆਖੋ, ਪ੍ਰੇਮਾਨੰਦ ਅਤੇ ਸਾਮਲਭੱਟ ਇਹ ਤਿੰਨ ਹੋਰ ਗੁਜਰਾਤੀ ਸੰਤ ਕਵੀ ਹੋਏ ਹਨ।

ਅਰੰਭਕ ਬੰਗਾਲੀ ਉਤੇ ਬ੍ਰਜ ਬੋਲੀ ਅਤੇ ਮਾਗਧੀ ਦਾ ਅਸਰ ਹੈ। ਸੋ ਬੰਗਾਲੀ ਸਾਹਿਤ ਦੇ ਆਦਿਕਾਲ ਵਿਚ ਸਿਧਾਂ ਦੇ ਦੋਹੇ, ਬੁੱਧਾਂ ਦਾ ਸਾਹਿਤ, ਬਹੁਤ ਕੁਝ ਮਿਲਦਾ ਹੈ। 11ਵੀਂ ਸਦੀ ਦੇ 'ਡਾਕੇਰ ਵਚਨ' ਅਤੇ 'ਧਰਮ ਮੰਗਲ ਕਾਵਿ, ਅਰੰਭਕ ਰੂਪ ਹਨ। 12ਵੀਂ ਸਦੀ ਦੇ ਧਰਮਮਯੂਰ ਕਵੀ ਦੀ ਰਚਨਾ ਵਿਚ ਬੁੱਧ ਸ਼ੈਲੀ ਦੇ ਗ੍ਰੰਥਾਂ ਤੇ ਬ੍ਰਾਹਮਣ ਰੂਪ ਹੀ ਚੜ੍ਹਾਇਆ ਗਿਆ ਹੈ। ਚੰਡੀਦਾਸ ਅਤੇ ਵਿਦਿਆਪਤੀ ਦੇ ਸਮੇਂ ਤਕ ਆਉਣ ਤੋਂ ਪਹਿਲਾਂ ਉਤਰ ਸ਼ੈਵ ਅਤੇ ਉਤਰ ਬੁੱਧ ਦਰਸ਼ਨ ਪ੍ਰਭਾਵ ਦੇ ਸਾਹਿਤ ਦਾ ਹੀ ਬੰਗਾਲੀ ਵਿਚ ਖ਼ਾਸ ਮਹੱਤਵ ਹੈ। ਕ੍ਰਿਸ਼ਨ ਚੈਤੰਨਯ ਦਾ ਉਦੇ ਪੰਦਰ੍ਹਵੀਂ ਸਦੀ ਵਿਚ ਹੋਇਆ। ਉਨ੍ਹਾਂ ਨੇ ਵੈਸ਼ਨਵ ਕਾਵਿ-ਧਾਰਾ ਦੇ ਪ੍ਰਚਾਰ ਵਿਚ ਬਹੁਤ ਮਦਦ ਕੀਤੀ। ਇਨ੍ਹਾਂ ਹੋਰ ਪ੍ਰਾਦੇਸ਼ਕ ਭਾਸ਼ਾਵਾਂ ਦੇ ਅਰੰਭਕ-ਕਾਵਿ-ਰੂਪਾਂ ਵਾਂਗ ਹਿੰਦੀ ਵਿਚ ਵੀ ਆਦਿ-ਕਾਲ ਦੇ ਸਿਧ ਕਵੀਆਂ ਨੇ, ਸਵੇਯੰਭੂ ਅਤੇ ਯਰਹੱਪਾ, ਕਾਨਹਪਾ ਅਤੇ ਅਬਦੁਰ ਰਹਿਮਾਨ ਜਿਹੇ ਅਪਭ੍ਰੰਸ਼ ਦੇ ਰਚਣਹਾਰਿਆਂ ਨੇ ਸਾਹਿਤ-ਨਦੀ ਦੇ ਸ੍ਰੋਤ-ਬਿੰਦੂ (ਸੋਮੇ) ਦਾ ਕੰਮ ਕੀਤਾ। ਮਾਰਾਠੀ ਦੇ ਆਦਿ ਰੂਪ ਵਿਚ ਵੀ ਮਹਾਨੁਭਾਵ ਪੰਥ ਦਾ ਕੰਮ ਬਹੁਤ ਮਹੱਤਵਪੂਰਨ ਹੈ। ਮਹਾਨੁਭਾਵ ਪੰਥ ਦੇ ਇਕ ਪ੍ਰਸਿੱਧ ਲੇਖਕ ਸ਼੍ਰੀ ਮੁਕੰਦਰਾਜ ਅਰਾਧਯ ਨੇ ਸੰਨ 1926 ਵਿਚ 'ਬ੍ਰਹਮਵਿਦਿਆ ਸ਼ਾਸਤਰ' ਨਾਂ ਦੇ ਗ੍ਰੰਥ ਦੇ ਅਰੰਭ ਵਿਚ ਮਹਾਨੁਭਾਵੀਆਂ ਦੇ ਦਰਸ਼ਨ ਦਾ ਨਿਚੋੜ ਸ਼ੁਧ ਹਿੰਦੀ ਵਿਚ ਛਾਪਿਆ ਹੈ। ਉਨ੍ਹਾਂ ਤੋਂ ਪਿੱਛੋਂ 'ਵਿਵਿਧ ਧਿਆਨ ਵਿਸਥਾਰ' ਵਿਚ ਵਾ. ਨਾ. ਦੇਸ਼ ਪਾਂਡੇ ਨੇ 'ਮਹਾਨੁਭਾਵਚਾ ਵੇਦ' ਨਾਂ ਦੀ ਲੇਖ ਮਾਲਾ ਲਿਖੀ। ਹ ਨ ਨੈਨੇ ਅਤੇ ਭਵਾਲਕਾਰ ਨੇ 1931 ਵਿਚ 'ਚਕ੍ਰਧਰ ਸਿਧਾਂਤ ਸੂਤ੍ਰਪਾਠ' ਪ੍ਰਕਾਸ਼ਿਤ ਕੀਤਾ ਅਤੇ 1937 ਵਿਚ 'ਦ੍ਰਿਸ਼ਟਾਂਤ ਪਾਠ'। 'ਮਹਾਂਵਾਕਯ ਪ੍ਰਮੇਯ' 'ਵਿਵਿਧ ਗਿਆਨ ਵਿਸਤਾਰ'

ਵਿਚ ਮਗਰੋਂ ਲਿਖਿਆ ਗਿਆ । 1934-35 ਵਿਚ ਭਾਸਕਰਭੱਟ ਬੋਰੀਕਰ ਦੀ 'ਉਦਭਵ ਗੀਤਾ' 'ਉਰਵ' ਏਕਾਦਸ਼ਸਕੰਧ ਗ੍ਰੰਥ ਡਾ. ਵਿ. ਪਿ. ਕੋਤਲੇ ਨੇ 'ਸ਼ਿਸ਼ੂਪਾਲਵਧ' ਕਾਵਿ ਦੇ ਨਾਲ ਪ੍ਰਕਾਸ਼ਿਤ ਕੀਤਾ । ਮਗਰੋਂ ਇਸ ਵਿਸ਼ੇ ਤੇ ਯ. ਪੁ. ਦੇਸ਼ ਪਾਂਡੇ, ਅ. ਕਾ. ਪ੍ਰਿਯੋਲਕਰ ਅਤੇ ਕੋਲਤੇ ਨੇ ਬਹੁਤ ਸਾਰਾ ਕੰਮ ਕੀਤਾ ਹੈ ਜੋ ਗ੍ਰੰਥ ਰੂਪ ਵਿਚ ਸਾਡੇ ਸਾਹਮਣੇ ਆ ਚੁਕਿਆ ਹੈ । ਮਹਾਨੁਭਾਵ-ਸਾਹਿਤ ਨੂੰ ਸਮਝਣ ਵਿਚ ਵੱਡੀ ਰੁਕਾਵਟ ਇਹ ਸੀ ਕਿ ਉਸ ਦੇ ਗ੍ਰੰਥ ਸੰਕੇਤਿਕ ਲਿੱਪੀ ਵਿਚ ਲਿਖੇ ਗਏ ਹਨ । ਹੁਣ ਤਕ ਇਸ ਪੰਥ ਦੇ ਵਿਦਵਾਨਾਂ ਵਿਚ ਇਕ ਰਾਏ ਨਹੀਂ ਹੈ ।

ਉਂਝ ਤਾਂ 'ਮਹਾਨੁਭਾਵ' ਨਾਮ ਬਹੁਤ ਮਗਰੋਂ ਮਿਲਦਾ ਹੈ । ਇਸਨੂੰ "ਮਾਰਗ ਮਹਾਤਮਾ", ਪ੍ਰਤੀਤੀ ਪੰਥ, ਪ੍ਰਮੇਸ਼ਵਰ ਸ਼ਾਸਤਰ, ਪਰਮ ਧਰਮ, 'ਅਚਯੁਤ ਗੋਤ੍ਰੀਯ' ਸ਼ਬਦਾਂ ਨਾਲ ਕਿਤੇ ਕਿਤੇ (ਪਰਿਭਾਸ਼ਿਤ) ਕੀਤਾ ਗਿਆ ਹੈ । ਪੰਦਰ੍ਹਵੀਂ ਸਦੀ ਦੇ ਮਗਰੋਂ ਦੋ ਯੰਜਕ ਕਵੀ ਨੇ 'ਭੱਟਮਾਰਗੁ' ਨਾਂ ਦੇ ਗ੍ਰੰਥ ਵਿਚ ਮਹਾਨੁਭਾਵ ਨਾਂ ਦਾ ਪਹਿਲਾਂ ਪਹਿਲ ਜ਼ਿਕਰ ਕੀਤਾ ਹੈ । ਸ਼੍ਰੀ ਦੱਤਾਤ੍ਰੇਯ ਪ੍ਰਭੂ ਅਤੇ ਸ੍ਰੀ ਕ੍ਰਿਸ਼ਨਚੱਕ੍ਰਵਰਤੀ ਮਹਾਨੁਭਾਵਾਂ ਦੇ ਪ੍ਰਮੁਖ ਦੇਵਤਾ ਸਨ । ਚਕ੍ਰਧਰ ਦੇ ਗੁਰੂ ਰਿੱਧਪੁਰ ਦੇ ਗੁਣਡਮ ਰਾਊਲ ਜਾਂ ਸ੍ਰੀ ਪ੍ਰਭੂ ਵਿਦੇਹੀ ਪੁਰਸ਼ ਸਨ । ਉਨ੍ਹਾਂ ਦੇ ਗੁਰੂ ਸਨ ਦਵਾਰਾਵਤੀ ਦੇ ਚਾਂਗਦੇਵ ਮਹਾਯੋਗੀ । ਪੰਥ ਦਾ ਸੰਗਠਨ ਵਿਵਸਥਿਤ ਕਰ ਦੇਣ ਵਾਲੇ ਅਚਾਰੀਆ ਨਾਗਦੇਵ ਜਾ ਭਟੋਬਾ ਨੂੰ ਚਕ੍ਰਧਰ ਨੇ ਅਚਾਰੀਆਂ ਦਾ ਦਰਜਾ ਦਿੱਤਾ । ਗੁਣਡਮ ਰਾਊਲ ਤੋਂ ਚਕ੍ਰਧਰ ਨੇ ਸ਼ਕਤੀ ਸਵੀਕਾਰ ਕੀਤੀ । ਉਂਝ ਗੁਰੂ ਪ੍ਰੰਪਰਾ ਇਸ ਤਰ੍ਹਾਂ ਹੈ :—

ਆਦੀਕਾਰਣ ਸ੍ਰੀ ਦੱਤ੍ਰਾਤ੍ਰੇਯ ਪ੍ਰਭੂ
|
ਸ੍ਰੀ ਚਾਂਗਦੇਵ ਰਾਊਲ
|
ਸ੍ਰੀ ਗੁਣਡਮ ਰਾਊਲ
|
ਸ੍ਰੀ ਚਕ੍ਰਧਰ
|
ਸ੍ਰੀ ਨਾਗਦੇਵ ਆਚਾਰੀਆ

ਮਹਾਨੁਭਾਵਾਂ ਦੀ ਇਸ ਗੁਰੂ—ਪ੍ਰੰਪਰਾ ਵਿਚ ਸ੍ਰੀ ਦੱਤਾਤ੍ਰੇਯ ਦਾ ਅਵਧੂਤ-ਸਨਿਆਸੀ-ਮਾਰਗ ਵੀ ਆ ਜਾਂਦਾ ਹੈ। ਕਾਊਰਲੀ ਦੀ ਕਾਮਾਖਿਆ ਹਠਯੋਗਿਨੀ 'ਰਤੀਚੀ ਚਾਡਾ' ਦਵਾਰਾਵਤੀਕਾਰ ਦੇ ਵੈਰਾਗ ਨੂੰ ਡੇਗਣ ਆਈ। ਪਰੰਤੂ ਉਸ ਤੇ ਕੋਈ ਅਸਰ ਨਾ ਹੋਇਆ, ਅਜਿਹੀ 'ਲੀਲਾ ਚਰਿਤ੍ਰ' ਗ੍ਰੰਥ ਵਿਚ ਵਰਣਨ ਹੈ। ਇਸਨੂੰ 'ਅਮਨਾਯ ਪੰਥ' ਵੀ ਕਿਹਾ ਗਿਆ ਹੈ। ਗੋਬਿੰਦ ਪ੍ਰਭੂ ਦੇ 'ਰਿਧੱਪੁਰਚਰਿਤ੍ਰ' ਵਿਚ ਲੀਲਾ 9 ਵਿਚ ਸ੍ਰੀ ਗੁਣਡਮ ਦੇ ਗੁਰੂ 'ਕਮਲਾਰਨ-ਯ ਦੱਸਿਆ ਗਿਆ ਹੈ। ਇਹ ਸਨਿਆਸੀ 'ਦਸ਼ਨਾਮੀ ਪੰਥ' ਵਿਚੋਂ ਹਨ ਅਜਿਹਾ ਵੀ ਕਿਹਾ ਗਿਆ ਹੈ। ਜਗਨਨਾਥ ਪੁਰੀ ਦਾ ਗੋਬਰਧਨ ਮਠ-ਆਮਨਾਯ ਪੀਠ ਵਿਚ ਅਚਾਰੀਆ ਦੇ ਨਾਮ ਦੇ ਅੰਤ ਵਿਚ 'ਵਨ ਯਾ ਅਰੰਨਯ' ਉਪਪਦ ਜੋੜਦੇ ਹਨ। ਸ਼ੰਕਰਾਚਾਰੀਆ ਰਾਹੀਂ ਸਥਾਪਤ ਮੱਠਾਂ ਵਿਚ ਕਾਸ਼ੀ ਪ੍ਰਾਗ ਦੇ[1] ਅਖਾੜਿਆਂ ਵਿਚ ਦੱਤਾਤ੍ਰੇਯ ਦੇ ਪਊਆਂ ਦੀ ਪੂਜਾ ਕੀਤੀ ਜਾਂਦੀ ਹੈ। ਮਾਹੂਰ ਦੇ 'ਸ਼ਿਖਰ' ਸੰਸਥਾਨ ਦੇ ਮਹੰਤ ਦਸ਼ਨਾਮ ਸਨਿਆਸੀਆਂ ਵਿਚੋਂ 'ਭਾਰਤੀ' ਉਪਨਾਮ ਧਾਰਨ ਕਰਨ ਵਾਲੇ ਅਤੇ 'ਦੱਤਾਤ੍ਰੇਯ' ਸਥਾਨ ਦੇ ਮੁੱਖ ਮਹੰਤ ਹਨ।

ਮਹਾਨੁਭਾਵ ਪੰਥ ਦੇ ਪ੍ਰਮੁੱਖ ਗ੍ਰੰਥ ਸਪਤ-ਕਾਵਿ ਮੰਨੇ ਜਾਂਦੇ ਹਨ.........(1) ਵੱਤਸਹਰਣ, (2) ਸ਼ਿਸ਼ੂਪਾਲ ਵੱਧ, (3) ਉਦਭੱਵ ਗੀਤਾ, (4) ਰੁਕਮਣੀ ਸੁਐਂਬਰ (ਨਰੇਂਦ੍ਰ ਕ੍ਰਿਤ)। ਇਨ੍ਹਾਂ ਚਾਰ ਕ੍ਰਿਸ਼ਨ-ਕਾਵਾਂ ਤੋਂ ਬਿਨ੍ਹਾਂ (5) ਬਹਾਲੇ ਨਾਰੋ ਵਿਆਸਕ੍ਰਿਤ 'ਰਿੱਧਪੁਰਵਰਣਨ' ਵਿਚ ਸ੍ਰੀ ਪ੍ਰਭੂ ਗੁਣਡਮਮੰਡਲ ਦੀਆਂ ਲੀਲਾਵਾਂ ਦਾ ਵਰਣਨ ਹੈ ਅਤੇ (6) 'ਤੈਹਾਦ੍ਰੀ ਵਰਣਨ' ਵਿਚ ਦੱਤਾਤ੍ਰੇਯ ਪ੍ਰਭੂ ਦੀਆਂ ਲੀਲਾਵਾਂ ਹਨ। 7 ਵਾਂ ਕਾਵਿ 'ਗਿਆਨ ਪ੍ਰਬੋਧ' ਹੈ, ਜਿਸ ਵਿਚ ਗੀਤਾ ਤੇ ਟੀਕਾ ਹੈ।

ਮਹਾਨੁਭਾਵ ਪੰਥ ਆਚਾਰੀਆ ਸ. ਜ. ਭਾਗਵਤ ਅਨੁਸਾਰ ਅਵੈਦਕ ਪੰਥ ਸੀ ਉਸਨੇ 'ਉਪਨਿਸ਼ਦ' ਅਤੇ ਗੀਤਾ ਨੂੰ ਆਪਣਾ ਆਧਾਰ ਬਣਾਇਆ 'ਵਿਸ਼ਨੂੰ ਪੁਰਾਣ' ਸ੍ਰੀ ਮਦ ਭਾਗਵਤ 'ਵੈਰਾਗ ਸ਼ਤਕ' 'ਅਧਿਆਤਮ ਰਮਾਇਣ' ਤੋਂ ਵੀ ਮਹਾਨੁਭਾਵਾਂ ਨੇ ਤਤਪਰਤਾ ਗ੍ਰਹਿਣ ਕੀਤੀ। 'ਮਹਾਂਰਾਸ਼ਟਰ ਸਾਰਸਵਤ ਕਾਰ' ਸ੍ਰੀ ਭਾਵੇ ਅਨੁਸਾਰ **'ਮੁਸਲਮਾਨ ਰਾਜਵੰਸ਼ ਦੇ ਇਕ ਰਾਜਾ ਤੋਂ ਮੁਨੀ ਵਿਆਸ ਪੂਰਵਾਸ਼ਰਮ ਦੇ ਕਮਲਾ ਕਰ ਅਯਾਂਚਿਤ ਕੋਟੀ ਨਾਮਕ ਉਦਯੋਗੀ ਅਤੇ ਸਾਜ਼ਿਸ਼ੀ ਆਦਮੀ ਨੇ ਇਕ ਆਗਿਆ ਪੱਤਰ ਪ੍ਰਾਪਤ ਕੀਤਾ ਅਤੇ ਮਹਾਂਰਾਸ਼ਟਰ ਵਿਚ 'ਸਮਾਧੀ' ਵਾਂਗ ਮਹਾਨੁਭਾਵ ਪੰਥ ਦੇ 'ਓਟੇ ਜਾਂ ਪੂਜਾ ਸਥਾਨ' (ਚੌਂਤਰੇ) ਬਣਵਾਏ। ਬੀੜ. ਪੇਠਨ. ਆਪੇਗਾਂਵ, ਫਲਟਣ, ਤ੍ਰਿਯੰਬਕ, ਮਠਪਿੰਪਰੀ, ਅਰਣਯ ਗਾਂਵ, ਮਿੰਗਾਰ ਰਾਮਦਰਾ, ਜੋਗੇਸ਼ਵਰੀ, ਥੇਰੂਲ, ਆਦਿ ਸ਼ਹਿਰਾਂ ਵਿਚ ਪ੍ਰਾਚੀਨ ਮੰਦਰਾਂ ਵਿਚ ਵੀ ਇਹ ਚੌਂਤਰੇ ਬਣਵਾਏ ਗਏ।**

ਮਹਾਨੁਭਾਵ ਜਾਤ ਪਾਤ ਨਹੀਂ ਮੰਨਦੇ ਸਨ। ਪਰੰਤੂ ਆਚਰਣਸ਼ੁੱਧੀ ਤੇ ਜ਼ੋਰ ਦਿੰਦੇ ਸਨ। ਇਸਤਰੀਆਂ ਵੀ ਸਨਿਆਸ ਦਾ ਅਧਿਕਾਰ ਰਖਦੀਆਂ ਸਨ। ਪ੍ਰਬਿਰਤੀ ਪੰਥੀ ਅਤੇ

ਨਿਬ੍ਰਿਤੀ ਪੰਥੀਆਂ ਲਈ ਸੁਤੰਤਰ ਨਿਯਮ ਸਨ। ਉਨ੍ਹਾਂ ਦਾ ਦਰਸ਼ਨ ਕੁਝ ਕੁਝ ਗੀਤਾ ਦੇ ਆਸਰੇ ਸੀ। ਮੂਰਤੀ ਪੂਜਾ ਲਾਜ਼ਮੀ ਨਹੀਂ ਸੀ। ਉਨ੍ਹਾਂ ਤੇ ਆਗਮ ਤੰਤਰਾਂ ਦਾ ਪ੍ਰਭਾਵ ਵੀ ਬਹੁਤ ਡੂੰਘਾ ਹੈ। ਗੁਰੂਚੇਲੇ ਦੇ ਆਲਿੰਗਨ ਨਾਲ 'ਸ਼ਕਤੀ-ਸੰਚਾਰ' ਹੁੰਦਾ ਹੈ। ਚੱਕਰਧਰ ਦੇ 'ਵਿਚਾਰ ਸਥਲ' ਗ੍ਰੰਥ ਵਿਚ 177 ਵਾਂ ਸੂਤਰ ਹੈ.........**'ਦ੍ਰਿਕੁ : ਸ੍ਪਰਸ਼ੁ : ਆਲਾਪੁ : ਅਨਤ : ਕਰਣ'** । ਇਹ ਤੰਤਰ ਆਗਮ ਦੇ **'ਦਰਸ਼ਨਾ·ਤ੍ਸਪਰ੍ਸ਼ਨਾਥ੍ਸ਼ਬ੍ਦਾਕ੍ਰਿਤ੍ਪਯਾ ਸ਼ਿਸ਼੍ਯਦੇਹਕੇ' ਨਾਲ ਮਿਲਦਾ ਵਿਚਾਰ ਹੈ।**

1925 ਵਿਚ ਯ. ਪੁ. ਦੇਸ਼ਪਾਂਡੇ ਨੇ 'ਮਹ·ਨੁਭਾਵੀਯ ਮਰਾਠੀ ਵਾਂਗਮਯ' ਗ੍ਰੰਥ ਵਿਚ ਲਿਖਿਆ ਹੈ ਕਿ ਮਹਾਨੁਭਾਵ ਪੰਥ ਦੇ ਸੀਮਤ ਪ੍ਰਚਾਰ ਦਾ ਪ੍ਰਮੁਖ ਕਾਰਨ ਉਨ੍ਹਾਂ ਦੇ ਗ੍ਰੰਥਾਂ ਦਾ ਸੰਕੇਤਿਕ ਲਿਪੀਆ ਵਿਚ ਲਿਖਿਆ ਜਾਣਾ ਹੈ। ਵਧੇਰੇ ਗ੍ਰੰਥ ਸਗਲ ਲਿਪੀ ਵਿਚ ਹਨ। ਉਂਞ ਤਾ 25 ਅਜਿਹੀਆ ਲਿਪੀਆ ਮਿਲਦੀਆ ਹਨ ਜਿਨ੍ਹਾਂ ਵਿਚ, ਸੁੰਦਰੀ, ਪਾਰਮਾਂਡਲੰਯ ਕਵੇਸ਼ਵਰੀ, ਅੰਕਲਿਪੀ, ਬਜਰਲਿਪੀ, ਸੁਭੱਦਰਾਲਿਪੀ, ਸਿੰਘ ਲਿਪੀ ਆਦਿ ਵੀ ਪ੍ਰਚੱਲਤ ਸਨ।

ਨਾਗਦੇਵ ਆਚਾਰੀਆ 1302 ਈਸਵੀ ਵਿਚ ਮਰੇ। ਉਨ੍ਹਾਂ ਤੋਂ ਮਗਰੋਂ ਕਵੀਸ਼ਵਰ ਭਾਸਕਾਰ ਅਚਾਰੀਆ ਦੂਸਰੇ ਅਚਾਰੀਆ ਬਣੇ। ਮਹਿੰਦਰ ਭੱਟ ਦੇ ਚਰਿੱਤਰ ਗ੍ਰੰਥ 'ਪ੍ਰਕਰਣਵਸ਼' ਕਵੀਸ਼ਵਰ ਅਚਾਰੀਆ ਦੇ ਕੋਲ ਸੀ। ਦਰਮਿਆਨ ਵਿਚ ਸੁਲਤਾਨ ਦਾ ਹਮਲਾ ਹੋਇਆ। ਇਸ ਕਰਕੇ ਅਚਾਰੀਆ ਕੋਂਕਣ ਵਿਚ ਗਏ। ਰਾਹ ਵਿਚ ਗ੍ਰੰਥਾਂ ਦੀ ਝੋਲੀ ਵੀ ਲੁੱਟ ਲਈ ਗਈ। ਪਿਛੋਂ ਇਹ ਗ੍ਰੰਥ ਸੁਖਾਗਰ ਕੀਤੇ ਗਏ। ਚੇਲਿਆਂ ਵੱਲੋਂ ਘੋਖੇ ਗਏ ਗ੍ਰੰਥ ਵਿਚ ਪਾਠ ਭੇਦ ਰਹਿੰਦੇ ਗਏ। ਕਵੀਸ਼ਵਰ ਤੋਂ ਮਗਰੋਂ ਪਰਸ਼ਰਾਮ ਆਚਾਰੀਆ ਤੀਸਰੇ ਅਚਾਰੀਆ ਹੋਏ। ਉਨ੍ਹਾ ਪਿੱਛੋਂ ਕੋਈ ਇਕ ਅਚਾਰੀਆ ਨਹੀਂ ਰਿਹਾ। ਪਰੰਤੂ ਮਹਾਨੁਭਾਵ ਪੰਥ ਤੇਰਾਂ ਕੁਲਾਂ ਵਿਚ ਵੰਡਿਆ ਗਿਆ। ਉਨ੍ਹਾਂ ਨੂੰ ਹੀ ਆਮਨਾਯ ਕਹਿੰਦੇ ਹਨ। ਫੇਰ ਚਰਿੱਤ੍ਰ-ਪਾਠ ਅਤੇ ਲੀਲਾ-ਗ੍ਰੰਥਾਂ ਵਿਚ ਵੀ ਇਕਵਾਕਯਤਾ (ਵਾਕਾਂ ਦੀ ਇਕਸਾਰਤਾ) ਨਾ ਰਹੀ।

ਇਸ ਪੰਥ ਦੇ ਹੋਰ ਪ੍ਰਮੁਖ ਗ੍ਰੰਥਾਂ ਵਿਚ ਮੁਨੀ ਵਿਆਸ ਅਤੇ ਉਨ੍ਹਾਂ ਦੀ ਸਥਾਨ-ਪੋਥੀ, ਨਿਆਏ ਵਿਆਸ ਦਾ 'ਹੇਤੂ ਸਥਾਨ' ਬੋਪਦੇਵ ਦੇ ਸ਼ਿਸ਼ ਪੰਡਤ ਭੀ ਸ਼ਮਾਚਾਰੀਆ ਦੀ 'ਗੀਤ ਗੋਬਿੰਦ ਟੀਕਾ' 'ਪੰਚਵਾਰਤਿਕ' ਮਾਰਗ ਪ੍ਰਭਾਕਰ ਨਿਰਦੇਵ ਸਤੋਤ੍ਰ, ਪੰਛੂਗੀਤਾ, ਆਦਿ ਵੀ ਹਨ। ਇਸ ਵਿਸ਼ੇ ਤੇ ਡਾ. ਵਿ. ਭਿ. ਕੋਲਤੇ ਨੇ 'ਮਹਾਨੁਭਾਵ ਤੱਤਵਿਗਿਆਨ' ਅਤੇ 'ਮਹਾਨੁ-ਭਾਵਾਚ ਆਚਾਰਧਰਮ' ਨਾਮ ਦੇ ਦੋ ਬਹੁਤ ਹੀ ਖੋਜ ਪੂਰਨ ਗ੍ਰੰਥ ਮਰਾਠੀ ਵਿਚ ਲਿਖੇ।

## ਪ੍ਰਚੀਨ ਸਾਹਿਤ : ਪ੍ਰਮੁੱਖ ਪ੍ਰਵਿਰਤੀਆਂ

ਮਰਾਠੀ ਦੇ ਆਦਿ ਕਵੀ ਹਨ ਮੁਕੰਦਰਾਜ। ਇਸ ਦੇ ਨਿਸ਼ਚਤ ਕਾਲ ਦੇ ਸਬੰਧ ਵਿਚ ਪਤਾ ਨਹੀਂ ਚੱਲਦਾ। ਆਮ ਤੌਰ ਤੇ ਗਿਆਨੇਸ਼ਵਰ ਤੋਂ ਇਕ ਸਦੀ ਪਹਿਲਾਂ (1188 ਈਸਵੀ ਦੇ ਲੱਗ-ਭੱਗ) 'ਵ੍ਵਿੇਕ ਸਿੰਧੂ' ਅਤੇ 'ਪ੍ਰਮਾਮ੍ਰਿਤ' ਇਨ੍ਹਾਂ ਦੋ ਗ੍ਰੰਥਾਂ ਦੀ ਰਚਨਾ ਮੁਕੰਦ ਰਾਜ ਨੇ ਕੀਤੀ। 'ਓਵੀ' ਨਾਂ ਦੇ ਮਰਾਠੀ ਨੇ ਆਪਣੇ ਅੱਖਰ-ਛੰਦ ਵਿਚ ਅਦ੍ਵੈਤ ਵੇਦਾਂਤ

ਤੇ ਇਹ ਦੋਵੇਂ ਗ੍ਰੰਥ ਹਨ। ਭਾਸ਼ਾ ਸ਼ੈਲੀ ਇਹੀ ਪ੍ਰਾਚੀਨ ਨਹੀਂ ਜਾਪਦੀ, ਜਿੰਨੀ ਗਿਆਨੇਸ਼ਵਰੀ ਦੀ ਹੈ। ਇਹ ਕਵੀ-ਨਾਥ-ਸੰਪਰਦਾਇ ਦਾ ਸੀ। ਮਛਿੰਦਰ ਨਾਥ, ਗੋਰਖ ਨਾਥ ਗੈਨੀ ਨਾਥ ਆਦਿ ਸ਼ਿਵਭਗਤ, ਹੱਠਯੋਗੀ ਗੁਰੂਆਂ ਦੀ ਪਰੰਪਰਾ ਉਤਰ ਭਾਰਤ ਤੋਂ ਮਹਾਂਰਾਸ਼ਟਰ ਵਿਚ ਆਈ। ਇਸ ਨਾਥ ਸੰਪਰਦਾਇ ਵਿਚੋਂ ਅੱਗੇ ਚਲਕੇ ਮਹਾਂਰਾਸ਼ਟਰ ਦਾ 'ਵਾਰਕਰੀ' (ਭਾਗਵਤਧਰਮ) ਨਿਕਲਿਆ।

ਜਿਸ ਤਰ੍ਹਾਂ ਇਕ ਪਾਸੇ ਨਾਥ ਸੰਪਰਦਾਇ ਦਾ ਪ੍ਰਾਚੀਨ ਕਾਵਿ ਮਿਲਦਾ ਹੈ, ਉਸੇ ਤਰ੍ਹਾਂ ਦੂਸਰੇ ਪਾਸੇ ਮਹਾਨੁਭਾਵ-ਪੰਥ ਧਰਮ-ਜਾਗਰਤੀ ਦਾ ਕੰਮ ਕਰ ਰਿਹਾ ਸੀ। ਇਹ ਸਾਹਿਤ ਪ੍ਰਾਚੀਨ-ਭਾਸਾ ਸੈਲੀ ਦੇ ਅਧਿਐਨ ਦੀ ਦ੍ਰਿਸਟੀ ਤੋਂ ਮਹੱਤਵ ਵਾਲਾ ਹੈ। 'ਸਕਲਾ' ਅਤੇ 'ਸੁੰਦਰੀ' ਨਾਮ ਦੀਆਂ ਸੰਕੇਤਿਕ ਲਿੱਪੀਆਂ ਵਿਚ ਸਾਹਿਤ ਰਚੇ ਜਾਣ ਕਰਕੇ ਕਈ ਸਦੀਆਂ ਤਕ ਇਸ ਦੇ ਨਿਚੋੜ ਤੋਂ ਜਨਤਾ ਅਨਜਾਣ ਸੀ। ਰਾਜਵਾੜੇ, ਭਾਵੇ, ਯ. ਪੂ. ਦੇਸ਼ਪਾਂਡੇ, ਨੇਨੇ ਆਦਿ ਆਧੁਨਿਕ ਸੋਧਕਾ ਦੀਆਂ ਕੋਸਿਸ਼ਾਂ ਨਾਲ ਉਹ ਸਾਹਿਤ ਹੁਣ ਸਾਰਿਆਂ ਲਈ ਮਿਲ ਸਕਿਆ ਹੈ। ਮਰਾਠੀ ਦੀ ਪਹਿਲੀ ਕਵਿਤਰੀ ਮਹਦੰਬਾ ਚਕ੍ਰਧਰ ਦੇ ਪ੍ਰਮੁਖ ਸ਼ਿਸ ਨਾਗਦੇਵਾਚਾਰੀਆਂ ਦੀ ਚਾਚੇ ਦੀ ਧੀ ਭੈਣ ਸੀ। ਵਿਆਹ ਪ੍ਰਸੰਗ ਵਿਚ ਗਾਉਣ ਯੋਗ ਕ੍ਰਿਸ਼ਨ ਭਗਤੀ ਰਸ ਭਰੇ 'ਧਵਲੇ' ਉਸਨੇ ਲਿਖੇ ਹਨ। 'ਧਵਲੇ' ਅਭੰਗ ਛੰਦ ਦੇ ਸਮਾਨ ਚਾਰ ਚਰਨਾ ਦਾ **ਯਮਿਤ** ਅਖਰ-ਸੰਖਿਆ ਦਾ ਛੰਦ ਹੈ। ਇਨ੍ਹਾਂ ਧਵਲਿਆਂ ਨਾਲ ਤੁਕਾਤ ਰਹਿਤ ਕਵਿਤਾ ਦਾ ਮਰਾਠੀ ਵਿਚ ਆਰੰਭ ਹੁੰਦਾ ਹੈ। ਉਸਨੇ 'ਪੂਜਾ ਵਸਰ' ਨਾਂ ਦਾ ਚਕ੍ਰਧਰ ਦਾ ਜੀਵਨ ਚਰਿੱਤਰ ਲਿਖਿਆ ਹੈ। ਮਹਾਨੁਭਾਵ ਪੰਥ ਦੀ ਸਥਾਪਨਾ ਦੇ ਇਕ ਸਦੀ ਤਕ ਇਸ ਪੰਥ ਦੀ ਕਾਵਿ ਪ੍ਰੰਪਰਾ ਸਾਹਿਤ ਦੇ ਇਤਿਹਾਸ ਵਿਚ ਹਰ ਤਰ੍ਹਾ ਨਾਲ ਮਹੱਤਵ-ਪੂਰਨ ਮੰਨੀ ਜਾਂਦੀ ਹੈ।

1290 ਈਸਵੀ ਵਿਚ 'ਭਗਵਦਗੀਤਾ' ਦੇ ਅਠ੍ਹਾਰਾ ਅਧਿਆਵਾਂ ਤੇ ਨੌ ਹਜ਼ਾਰ ਓਵੀਆਂ ਵਿਚ ਜੋ ਪਦਾਤਮਕ ਟੀਕਾ ਮਰਾਠੀ ਸੰਤ-ਕਵੀਆਂ ਦੀ ਪ੍ਰੰਪਰਾ ਦੇ ਪਹਿਲੇ ਪ੍ਰੇਰਕ ਸ੍ਰੀ ਗਿਆਨੇਸ਼ਵਰ ਨੇ ਆਪਣੇ 'ਗਿਆਨੇਸ਼ਵਰੀ' ਦੇ ਗ੍ਰੰਥ ਰਾਹੀਂ ਕੀਤੀ, ਉਹ ਮਰਾਠੀ ਸਾਹਿਤ ਦੇ ਇਤਹਾਸ ਦੀ ਇਕ ਅਪੂਰਵ ਘਟਨਾ ਹੈ। ਗੋਦਾਵਰੀ ਨਦੀ ਦੇ ਕਿਨਾਰੇ ਆਪਗਾਂਵ ਵਿਚ ਵਿਠਲਪੰਤ ਨੂੰ ਸ੍ਰੀਪਾਦ ਸੁਆਮੀ ਦੀ ਕਿਰਪਾ ਨਾਲ ਸਨਿਆਸੋਤੱਰ ਜੋ ਚਾਰ ਸੰਤਾਨਾ ਹੋਈਆਂ, ਸਿਲਸਲੇਵਾਰ ਉਨ੍ਹਾਂ ਦੇ ਨਾਂ ਇਸ ਤਰ੍ਹਾਂ ਹਨ.........ਨਿਵ੍ਰਿਤੀ, ਗਿਆਨ ਦੇਵ, ਸੋਪਾਨ, ਮੁਕਤਾਬਾਈ। ਇਹ ਸਭੇ ਸੰਤ ਕਵੀ ਸਨ। ਪਰੰਤੂ ਗਿਆਨ ਦੇਵ ਇਨ੍ਹਾਂ ਵਿਚੋਂ ਸਭ ਤੋਂ ਪ੍ਰਸਿੱਧ ਹੋਏ। ਕੇਵਲ 22 ਸਾਲ ਉਹ ਜਿਉਂਦੇ ਰਹੇ। ਅਜਿਹੀ ਛੋਟੀ ਉਮਰ ਵਿਚ ਦਰਸ਼ਨ ਸ਼ਾਸਤਰ ਨਾਲ ਭਰਪੂਰ ਅਤੇ ਸਾਹਿਤ-ਸੁੰਦਰਤਾ ਨਾਲ ਸਜਿਆ ਕਾਵਿ-ਗ੍ਰੰਥ ਮਰਾਠੀ ਵਿਚ ਤਾਂ ਕੀ ਹੋਰ ਸਾਹਿਤ ਵਿਚ ਵੀ ਘੱਟ ਹੀ ਮਿਲੇਗਾ। ਇਕ ਉਦਾਹਰਣ ਉਨ੍ਹਾਂ ਦੀ ਉਤਮ ਰਚਨਾ ਦਾ ਇਸ ਤਰ੍ਹਾਂ ਹੈ। ਕਾਵਿ ਦੀ ਮਹੱਤਤਾ ਦੱਸਦੇ ਹੋਏ ਗਿਆਨੇਸ਼ਵਰ ਕਹਿੰਦੇ ਹਨ ਕਿ—"ਉਹ ਉਸ ਪਾਣੀ ਵਾਂਗ ਹਨ ਜੋ ਇਕ ਪਾਸੇ ਤਾਂ ਅੱਖ ... ਪੁਜਾਰੀ

ਤਕ ਨੂੰ ਨਹੀਂ ਦੁਖਾਂਦਾ ਅਤੇ ਦੂਸਰੇ ਪਾਸੇ ਸਖ਼ਤ ਚਟਾਨਾਂ ਵੀ ਤੋੜਦਾ ਹੋਇਆ ਵਹਿੰਦਾ ਹੈ।" ਗਿਆਨੇਸ਼ਵਰੀ ਦੇ ਨਾਲ, 'ਅਮ੍ਰਿਤਾਨੁਭਾਵ' ਤੇ ਕੁਛ ਫੁਟਕਲ ਅਭੰਗ (ਪਦ) ਵੀ ਗਿਆਨੇਸ਼ਵਰ ਨੇ ਲਿਖੇ। 'ਗਿਆਨੇਸ਼ਵਰੀ' ਦਾ ਹਿੰਦੀ ਅਤੇ ਅੰਗਰੇਜ਼ੀ ਅਨੁਵਾਦ ਅੱਜ ਕਲ੍ਹ ਮਿਲਦਾ ਹੈ।

ਗਿਆਨੇਸ਼ਵਰ ਦੇ ਸਮੇਂ ਵਿਚ ਕਈ ਹੋਰ ਸੰਤ ਕਵੀ ਹੋਏ। ਉਨ੍ਹਾਂ ਵਿਚ ਬਹੁਤਿਆਂ ਨੇ ਤੀਰਥ ਯਾਤਰਾ ਦੇ ਨਮਿੱਤ ਭਾਰਤ-ਭ੍ਰਮਣ ਕੀਤਾ ਅਤੇ ਹਿੰਦੀ ਕਵਿਤਾ ਵਿਚ ਵੀ ਰਚਨਾਵਾਂ ਲਿਖੀਆਂ। ਉਨ੍ਹਾਂ ਵਿਚ ਕਈ ਹਰੀਜਨ ਕਵੀ ਵੀ ਸਨ। ਜਿਵੇਂ ਨਾਮਦੇਵ ਦਰਜੀ, ਅਤੇ ਉਸ ਦੀ ਦਾਸੀ ਜਨਾਬਾਈ, ਗੋਰਾ ਘੁਮਾਰ, ਸਾਵਤਾ ਮਾਲੀ, ਬਿਸੋਬਾ ਖੇਚਰ, ਨਰਹਰੀ ਸੁਨਾਰ, ਬੰਕਾ ਮਹਾਰ, ਚੋਖਾ ਮੇਲਾ, ਪਰਸ ਭਾਗਵਤ, ਕਾਨਹੋਪਤਰਾ ਪਤੁਰਿਆ, ਸੇਨਾ ਨਾਈ, ਸਧਨ ਕਸਾਈ ਆਦਿ। ਬਰਕਰੀ-ਸੰਪਰਦਾਯ ਦੇ ਪ੍ਰਮੁੱਖ ਪੂਜਨੀਕ ਪੰਢਰ ਪੁਰ ਦੇ ਪੰਢਰੀ ਨਾਥ ਸਨ। ਇਸ ਸੰਪਰਦਾਇ ਵਿਚ ਭਗਤੀ ਗੁਣ ਪ੍ਰਧਾਨ ਸੀ। ਜਾਤ ਪਾਤ ਨੂੰ ਕੋਈ ਮਹੱਤਵ ਨਹੀਂ ਦਿੱਤਾ ਜਾਦਾ ਸੀ। ਇਸ ਸੰਤ ਮਾਲਾ ਵਿਚ ਸਾਹਿਤ ਦੀ ਨਜ਼ਰ ਤੋਂ ਪ੍ਰਮੁੱਖ ਹਨ ਦੋ—ਨਾਮਦੇਵ (1270—1350 ਈ) ਅਤੇ ਏਕਨਾਥ (1533—1599)। ਨਾਮ ਦੇਵ ਦੀ ਪ੍ਰਮੁੱਖ ਤੋਰ ਤੇ ਪਦਾ ਦੇ ਰੂਪ ਵਿਚ ਸੀ, ਸੂਰ ਵਾਂਗ ਏਕਨਾਥ ਨੇ 'ਭਾਗਵਤ' 'ਭਾਵਾਰਥ ਰਾਮਾਇਣ, ਰੁਕਮਣੀ ਸੁਐਂਮਬਰ' ਆਦਿ ਗ੍ਰੰਥ ਲਿਖੇ ਹਨ। ਇਨ੍ਹਾਂ ਦੋ ਕਵੀਆਂ ਦੇ ਵਿਚ ਇਕ ਦੋ ਸਦੀਆਂ ਵਿਚ ਜੋ ਪ੍ਰਮੁੱਖ ਘਟਨਾ ਹੋਈ, ਉਹ ਸੀ ਮੁਸਲਮਾਨਾਂ ਦਾ ਦੱਖਣ ਵਿਚ ਦਾਖਲਾ। ਇਹ ਸਾਰੇ ਦੇ ਸਾਰੇ ਹਿੰਦੂ ਧਰਮ, ਮਰਾਠੀ ਸੰਤ ਅਤੇ ਭਾਸ਼ਾ ਤੇ ਅਤਿਆਚਾਰ ਕਰਨ ਵਾਲੇ ਨਹੀਂ ਸਨ। ਬਹਮਨੀ ਰਾਜ ਦੇ ਕੁਛ ਬਾਦਸਾਹ ਅਤੇ ਕੁਛ ਸੁਲਤਾਨ ਮਰਾਠੀ-ਪ੍ਰੇਮੀ ਸਨ। ਕਈ ਤਾਂ ਸੰਤਾਂ ਦੇ ਸ਼ਿਸ਼ ਵੀ ਬਣੇ। 1555 ਈਸਵੀ ਵਿਚ ਇਬਰਾਹੀਮ ਆਦਲਸ਼ਾਹ ਨੇ ਬੀਜਾਪੁਰ ਦਰਬਾਰ ਵਿਚ ਮਰਾਠੀ ਭਾਸ਼ਾ ਪ੍ਰਚੱਲਤ ਕੀਤੀ। ਪਰੰਤੂ ਅਜਿਹੇ ਰਾਜ ਘੱਟ ਸਨ। ਦੂਸਰੀ ਮਹੱਤਵਪੂਰਨ ਘਟਨਾ ਸੀ ਚੌਧਵੀਂ ਸਦੀ ਵਿਚ ਨ੍ਰਿਪ ਸਿੰਘ ਸਰਸਵੱਤੀ ਅਤੇ ਜਨਾਰਦਨ ਸੁਆਮੀ ਨਾ ਦੇ ਦੋ ਸਾਧੂਆਂ ਦਵਾਰਾ ਦੱਤ ਸੰਪਰਦਾਇ ਦਾ ਚਾਲੂ ਹੋਣਾ। ਸੰਗਾਧਰ ਸਰਸਵੱਤੀ ਨਾਮ ਦੇ ਉਪਰੋਕਤ ਸਾਧੂਆਂ ਦੇ ਇਕ ਸ਼ਿਸ਼ ਦਾ ਲਿਖਿਆ ਹੋਇਆ 'ਗੁਰੂ ਚਰਿੱਤ੍ਰ' ਗ੍ਰੰਥ ਮਹਾਰਾਸ਼ਟਰ ਵਿਚ ਬਹੁਤ ਜ਼ਿਆਦਾ ਲੋਕਪ੍ਰਿਅ ਹੋਇਆ ਅਤੇ ਹੁਣ ਵੀ ਬਜ਼ੁਰਗਾਂ ਦੇ ਜ਼ਬਾਨੀ ਯਾਦ ਹੈ। ਪੁਰਾਣੇ ਘਰਾਂ ਵਿਚ ਉਸਦਾ ਨਿੱਤ ਪਾਠ ਹੁੰਦਾ ਹੈ।

ਗਿਆਨੇਸ਼ਵਰੀ ਤੋਂ ਮਗਰੋਂ ਪ੍ਰਾਚੀਨ ਸਾਹਿਤ ਵਿਚ ਏਕਨਾਥ ਦੀ ਭਗਬਤ ਟੀਕਾ, ਪੂਜਨੀਕ ਅਤੇ ਸਾਹਿਤਕ ਗੁਣਾ ਵਿਚ ਬਰਾਬਰ ਮੰਨੀ ਜਾਂਦੀ ਹੈ। ਭਗਵਤੀ ਟੀਕਾ ਵਿਚ ਏਕਨਾਥ ਦੀ ਇਕ ਵੱਡੀ ਵਿਸ਼ੇਸ਼ਤਾ ਸੀ ਸੰਸਕ੍ਰਿਤ ਵਿਚ ਮੁਠੀ ਭਰ ਪੰਡਤਾਂ ਲਈ ਪ੍ਰਾਪਤ ਚੀਜ਼ ਨੂੰ ਜਨਤਾ ਦੀ ਆਮ ਜਨਤਾ ਦੀ, ਲੋਕਾਂ ਨੂੰ ਖੁਸ਼ ਕਰਨ ਵਾਲੀ ਲੋਕਾਂ ਦੇ ਕੰਮ ਦੀ ਚੀਜ਼ ਬਨਾਉਣਾ। 'ਸੰਸਕ੍ਰਿਤ ਵੰਦਾਯ ਪ੍ਰਾਕ੍ਰਿਤ ਨਿੰਦਯ। ਹੇ ਬੋਲ ਕਾਥ ਹੋਤੀ ਬੁੱਧ (ਸੰਸਕ੍ਰਿਤ ਪੂਜਣ ਯੋਗ ਹੈ, ਪ੍ਰਾਕ੍ਰਿਤ ਨਿੰਦਣ ਯੋਗ ਹੈ, ਇਸ ਤਰ੍ਹਾਂ ਕੀ ਚੰਗਾ ਜਾਂ ਬੁੱਧ ਹੈ)

ਏਕਨਾਥ ਕਾ ਇਕ ਵਚਨ.........**ਕਾ ਭਾਸ਼ਾ ਕਾ ਸੰਸਕ੍ਰਿਤੀ** ਵਾਲੀ ਪ੍ਰਸਿੱਧ ਉਕਤੀ ਦੀ ਯਾਦ ਕਰਾਉਂਦਾ ਹੈ। ਗਿਆਨੇਸ਼ਵਰ ਦੀ ਰਚਨਾ ਵਿਚ ਅਭਿਜਾਤਯ (ਬੁਧੀਮਤਾ) ਵਧੇਰੇ ਸੀ। ਏਕਨਾਥ ਦੀ ਰਚਨਾ ਅਧਿਕ ਅਨੰਦ ਦੇਣ ਵਾਲੀ ਅਤੇ ਸਰਵਪ੍ਰਿਅ ਹੋਈ। ਗਿਆਨੇਸ਼ਵਰ ਕਈਆਂ ਥਾਵਾਂ ਤੇ ਕਠਿਨ ਅਤੇ ਰਹੱਸਵਾਦੀ ਹਨ। ਏਕ-ਨਾਥ ਤੁਲਸੀ ਦਾਸ ਵਾਂਗ ਅਰਥ-ਸੁਲੱਭ, ਸਾਧਾਰਣੀਕਰਣ ਵਾਲੀ, ਅਤੇ ਆਪਣੀ ਸਰਲਤਾ ਨਾਲ ਸੱਜੀਆਂ ਹੋਈਆਂ ਹਨ। ਏਕਨਾਥ ਦੀ ਪ੍ਰੰਪਰਾ ਨੂੰ ਨਾਥ-ਪ੍ਰਪਰਾ ਕਹਿੰਦੇ ਹਨ। ਜਿਸ ਵਿਚ ਪ੍ਰਮੁੱਖ ਕਵੀ ਹੋਏ.........ਦਾਸੋਪੰਤ (1551-1615 ਈਸਵੀ) ਤ੍ਰਿਅੰਬਕ ਰਾਜ (1580 ਈਸਵੀ ਦੇ ਨੇੜੇ) ਸ਼ਿਵ ਕਲਿਆਣਾ (1568 ਤੋਂ 1638), ਰਮਾਬੱਲਭ ਦਾਸ ਆਦਿ। ਦਾਸੋਪੰਤ ਨੇ 46 ਗ੍ਰੰਥ ਅਤੇ ਸਵਾ ਲੱਖ ਓਵੀਆਂ (ਇਕ ਛੰਦ ਦੀ ਕਿਸਮ) ਲਿਖੀਆਂ। ਗਿਆਨੇਸ਼ਵਰ-ਪੰਚਾਇਤਨ ਵਿਚ ਗਿਆਨੇਸ਼ਵਰ ਚਾਰ ਭਾਈ ਭੈਣ ਅਤੇ ਨਾਮਦੇਵ ਆਉਂਦੇ ਸਨ। ਉਂਜ ਹੀ 'ਏਕਨਾਥ ਪੰਚਾਇਤਨ' ਵਿਚ, ਏਕਨਾਥ ਦਾਸੋਪੰਤ, ਰਾਮਜਨਾਰਦਨ, ਅਤੇ ਬਿਨਾ-ਰੇਦੂਕਾਨੰਦਨ ਨਾਂ ਦੇ ਕਵੀ ਆਉਂਦੇ ਹਨ, ਤ੍ਰਿਅੰਬਕ ਰਾਜ ਦਾ 'ਬਾਲਬੋਧ' ਗ੍ਰੰਥ ਵੇਦਾਂਤ ਅਤੇ ਓਂਕਾਰ ਉਪਾਸਨਾ ਨਾਲ ਸਬੰਧਤ ਹੈ। ਸ਼ਿਵਕਲਿਆਣ ਨੇ 'ਨਿਤਯਾਨੰਦੇਕਯ ਦੀਪਿਕਾ' ਰਾਸਪੰਚਾਧਿਆਈ, ਬ੍ਰਹਮਸਤੁਤੀ, ਨਾਂ ਦੇ ਗ੍ਰੰਥ ਲਿਖੇ ਹਨ। ਰਮਾਬੱਲਭਦਾਸ ਦੀ ਗੀਤਾ ਦੀ ਚਮਤਕਾਰੀ ਟੀਕਾ ਪ੍ਰਸਿੱਧ ਹੈ।

## ਪ੍ਰਮੁੱਖ ਸੰਤ-ਕਵੀ

ਮਹਾਂਰਾਸ਼ਟਰ ਦੀ ਸੰਤ-ਕਾਵਿ-ਪ੍ਰੰਪਰਾ ਤੇ ਉਸ ਦੇ ਆਸ ਪਾਸ ਦੇ ਜਿਵੇਂ ਕਰਨਾਟਕ, ਤਮਿਲਨਾਡ, ਆਂਧਰ ਆਦਿ ਦਾ ਬਹੁਤ ਪ੍ਰਭਾਵ ਪਿਆ। **'ਭਗਤੀ ਦ੍ਰਾਵਿੜ ਉਪਜੀ, ਲਾਏ ਰਾਮਾ ਨੰਦ।'** ਇਹ ਲੋਕੋਕਿਤੀ ਵੀ ਏਸੇ ਕਰਕੇ ਸਾਰਥਕ ਹੈ। ਰਾਮਾ ਨੰਦ ਉੱਤਰ ਭਾਰਤ ਤਕ ਆ ਕੇ ਬਨਾਰਸ ਵਿਚ ਕਬੀਰ ਆਦਿ ਦੇ ਗੁਰੂ ਹੋਏ। ਪ੍ਰੋ. ਰ. ਡਾ. ਰਾਨਾਡੇ ਦੀ ਰਾਏ ਅਨੁਸਾਰ ਸ੍ਰੀ ਪਾਦ ਰਾਮਾਨੰਦ ਗਿਆਨੇਸ਼ਵਰ ਦੇ ਪਿਤਾ ਸਨ। ਰਾਮਾਨੰਦ ਲੱਗ-ਪੱਗ 1400 ਤੋਂ 1500 ਈਸਵੀ ਤਕ ਹੋਏ। ਉਹ ਹੀ ਆਪਣੇ ਵੈਰਾਗੀ ਪੰਥ ਵਿਚ ਵੈਰਾਗੀਆਂ ਅਛੂਤਾਂ ਅਤੇ ਗ਼ੈਰ ਹਿੰਦੂਆਂ ਨੂੰ ਲਿਆਏ। ਐਫ. ਈ. ਕੇ. ਦੇ ਅਨੁਸਾਰ ਜ਼ਾਤਪਾਤ ਨਾ ਮੰਨਣਾ ਰਾਮਾਨੰਦ ਤੇ ਮੁਸਲਮਾਨੀ ਪ੍ਰਭਾਵ ਦੀ ਜਾਣਕਾਰੀ ਕਰਾਉਂਦਾ ਹੈ। ਮਧਯੁੱਗ ਦੀ ਸਾਰੀ ਸਵਾਧੀਨ ਚਿੰਤਾ ਦੇ ਗੁਰੂ ਰਾਮਾਨੰਦ ਹੀ ਸਨ, ਅਜਿਹਾ ਡਾਕਟਰ ਹਜ਼ਾਰੀ ਪ੍ਰਸਾਦ ਦਵੇਦੀ ਨੇ ਆਪਣੀ ਹਿੰਦੀ 'ਸਾਹਿਤ ਦੀ ਭੂਮਿਕਾ' ਵਿਚ ਕਿਹਾ ਹੈ। ਵਿਸ਼ਿਸ਼ਟਾਦ੍ਵੈਤੀ ਰਾਘਵਾਨੰਦ ਦੇ ਸ਼ਿਸ਼ ਹੋਣ ਤੇ ਵੀ ਉਨ੍ਹਾਂ ਨੇ ਆਪਣਾ "ਰਾਮਾਵਤ ਸੰਪਰਦਾਯ" ਚਲਾਇਆ। ਆਚਾਰੀਆ ਖਸ਼ਿਤੀਮੋਹਨ ਸੇਨ ਨੇ 'ਭਾਰਤੀ ਮਧਯੁਗੇਰ ਸਾਧਨਾ' ਵਿਚ ਹਰੀਹਰਦਾਸ ਦੀ 'ਹਰੀਭਗਤੀ-ਪ੍ਰਕਾਸ਼ਕਾ' ਦਾ ਇਕ ਉਦਾਹਰਣ ਦਿੱਤਾ ਹੈ, ਜਿਸ ਵਿਚ ਵਰਣ ਆਸ਼ਰਮ ਦੇ ਬੰਧਨ ਨਾ ਮੰਨਣ ਦੀ ਗੱਲ ਸਪੱਸ਼ਟ ਲਿਖੀ ਹੈ। ਰਮਾਨੰਦ ਦੀ ਪ੍ਰੰਪਰਾ ਵਿਚ ਸੇਨਾਨਾਈ, ਰੈਦਾਸ ਚਮਾਰ, ਕਬੀਰ ਜੁਲਾਹਾ, ਧੰਨਾ ਜੱਟ, ਪੀਪਾ ਰਾਜਪੂਤ ਆਦਿ ਸਨ। ਮਹਾਂਰਾਸ਼ਟਰ ਦੀ ਸੰਤ ਨਾਮਾਵਲੀ ਵਿਚ ਸੇਨਾਨਾਈ ਨਾਮ ਮਿਲਦਾ ਹੈ ਉਸਦੇ ਪਦਾਂ ਵਿਚ ਇਹ ਅੰਤਰ-

ਸਾਖਸ਼ਯ ਹੈ.........

ਆਮਹੀ ਬਾਰੀਕ ਬਾਰੀਕ। ਕਰੂੰ ਹਜਾਮਤ ਬਾਰੀਕ ॥
ਵਿਵੇਕਦਰਪਣ ਆਯਾਨਾ ਦਾਖੂੰ। ਵੈਰਾਗਯ ਚਿਮਟਾ ਹਾਲਵੂੰ ॥
ਉਦਕਸ਼ਾਂਤੀ ਡੋਈ ਚੋਲੂੰ। ਅਹੰਕਾਰੀ ਸ਼ੇਂਡੀ ਪਿਲੂੰ ॥
ਭਾਵਾਰਥਾਚਯਾ ਬਗਲਾ ਝਾਡੂੰ। ਕਾਮ ਕ੍ਰੋਧ ਨਖੇਂ ਕਾਢੂੰ ॥
ਚੌਵਰਣਾ ਦੇਊਨੀ ਹਾਤ। ਸੇਨਾ ਰਾਹਿਲਾ ਨਿਵਾਂਤ ॥

ਅਰਥਾਤ ਅਸੀਂ ਬਹੁਤ ਬਰੀਕ ਹਜਾਮਤ ਹਰ ਬਾਰ ਬਣਾਉਂਦੇ ਹਾਂ, ਵਿਵੇਕ-ਦਰਪਣ ਦਾ ਸ਼ੀਸਾ ਦਿਖਾਉਂਦੇ ਹਾਂ, ਵੈਰਾਗ ਦਾ ਚਿਮਟਾ ਹਿਲਾਉਂਦੇ ਹਾਂ। ਉਦਕਸ਼ਾਂਤੀ ਸਿਰ ਪਰ ਮਲਦੇ ਹਾਂ, ਹੰਕਾਰ ਦੀ ਸਿਖਾ (ਬੋਦੀ) ਨੂੰ ਗੇੜੇ ਦਿੰਦੇ ਹਾਂ। ਭਾਵਾਰਥ ਦੀਆਂ ਬਗਲਾਂ ਸਾਫ਼ ਕਰਦੇ ਹਾਂ। ਕਾਮ ਕ੍ਰੋਧ ਦੇ ਨੌਂਹ ਕੱਟਦੇ ਹਾਂ। ਚਾਰਾਂ ਵਰਣਾਂ ਨੂੰ ਹੱਥ ਦੇ ਕੇ ਸੇਨਾ ਸ਼ਾਂਤੀ ਨਾਲ ਰਿਹਾ।

ਰਾਮਾਨੰਦ ਦੀ ਪਰੰਪਰਾ ਦਾ ਹੀ ਇਹ ਅਸਰ ਸੀ ਕਿ ਦਰਜੀ ਦਾ ਕੰਮ ਕਰਨ ਵਾਲਾ ਜਾਂ ਰਾਹ ਵਿਚ ਲੁੱਟ ਮਾਰ ਕਰਨ ਵਾਲਾ ਨਾਮਦੇਵ, ਘਰ ਦੀ ਚੱਕੀ ਪੀਹਣ ਵਾਲੀ ਅਤੇ ਮਹਿਰੀ ਦਾ ਕੰਮ ਕਰਨ ਵਾਲੀ ਜਨਾਬਾਈ, ਮਿੱਟੀ ਦੇ ਭਾਂਡੇ ਬਣਾਉਣ ਵਾਲਾ ਗੋਰਾ ਘੁੰਮਾਰ, ਪਿਆਜ ਕੰਦ ਮਿਰਚ ਲਗਾਉਣ ਅਤੇ ਬਾਗ਼ ਦਾ ਕੰਮ ਕਰਨ ਵਾਲਾ ਸਾਵਤਾ ਮਾਲੀ, ਮਿਸਤਰੀ ਦਾ ਕੰਮ ਕਰਨ ਜਾਂ ਮਰੇ ਹੋਏ ਡੰਗਰ ਢੋਣ ਵਾਲਾ ਚੋਖਾ ਚਮਾਰ ਜਾਂ ਮੇਲਾ, "ਯਾਤੀਹੀਨਾ" ਕਾਨਹੋਪਾਤਰਾ ਆਦਿ ਸੰਤ ਕਵੀਆ ਨੇ 'ਵਾਰਕਰੀ' ਪੰਥ ਦੇ ਰੂਪ ਵਿਚ ਈਸਾ ਦੀ ਤੇਰ੍ਹਵੀਂ ਅਤੇ ਚੌਧਵੀਂ ਸਦੀ ਵਿਚ ਮਹਾਰਾਸਟਰ ਨੂੰ ਹਿੱਲਾ ਦਿੱਤਾ।

ਦੱਖਣੀ ਭਾਰਤ ਵਿਚ ਵੀ ਨੰਦ ਜਾ ਤਿਰੂਨੈਲਪੋਕਰ ਨਾਮ ਦਾ ਇਕ 'ਪਰਾਯਾ' ਜਾਤ ਦਾ ਸਾਧੂ ਪੁਰਸ਼ ਤੇਰ੍ਹਵੀਂ ਸਦੀ ਵਿਚ ਹੋਇਆ। ਉਹ ਬੱਚਪਨ ਵਿਚ 'ਮ੍ਰਿਣਮਯ' ਮੂਰਤੀ ਪੂਜਾ ਕਰਦਾ ਸੀ। ਉਸ ਦੀ ਇੱਛਾ ਸੀ ਤਿਰੁਪਨਕਰ ਦੇ ਦੇਵ-ਦਰਸ਼ਨ ਉਹ ਆਪ ਜਾਕੇ ਕਰੇ। ਉਂਜ ਮੰਦਰ ਲਈ ਨਗਾਰੇ ਦਾ ਚੱਮੜਾ ਉਹ ਆਪ ਤਿਆਰ ਕਰਦਾ ਸੀ। ਇਕ ਦਿਨ ਮੰਦਰ ਵਿਚ ਉਹ ਨੰਦੀ ਦੇ ਪਿੱਛੇ ਛੁੱਪਕੇ ਦੇਖ ਰਿਹਾ ਸੀ ਤਦ ਨੰਦੀ ਵਿਚ ਕੁਛ ਹਿਲਿਆ ਅਤੇ ਅਜ ਵੀ ਉਹ ਨੰਦੀ ਅਜਿਹੀ ਹੀ ਅਵੱਸਥਾ ਵਿਚ ਉਪਰੋਕਤ ਸ਼ਿਵ ਮੰਦਰ ਵਿਚ ਹੈ। ਉਹ ਚਿਦੰਬਰ ਦਰਸ਼ਨ ਨੂੰ ਗਿਆ। ਅਪਜੂਰ ਪਿੰਡ ਦੇ ਲੋਕਾਂ ਨੇ ਉਸਦਾ ਭਸਮ ਲਗਿਆ ਜਿਸਮ ਵੇਖਕੇ ਨੰਦ ਨੂੰ ਭੂਤ-ਵਾਧਾ (ਭੂਤ ਚਿੰਬੜਣਾ) ਹੋ ਗਈ, ਅਜਿਹਾ ਮੰਨਿਆ। ਪਰਾਇਆ ਅਤੇ ਕਰੂੰਪਨ ਪੁਜਾਰੀਆਂ ਨੇ ਦੇਵਤਿਆਂ ਨੂੰ ਸੌ ਬੱਕਰੀਆਂ, ਦੋ ਸੌ ਮੁਰਗੀਆਂ ਅਤੇ ਤਾੜੀ ਅਰਪਨ ਕਰਨ ਦੀ ਗੱਲ ਉਨ੍ਹਾਂ ਨੇ ਕਹੀ, ਜਿਸ ਨਾਲ ਦੂਸਰੇ ਵਿਚ ਭੂਤ ਆਕੇ ਬੋਲਿਆ। ਮੀਂਹ ਨਾ ਪੈਣ ਕਰਕੇ ਖੇਤੀਆਂ ਸੁੱਕ ਰਹੀਆਂ ਸਨ। ਉਹ ਬਰਸਾਤ ਦੇ ਅਤੇ ਖੇਤੀ ਦਾ ਕੰਮ ਕਰਨ ਦੇ ਦਿਨ ਸਨ। ਬਰਾਹਮਣ ਜ਼ਿਮੀਂਦਾਰ ਨੰਦ ਨੂੰ ਦੇਵ-ਦਰਸ਼ਨ ਲਈ ਜਾਣ ਦੀ ਆਗਿਆ ਨਹੀਂ ਦਿੰਦੇ ਸਨ। ਤਦ ਨੰਦ ਨੇ ਸ਼ਿਵਨਾਮ ਲੈ ਕੇ ਨੱਚਣਾ ਸ਼ੁਰੂ ਕਰ ਦਿੱਤਾ। ਮੁੰਡੇ

ਵਿਚ ਖੇਤ ਲਹਿਲਹਾ ਉਠੇ। ਸਾਰੇ ਲੋਕ ਇਹ ਦੇਖ ਕੇ ਹੈਰਾਨ ਹੋਏ। ਉਥੋਂ ਦੇ ਚਿਤੰਬਰਨ ਦੀਖਸ਼ਤਾਂ ਨੂੰ ਨੰਦ ਨੂੰ ਅੱਗ ਨਾਲ ਸ਼ੁੱਧ ਕਰ ਲੈਣ ਦਾ ਦ੍ਰਿਸ਼ਟਾਂਤ ਹੋਇਆ, ਅੰਤ ਵਿਚ ਕਿਹਾ ਜਾਂਦਾ ਹੈ ਕਿ ਉਹ ਸ਼ਿਵ ਵਿਚ ਸਮਾ ਗਿਆ। ਤਿਰੂਨੀਲਕੰਠ ਯਲਮਾਨਾਰ ਦੂਸਰੇ ਹਰੀਜਨ ਸ਼ੈਵਸੰਤ ਮੰਨੇ ਜਾਂਦੇ ਹਨ। ਵੈਸ਼ਨਵ-ਸੰਤਾਂ ਵਿਚ ਮੁਨੀਵਾਹਲ ਤਿਰੁਪਾਨਾਲਵਾਰ ਅੰਤਯਜ ਮੰਨੇ ਜਾਂਦੇ ਹਨ। ਉਹ ਇਕ ਧਾਨ ਦੇ ਖੇਤ ਵਿਚ ਪਏ ਮਿਲੇ, ਅਜਿਹਾ ਕਿਹਾ ਜਾਂਦਾ ਹੈ। ਪਰੰਤੂ ਸੰਗੀਤ ਵਿਦਿਆ ਵਿਚ ਉਹ ਬਹੁਤ ਮਾਹਰ ਹੋਣ ਕਰਕੇ ਨਿਸੁਲਾਪੁਰੀ ਨਾਮ ਦੀ ਅਛੂਤਾ ਦੀ ਬਸਤੀ ਨੂੰ ਛੱਡਕੇ ਉਹ ਸ੍ਰੀ ਰੰਗ ਖੇਤਰ ਵਿਚ ਗਏ, ਜਿਵੇਂ ਮੁਸਲਮਾਨ ਹਰੀਦਾਸ ਜਗਨਨਾਥ ਪੁਰੀ ਵਿਚ ਰਹਿਣ ਲਗੇ। ਉਥੇ ਹੀ ਕਾਬੇਰੀ ਦੇ ਕਿਨਾਰੇ ਤੇ ਕੁੱਲੀ ਬਣਾਕੇ ਉਹ ਭਗਵਾਨ ਦਾ ਨਾਮ-ਗੁਣ ਕੀਰਤਨ ਕਰਨ ਲਗੇ। ਇਕ ਦਿਨ ਕਿਸੇ ਬ੍ਰਾਹਮਣ ਦੀ ਉਨ੍ਹਾਂ ਤੇ ਨਜ਼ਰ ਪਈ ਅਤੇ ਉਨ੍ਹਾ ਤੇ ਉਹ ਬਹੁਤ ਨਰਾਜ਼ ਹੋਏ। ਪਰੰਤੂ ਤਿਰੁਪੱਨਾਲਵਾਰ ਤੇ ਕੋਈ ਅਸਰ ਨਹੀਂ ਹੋਇਆ। ਉਹ ਚੁਪਚਾਪ ਆਪਣੇ ਭਜਨ ਵਿਚ ਲਗੇ ਰਹੇ। ਇੰਨੇ ਨੂੰ ਇਕ ਮਹਾਤਮਾ ਉਸ ਕੁੱਲੀ ਵਿਚ ਆਏ ਅਤੇ ਮੋਢਿਆਂ ਤੇ ਚੁੱਕਕੇ ਉਨ੍ਹਾਂ ਨੂੰ ਲੈ ਜਾਣ ਲਗੇ। ਇਹ ਦੇਖਕੇ ਉਹ ਬ੍ਰਾਹਮਣ ਉਨ੍ਹਾ ਦੇ ਪੈਰਾਂ ਤੇ ਗਿਰਿਆ। ਮੁਨੀਵਾਹਕ ਸ੍ਰੀਵੱਸਤ ਦੇ ਅਵਤਾਰ ਮੰਨੇ ਜਾਂਦੇ ਹਨ।

ਸੰਤਾ ਦੇ ਜਾਤ ਪਾਤ ਦੇ ਭੇਦ ਨੂੰ ਨਸ਼ਟ ਕਰਨ ਦੇ ਮਹਾਨ ਕੰਮ ਨੂੰ ਉਨ੍ਹਾਂ ਤੋਂ ਪਹਿਲਾਂ ਦੇ ਵਿਚਾਰਵਾਨਾਂ ਦੀ ਜਾਤ ਵਰਣ ਆਦਿ ਦੇ ਕਠੋਰ ਬੰਧਨਾਂ ਦੀ ਜਕੜਬੰਦੀ ਅਤੇ ਅਸਾਡੇ ਸਮ੍ਰਿਤੀਕਾਰਾ ਤੇ ਉਸ ਸਮੇਂ ਦੇ ਫੌਲਾਦੀ ਵਿਧਾਨ ਦੀ ਪ੍ਰਿਸ਼ਟਭੂਮੀਂ (ਪਿਛੋਕੜ) ਵਿਚ ਵੇਖਣਾ ਹੋਵੇਗਾ। ਤਦੋ ਸੁਆਮੀ ਰਾਮਾਨੰਦ ਨੇ ਆਪਣੇ 'ਅਨੰਦ ਭਾਸ਼ਯ' ਵਿਚ ਸ਼ੂਦਰਾਂ ਦੇ ਵੇਦ ਪੜ੍ਹਨ ਦੇ ਅਧਿਕਾਰ ਨੂੰ ਨਹੀਂ ਮੰਨਿਆ। ਪਰੰਤੂ ਈਸਵਰ ਉਪਾਸਨਾ ਦਾ ਅਧਿਕਾਰ ਉਹ ਸਭਨਾਂ ਨੂੰ ਸਮਾਨ ਭਾਵ ਨਾਲ ਦਿੰਦੇ ਸਨ। ਰਾਮਾਨੰਦ ਦੇ ਹੀ ਪ੍ਰਭਾਵ ਨਾਲ ਉਸ ਦੇ ਲਈ ਪਹਿਲਾਂ ਐਨਾ ਕਠੋਰ ਵਰਣ-ਭੇਦ ਹੁੰਦੇ ਹੋਏ ਸੰਤ ਰੈਦਾਸ ਇਸ ਹਿਚਕਚਾਹਟ ਰਹਿਤ ਭਾਵ ਨਾਲ ਕਹਿ ਸਕੇ :—'

**ਜਾਤੀ ਵੀ ਓਛੀ ਕਰਮ ਵੀ ਓਛਾ ਕਸਬ ਹਮਾਰਾ।**
**ਨੀਚੇ ਸੇ ਪ੍ਰਭੂ ਊਚੇ ਕਿਯੋ ਹੈ ਕਹ ਰੈਦਾਸ ਚਮਾਰਾ।**

ਸਮ੍ਰਿਤੀਕਾਰਾਂ ਦੇ ਵਿਧਾਨ ਵਿਚ ਖਾਣ, ਪਾਣ,ਅਤੇ ਦਾਨ ਵਿਆਹ ਵਿਵਹਾਰ ਸਬੰਧੀ ਬੰਧਨ ਬੜੇ ਬੜੇ ਸਨ। ਉਨ੍ਹਾਂ ਦੇ ਵਿਸ਼ੇ ਵਿਚ ਪ੍ਰੋ. ਰਾਮਸ਼ਰਣ ਸ਼ਰਮਾਂ ਨੇ ਮਨੂ-ਯਾਗਯਵਲਕਯ' ਵਿਚ ਸੂਦਰਾਂ ਦੀ 'ਸਮਾਜਕ ਅਵੱਸਥਾ' ਨਾਮਕ ਲੇਖ ਵਿਚ ਬਹੁਤ ਅੱਛੀ ਰੋਸ਼ਨੀ ਪਾਈ ਹੈ। ਉਸ ਵਿਚੋਂ ਇਕ ਜ਼ਰੂਰੀ ਅੰਸ਼ ਮੈਂ ਏਥੇ ਦਿੰਦਾ ਹਾਂ...

**ਸ਼ੂਦਰਾਂ ਦੇ ਖਾਣ ਪਾਣ ਬਾਰੇ ਕਿਹਾ ਜਾ ਸਕਦਾ ਹੈ ਕਿ ਜੋ ਤਿੰਨਾਂ ਵਰਣਾਂ ਲਈ ਵਿਵਰਜਤ ਸੀ ਉਸਦੀ ਵਰਤੋਂ ਉਹ ਕਰ ਸਕਦੇ ਸਨ। ਦਿਵਜਾਤੀਆਂ (ਬ੍ਰਾਹਮਣ, ਖਤਰੀ ਤੇ ਵੈਸ਼) ਨੂੰ ਸ਼ਰਾਬ ਪੀਣ ਦੀ ਮਨਾਹੀ ਸੀ ਕਿਉਂਕਿ ਪੀਣ ਤੇ**

Acc. No 5819.

ਉਨ੍ਹਾਂ ਨੂੰ ਫੇਰ ਸੰਸਕਾਰ ਪ੍ਰਾਪਤ ਕਰਨ ਦਾ ਨਿਯਮ ਹੈ। ਮਨੂੰ ਦਾ ਕਹਿਣਾ ਹੈ ਕਿ ਇਕ ਵਾਰ ਸ਼ਰਾਬ ਪੀਣ ਨਾਲ ਬਰਾਹਮਣ ਦਾ ਬ੍ਰਹਮਪੁਣਾ ਖ਼ਤਮ ਹੋ ਜਾਂਦਾ ਹੈ। ਅਤੇ ਸ਼ੂਦਰ ਦੀ ਸ਼੍ਰੇਣੀ ਵਿਚ ਚਲਿਆ ਜਾਂਦਾ ਹੈ। ਇਸ ਲਈ ਬ੍ਰਾਹਮਣ ਨੂੰ ਕਦੇ ਸ਼ਰਾਬ ਨਹੀਂ ਪੀਣੀ ਚਾਹੀਦੀ। ਉਸ ਸਬੰਧ ਵਿਚ ਯਾਗਵਲਕਯ ਦਾ ਕਥਨ ਹੈ ਕਿ ਸ਼ਰਾਬ ਪੀਣ ਤੇ ਬ੍ਰਾਹਮਣੀ ਪਤੀ-ਲੋਕ ਨੂੰ ਨਹੀਂ ਜਾਂਦੀ, ਪਰੰਤੂ ਇਸ ਲੋਕ ਵਿਚ ਕੁੱਤੀ, ਇਲ੍ਹਣੀ, ਅਤੇ ਸ਼ੂਕਰੀ (ਸੂਰੀ) ਦੀ ਜੂਨ ਵਿਚ ਜਨਮ ਲੈਂਦੀ ਹੈ। 'ਮਿਤਾਖਸ਼ਰਾ' ਦੀ ਰਾਏ ਵਿਚ ਇਹ ਨਿਯਮ ਦਿਵਜਾਤੀਆਂ ਤੇ ਹੀ ਲਾਗੂ ਹੈ ਅਤੇ ਜੇ ਉਹ ਸ਼ਰਾਬ ਪੀਣ ਤਾਂ ਉਨ੍ਹਾਂ ਨੂੰ ਪ੍ਰਾਸ਼ਚਿਤ ਕਰਨਾ ਚਾਹੀਦਾ ਹੈ, ਪਰੰਤੂ ਸ਼ੂਦਰਾਂ ਲਈ ਅਜਿਹੀ ਕਰਨ ਵਿਚ ਕੋਈ ਪਾਬੰਦੀ ਨਹੀਂ।

ਵਿਆਹ ਸਬੰਧ ਤੇ ਵੀ ਬਹੁਤ ਪਾਬੰਦੀਆਂ ਸਨ। ਪ੍ਰੋ. ਸ਼ਰਮਾ ਲਿਖਦੇ ਹਨ ਕਿ...ਵੱਖ ਵੱਖ ਤਰ੍ਹਾਂ ਦੀਆਂ ਵਿਰੋਧ ਦੀਆਂ ਕਾਰਵਾਈਆਂ ਦੇ ਹੋਣ ਤੇ ਵੀ ਉੱਚ ਜਾਤ ਅਤੇ ਸ਼ੂਦਰਾਂ ਵਿਚਕਾਰ ਵਿਆਹ-ਸਬੰਧ ਅਤੇ ਯੌਨ (sex) ਸਬੰਧ ਅਵੱਸ਼ ਹੁੰਦੇ ਸਨ, ਕਿਉਂਕਿ ਅਜਿਹੇ ਲੋਕਾਂ ਦੀ, ਜਿਨ੍ਹਾਂ ਦਾ ਜਨਮ ਵਰਣ-ਸੰਕਰੀ ਦੇ ਰੂਪ ਵਿਚ ਹੋਇਆ ਹੈ, ਇਕ ਬਹੁਤ ਵੱਡੀ ਸੂਚੀ ਮਿਲਦੀ ਹੈ। ਸ਼ੂਦਰਾਂ ਨਾਲੋਂ ਉਨ੍ਹਾਂ ਦਾ ਦਰਜਾ ਕੁਝ ਛੋਟਾ ਹੈ ਅਤੇ ਉਨ੍ਹਾਂ ਨੂੰ ਅਸਤ-ਸ਼ੂਦਰ ਦੱਸਿਆ ਗਿਆ ਹੈ।

"ਮਨੂੰ ਦੇ ਵਿਚਾਰ ਅਨੁਸਾਰ ਬ੍ਰਾਹਮਣ ਕ੍ਰਮ ਨਾਲ ਛੇ ਵਿਆਹ ਕਰ ਸਕਦੇ ਹਨ, ਖਤਰੀ ਆਖ਼ੀਰੀ ਚਾਰ ਅਤੇ ਵੈਸ਼ ਅਤੇ ਸ਼ੂਦਰ ਲਈ ਆਸੁਰ, ਗੰਧਰਵ ਅਤੇ ਪੈਸ਼ਾਚ ਤਿੰਨ ਤਰ੍ਹਾਂ ਦੇ ਵਿਆਹ ਹਨ। ਏਥੇ ਵੈਸੇ ਵੀ ਸ਼ੂਦਰਾਂ ਦੇ ਬਰਾਬਰ ਰਖੇ ਗਏ ਹਨ। ਧਨ ਵਿਦਿਆ ਅਤੇ ਪ੍ਰਭਾਵ ਕਾਰਨ ਉੱਚ ਵਰਣ ਦੇ ਆਦਮੀ ਵਧੇਰੇ ਇਸਤਰੀਆਂ ਰਖ ਸਕਦੇ ਸਨ।"

ਇਸ ਸਮਾਜਕ ਪਿਛੋਕੜ ਵਿਚ ਸੰਤਾਂ ਦਾ ਕੰਮ ਵੇਖਣ ਤੇ ਉਨ੍ਹਾਂ ਦੇ ਮਹਾਨ ਸਾਹਸ, ਸਾਫ਼ ਸਾਫ਼ ਕਹਿਣ, ਨਿੱਡਰ, ਸਵਾਧੀਨ ਚਿੰਤਾ ਅਤੇ ਤਿਆਗ ਮਈ ਨਿਸ਼ਠਾ ਨਾਲ ਮਨ ਪ੍ਰਭਾਵਤ ਹੋ ਜਾਂਦਾ ਹੈ। ਇਸ ਵਰਣ ਵਿਵਸਥਾ ਦੇ ਫ਼ੌਲਾਦੀ ਘੇਰੇ ਨੂੰ ਤੋੜਕੇ ਉਹ ਅੱਗੇ ਵੱਧੇ।

ਮਹਾਂਰਾਸ਼ਟਰ ਵਿਚ ਜੋ ਹਰੀਜਨ ਸੰਤ ਹੋਏ ਉਨ੍ਹਾਂ ਵਿਚ ਪੰਜ ਕਵੀ ਅਤੇ ਦੋ ਕਵਿਤੱਰੀਆਂ ਪ੍ਰਮੁੱਖ ਹਨ। ਉਨ੍ਹਾਂ ਦੇ ਮੂਲ ਗੁਰੂ ਗਿਆਨੇਸ਼ਵਰ ਸਨ, ਜੋ ਆਪ ਜ਼ਾਤ ਪਾਤ ਨੂੰ ਨਹੀਂ ਮੰਨਦੇ ਸਨ। ਸ਼ੂਦਰਾਂ ਲਈ ਵੀ ਉਨ੍ਹਾਂ ਨੇ ਮੁੱਕਤੀ ਦਾ ਰੱਸਤਾ ਖੋਹਲਿਆ। ਵਰਣ ਆਸ਼ਰਮ ਧਰਮ ਦੀ ਮੂਲ ਰਚਨਾ ਵਿਚ ਹਿੰਦੂ ਸਮਾਜ ਦੇ ਹਰੇਕ ਅੰਗ ਦਾ ਕਰਤੱਵ ਅਤੇ ਜ਼ਿੰਮੇਂਵਾਰੀ ਨਿਸ਼ਚਿਤ ਸੀ ਅਤੇ ਹਰ ਜ਼ਾਤ ਨੂੰ ਸਮਾਜ ਦਾ ਇਕ ਜ਼ਰੂਰੀ ਅੰਗ ਮੰਨਿਆ ਜਾਂਦਾ ਸੀ। ਪਰੰਤੂ ਮੱਧ ਯੁੱਗ ਵਿਚ ਸ਼ੂਦਰਾਂ ਦੀ ਅਵੱਸਥਾ ਹਿੰਦੂ ਸਮਾਜ ਵਿਚ ਅਤਿਅੰਤ ਖ਼ਰਾਬ ਹੋ ਰਹੀ ਸੀ। ਸ਼ੂਦਰ ਜਾਤ ਵਿਚ ਜਨਮ ਲੈਣਾ ਹੀ ਇਕ ਘੋਰ ਪਾਪ ਸੀ, ਪਰੰਤੂ ਗੀਤਾ ਦੇ

ਅਧਾਰ ਤੇ ਗਿਆਨ ਦੇਵ ਨੇ ਸ਼ੂਦਰਾਂ ਨੂੰ ਭਰੋਸਾ ਦਿੱਤਾ :—

**ਯਾ ਲਾਗੀ ਪਾਪਯੋਨੀ ਹੀ ਅਰਜੁਨਾ ।**
**ਕੀ ਵੈਸ਼ਯ ਸ਼ੂਦਰ ਅੰਗਨਾ ।**
**ਮਾਂਤੇ ਭਜਤੀ ਸਦਨਾ । ਮਾਝਿਆ ਯੇਤੀ । ।**

(ਹੇ ਅਰਜਨ, ਇਸ ਲਈ, ਵੈਸ਼ ਸ਼ੂਦਰ ਇਸਤਰੀਆਂ ਜੋ ਪਾਪ ਯੋਨੀ ਵਾਲੀਆਂ ਮੰਨੀਆਂ ਗਈਆਂ ਹਨ, ਉਹ ਵੀ ਮੇਰੀ ਭਗਤੀ ਕਰਨ ਨਾਲ ਮੇਰੇ ਹੀ ਘਰ (ਸਦਨ) ਤਕ ਆ ਜਾਂਦੀਆਂ ਹਨ । )

ਉੱਤਰੀ ਭਾਰਤ ਵਿਚ ਜੋ ਮੁਸਲਮਾਨਾਂ ਦਾ ਹਮਲਾ ਹੋਇਆ ਸੀ ਉਸ ਤੋਂ ਗਿਆਨ ਦੇਵ ਜਾਣੂੰ ਸਨ ਅਤੇ ਯਾਦਵਵੰਸ਼ੀ ਰਾਜਿਆਂ ਨੂੰ ਉਨ੍ਹਾਂ ਨੇ ਦੱਸਿਆ...

**ਮ੍ਹਣੋਨ ਸ੍ਵੈਧਰਮ ਸਾਂਡੀਲ ।**
**ਭਯਾਂਤੇ ਕਾਲ ਦੰਡੀਲ ।**
**ਚੋਰ ਮਹੁਣਾਨਿ ਹਰੀਲ । ਸਰਵੱਸਯ ਜਯਾਂਚੇਂ ।**

(ਇਸ ਲਈ ਜੋ ਸ੍ਵੈ ਧਰਮ ਨੂੰ ਛੱਡ ਦੇਵੇਗਾ ਉਸ ਨੂੰ ਕਾਫ਼ੀ ਸਜ਼ਾ ਦੇਵੇਗਾ । ਉਸ ਨੂੰ ਚੋਰ ਸਮਝ ਕੇ ਉਸ ਦਾ ਸਭ ਕੁੱਝ ਲੁੱਟ ਲਵੇਗਾ ।)

ਕਰਮ-ਕਾਂਡ ਦੇ ਦੋਸ਼ ਮਈ ਰੱਸਤੇ ਦੀ ਹਿੰਦੂ ਧਰਮ ਪੈਰਵੀ ਕਰ ਰਿਹਾ ਸੀ, ਪਰੰਤੂ ਗਿਆਨ ਦੇਵ ਨੇ ਉਸ ਨੂੰ ਲੋਕ ਕਲਿਆਣ ਦੇ ਸੱਚੇ ਧਰਮ ਵੱਲ ਲਗਾਇਆ । ਪ੍ਰੋ. ਨ. ਰ. ਫ਼ਾਟਕ ਗਿਆਨ ਦੇਵ ਨੂੰ ਇਕ ਰਾਸ਼ਟਰੀ ਨੇਤਾ ਮੰਨਦੇ ਹੋਏ ਕਹਿੰਦੇ ਹਨ...**ਉੱਤਰੀ ਭਾਰਤ ਵਿਚ ਇਸਲਾਮ ਦੇ ਆਉਣ ਨਾਲ ਜੋ ਰਾਜਸੀ ਹਮਲੇ ਅਤੇ ਧਾਰਮਕ ਸੰਕ੍ਰਮਣ ਹੋਇਆ ਉਸਦੇ ਕਾਰਨ ਸਾਧਾਰਨ ਜਨਤਾ ਹੱਕੀ ਬੱਕੀ ਹੋ ਰਹੀ ਸੀ ਪਰ ਗੀਤਾ ਦਾ ਅਧਾਰ ਲੈਂਦੇ ਹੋਏ ਗਿਆਨਦੇਵ ਨੇ ਜਨਤਾ ਵਿਚ ਆਤਮ ਵਿਸ਼ਵਾਸ਼ ਦੀ ਉਸਾਰੀ ਕੀਤੀ ।**

ਇਸ ਸਾਰੀ ਪ੍ਰੰਪਰਾ ਦੇ ਪ੍ਰਮੁੱਖ ਕਵੀ ਹਨ । ਨਾਮਦੇਵ ਉਨ੍ਹਾਂ ਬਾਰੇ ਬਹੁਤ ਭਰੋਸੇ ਯੋਗ ਜਾਣਕਾਰੀ ਨਹੀਂ ਮਿਲਦੀ । ਲੱਛਮਣ ਨਾਰਾਇਣ ਗਰਦੇ ਨੇ "ਕਲਿਆਣ" ਦੇ ਸਨ 1938 ਦੇ ਸੰਤ ਅੰਕ ਵਿਚ ਉਨ੍ਹਾਂ, ਬਾਰੇ ਲਿਖਿਆ ਸੀ :—

**"ਇਨ੍ਹਾਂ ਦਾ ਜਨਮ ਸੰਮਤ 1327 ਵਿਚ ਕੱਤਕ ਸ਼ਕਲਾ 11 ਐਤਵਾਰ ਨੂੰ ਸੂਰਜ ਦੇ ਚੜ੍ਹਾਅ ਨਾਲ ਹੋਇਆ । ਇਹ ਬੜੇ ਬਿਠੱਲ-ਭਗਤ ਸਨ । ਉਹ 'ਸ਼ਿੰਪੀ' ਸਨ । ਰਾਜਪੂਤਾਨੇ ਵਿਚ ਨਾਮਦੇਵ ਨੂੰ ਲੋਕ ਛੀਂਪੀ ਕਹਿੰਦੇ ਹਨ । ਪਰੰਤੂ ਉਥੇ ਇਕ ਹੀ ਜਾਤ ਦੇ ਲੋਕ ਦਰਜੀ ਤੇ ਛੀਂਪੀ ਅਖਵਾਉਂਦੇ ਹਨ । ਨਾਮਦੇਵ ਅਠ੍ਹਾਰਾਂ ਸਾਲ ਪੰਜਾਬ ਵਿਚ ਰਹੇ । ਪਿੱਛੋਂ ਪੰਢਰਪੁਰ ਮੁੜ ਗਏ । ਪੰਢਰਪੁਰ ਵਿਚ ਸ੍ਰੀ ਬਿਠੱਲ ਮੰਦਰ ਦੇ ਮਹਾਂਦਆਰ ਦੀ ਪੌੜੀ ਤੇ ਸੰਮਤ 1407 ਬਿਕਰਮੀ ਵਿਚ ਅਸੀ ਸਾਲ ਦੀ ਅਵੱਸਥਾ 'ਚ ਨਾਮ ਦੇਵ ਨੇ ਸਰੀਰ ਤਿਆਗਿਆ ।"**

ਸ੍ਰੀ ਵਿਨਯ ਮੋਹਨ ਸ਼ਰਮਾ ਨੇ ਆਪਣੇ 'ਨਾਮਦੇਵ ਅਤੇ ਉਨ੍ਹਾਂ ਦੀ ਹਿੰਦੀ ਕਵਿਤਾ' ਨਾਂ ਦੇ ਲੇਖ ਵਿਚ ਨਾਮਦੇਵ ਦੀ ਗੁਰੂ ਪ੍ਰੰਪਰਾ ਦੱਸਦਿਆਂ ਕਿਹਾ ਹੈ.........'**ਅਸੀਂ ਡਾਕਟਰ ਈਸ਼ਵਰੀ ਪ੍ਰਸਾਦ ਦੀ ਇਸ ਰਾਏ ਨਾਲ ਸਹਿਮਤ ਨਹੀਂ ਹਾਂ ਕਿ ਨਾਮ ਦੇਵ ਤੇ ਮੁਸਲਮਾਨੀ ਪ੍ਰਭਾਵ ਪਿਆ ਹੈ। ਗੋਰਖਨਾਥ ਨੂੰ ਮਹਾਂਰਾਸ਼ਟਰ ਵਿਚ ਨਾਥ ਮਤ ਦੇ ਪ੍ਰਚਾਰ ਦਾ ਮਾਣ ਦਿੱਤਾ ਜਾਂਦਾ ਹੈ। ਮਰਾਠੀ ਵਿਚ ਗੋਰਖ ਨਾਥ ਦਾ 'ਅਮਰਨਾਥ ਸੰਵਾਦਾ' ਨਾਮ ਦਾ ਗ੍ਰੰਥ ਹੈ। ਜਿਸਦੇ ਦ੍ਰਿਸ਼ਟਾਂਤ ਅਤੇ ਪ੍ਰਤੀਕ 'ਗਿਆਨੇਸ਼ਵਰੀ' ਦੇ ਉਦਾਹਰਣ ਅਤੇ ਪ੍ਰਤੀਕ ਨਾਲ ਬਿਲਕੁਲ ਮਿਲਦੇ ਹਨ।** ਨਾਮਦੇਵ ਦੇ ਗੁਰੂ 'ਖੇਚਰ' ਪ੍ਰਸਿੱਧ ਨਾਥਪੰਥੀ ਸਨ। ਇਸ ਪੰਥ ਦੇ ਬਾਹਰੀ ਚਿੰਨ੍ਹ ਹਨ :—

**ਸ਼ੈਲੀ, ਸਿੰਗੀ, ਕੁਥਾ, ਝੋਲੀ, ਵਿਭੂਤੀ ਲਗਾਯਾ ਤਨ ਮਾਂ।**
**ਕੋਟੀ ਚੰਦ੍ਰਿਕਾ ਤੇਜ ਝੂਲਤ ਹੈ, ਜੱਲੀ ਆਪਨੇ ਗਾਤ ਮਾਂ ॥**

ਮੇਖਲਾ, ਸਿੰਗੀ, ਕੰਥਾ, ਕਰਣਮੁੱਦਰਾ, ਕੌਪੀਨ ਪੁੰਗੀ ਵਿਆਪਾਰਾਥਰ, ਖੜਾਵਾਂ ਅਤੇ ਝੋਲੀ ਦੇ ਨਾਲ ਕੰਨ ਪੜਵਾਉਣਾ ਵੀ ਇਨ੍ਹਾਂ ਦਾ ਬ੍ਰਹਾਮਾਚਾਰ ਹੈ। ਇਸੇ ਕਰਕੇ ਇਨ੍ਹਾਂ ਨੂੰ 'ਕਨਫਟਾ' ਵੀ ਕਹਿੰਦੇ ਹਨ। ਭਿੱਛਿਆ ਦੇ ਸਮੇਂ ਇਕਤਾਰਾ ਬਜਾਉਂਦੇ ਅਤੇ 'ਅਲਖ ਨਿਰੰਜਨ' ਕਹਿੰਦੇ ਹਨ। ਭੋਜਨ ਤੋਂ ਪਹਿਲਾਂ ਪੁੰਗੀ ਵਜਾਕੇ ਭੋਜਨ ਕਰਦੇ ਹਨ। ਇਹ ਮੂਰਤੀ ਪੂਜਾ, ਕਰਮ ਕਾਂਡ, ਤੀਰਥ, ਵਰਤ ਅਤੇ ਊਂਚ ਨੀਚ ਦੇ ਫ਼ਰਕ ਦੀ ਤੀਖਣ ਨਿੰਦਾ ਕਰਦੇ ਹਨ। ਵਾਰਕਰੀਆ ਨੇ ਨਾਥ ਮਤ ਦੀ 'ਆਭਯੰਤਰ' ਧਾਰਾ ਨੂੰ ਅਪਣਾਕੇ ਗ੍ਰਿਹੱਸਥ ਆਸ਼ਰਮ ਵਿਚ ਹੀ ਭਗਤੀ ਦੀ ਸਹਿਜ-ਸਾਧਨਾ ਦਾ ਪ੍ਰਚਾਰ ਕੀਤਾ।

ਨਾਮਦੇਵ ਕਹਿੰਦੇ ਹਨ—

**ਜੈਆਨੀਲੇ ਕਾਗਦ, ਕਾਟੀਲੇ ਗੂਡੀ ਆਕਾਸ ਮਧੇ ਭਰਮੀ ਅਲੇ।**
**ਪੰਚਜਨਾ ਸਿਉਂ ਬਾਤ ਬਤਉ ਆ ਚੀਤ ਸੁ ਡਾਰਿ ਰਾਖਿਅਲੇ ॥**
**ਮਨੁ ਰਾਮ ਨਾਮ ਵੇਧੀ ਅਲੇ**
**ਅਨੀਲੇ ਕੁੰਭ ਭਰਾਈਲੇ ਊਦਕ ਰਾਜਕੁਆਰਿ ਪੁਰੰਦਰਿਲੇ।**
**ਹਸਤ ਵਿਨੋਦ ਬਿਚਾਰ ਕਰਤਿ ਹੈ, ਚਿਤੁਸ ਗਾਗਰਿ ਰਾਖਿਅਲੇ।**
**ਮੰਦਰੁ ਏਕੁ ਦੁਆਰ ਦਸ ਜਾਕੇ, ਗਊ ਚਰਾਵਨ ਛਾਡਿਅਲੇ।**
**ਪਾਂਚ ਕੋਸ ਪਰ ਗਊ ਚਰਾਵਤ, ਚੀਤਿਸੁ ਬਛਰਾ ਰਾਖਿਅਲੇ।**
**ਕਹਤ ਨਾਮਦੇਵ ਸੁਨਹੁ ਤਿਲੋਚਨ, ਬਾਲਕੁ ਪਾਲਨ ਪਉਢੀਅਲੇ।**
**ਅੰਤਰਿ ਬਾਹਰਿ ਕਾਜ ਵਿਰੂਧੀ, ਚੀਤਸੁ ਬਾਰਿਕ ਰਾਖਿਅਲੇ।**

ਤੀਰਥ ਸਥਾਨ ਦੀ ਜ਼ਰੂਰਤ ਤੇ ਨਾਮ ਦੇਵ ਕਹਿੰਦੇ ਹਨ—

**ਤੀਰਥ ਦੇਖਿਨ ਜਲਮਹਿ ਪੈਸਡ ਜੰਤ ਨਾ ਸਤਾ ਬਉਗੋ।**
**ਅਠਸਠਿ ਤੀਰਥ ਗੁਰੂ ਦਿਖਾਏ, ਘਟ ਹੀ ਭੀਤਰ ਨਾਉਗੋ ॥**

DBA0000005819PAN

ਬੰਗਾਲ ਦਾ 'ਸਹਿਜਿਆ ਸੰਪਰਦਾਯ' ਮਹਾਂਰਾਸ਼ਟਰ ਦਾ ਵਾਰਕਰੀ ਪੰਥ ਹੀ ਜਾਪਦਾ ਹੈ। ਦੋਨਾਂ ਦਾ ਮੂਲ ਨਾਗਪੰਥ ਵਿਚ ਹੈ।

ਗਿਆਨਦੇਵ ਨੇ ਵਾਰਕਰੀ ਪੰਥ ਨੂੰ ਮਹਾਂਰਾਸ਼ਟਰ ਤੋਂ ਅੱਗੇ ਨਾ ਵਧਾਇਆ। ਨਾਮਦੇਵ ਨੇ ਉਸਦਾ ਉਤਰ ਭਾਰਤ ਵਿਚ ਪ੍ਰਚਾਰ ਕਰਕੇ ਕਬੀਰ, ਨਾਨਕ, ਰੈਦਾਸ ਆਦਿ ਸੰਤਾਂ ਲਈ ਨਿਰਗੁਣਪੰਥ ਦੀ ਭੂਮਿਕਾ ਤਿਆਰ ਕੀਤੀ। ਪਰ ਗਿਆਨ ਦੇਵ-ਨਾਮਦੇਵ ਨੇ ਜਿਸ ਰਾਜ ਜਨਤਾ ਵਿਚ ਸਥਾਪਤ ਕੀਤਾ ਸੀ ਉਸਦਾ ਬੀਜ ਅੱਠਵੀਂ ਸਦੀ ਵਿਚ ਹੀ ਜੋਗੀ ਸਿਧਨਾਥ ਬੀਜ ਚੁਕੇ ਸਨ।

'ਮਹਾਂਰਾਸ਼ਟਰ-ਗਿਆਨ-ਕੋਸ਼' ਅਨੁਸਾਰ ਵਾਰਕਰੀ ਸੰਤ ਕਵੀ ਸ੍ਰੀ ਨਾਮਦੇਵ ਕਨਾਹੜ (ਸੱਤਾਰੇ) ਦੇ ਕੋਲ ਨਰਸਿਵਾਮਣੀ ਪਿੰਡ ਵਿਚ ਜੰਮੇ-ਇਸਨੂੰ ਅੱਜ ਕਲ੍ਹ ਨਰਸਿਘਪੁਰ ਜਾਂ ਕੋਭ ਨਰਸਿੰਘ ਪੁਰ ਕਹਿੰਦੇ ਹਨ। ਬਾਪ ਦਾ ਨਾਮ ਰਾਮਾਸੇਟ ਅਤੇ ਮਾਂ ਦਾ ਗੋਣਾਬਾਈ ਸੀ। ਆਪਣੇ ਜਨਮ ਬਾਰੇ ਉਹ ਲਿਖਦੇ ਹਨ—

**ਗੋਣਾਈ ਰਾਜਾਈ। ਦੋਘੀ ਸਾਸੂ ਸਨਾਕੀ।**
**ਦਾਮਾ ਨਾਮਾ ਜਾਣ। ਬਾਪ ਲੇਕ।।**
**ਨਾਗ ਮਹਾਦਾ ਗੋਂਦਾ। ਬਿਠਾ ਚੌਥੇ ਪੁਤਰ।**
**ਜਨਮਲੇ ਪਵਿੱਤਰ। ਤਯਾਚੇ ਬੰਸ਼ੀ।।**
**ਲਾਡਾਈ ਗੋਡਾਈ। ਏਸਾ ਸਾਖਰਾਈ।।**
**ਚੌਘੀ ਸਨਾ ਪਾਹੀ। ਨਾਮ ਯਾਚਯਾ।।**
**ਲਿਬਾਈ ਤੀ ਲੇਕੀ। ਆਉ ਬਾਈ ਬਹੀਣ ॥**
**ਦਾਸੀ ਬੜੀ ਜਨੀ। ਨਾਮਾਜਾਚੀ।**

(ਗੋਣਾਈ ਅਤੇ ਰਾਜਾਈ ਇਹ ਦੋਵੇਂ ਸੱਸ ਨੂੰਹ ਦੇ ਨਾਂ ਹਨ।
ਦਾਮਾ ਤੇ ਨਾਮਾ ਪਿਉ ਪੁੱਤ ਦੇ ਨਾਂ ਹਨ।
ਨਾਰਾ (ਇਣ) ਮਹਾਦਾ (ਮਹਾਦੇਵ), ਗੋਂਦਾ (ਗੋਬਿੰਦ), ਬਿਠਾ (ਵਿਠਲ) ਇਹ ਚਾਰੇ ਪੁੱਤਰ ਹਨ।
ਇਹ ਪਵਿੱਤਰ ਉਸ ਦੇ ਵੰਸ਼ ਵਿਚ ਪੈਦਾ ਹੋਏ।
ਨਾਮਦੇਵ ਦੀਆਂ ਚਾਰ ਪਤਨੀਆਂ ਦੇ ਨਾਂ : ਲੜਾਈ, ਗੋੜਾਈ, ਯੇਸਾ (ਈ) ਸਾਖਰਾਈ ਸਨ।
ਨਾਮਦੇਵ ਦੀ ਪੁੱਤਰੀ ਦਾ ਨਾਂ ਲਿੰਬਾਈ, ਭੈਣ ਦਾ ਨਾਂ ਆੜਬਾਈ, ਸਹੇਲੀ ਦਾ ਨਾਂ ਜਨੀ (ਜਨਾ ਬਾਈ) ਸੀ।)

ਪੀੜ੍ਹੀਆਂ ਤੋਂ ਚਲਣ ਵਾਲੇ ਪੇਸ਼ੇ 'ਚ ਨਾਮਦੇਵ ਨੂੰ ਜ਼ਰਾ ਵੀ ਰੁਚੀ ਨਹੀਂ ਸੀ। ਇਸ ਲਈ ਮਗਰੋਂ ਉਹ ਬਿਠੱਲ-ਭਗਤ ਬਣਿਆ। ਬਿਸੋਬਾ ਖੇਚਰ ਨਾਮਦੇਵ ਦਾ ਗੁਰੂ ਸੀ। ਬਿਸੋਬਾ ਖੇਚਰ ਨੂੰ ਮੂਰਤੀ ਪੂਜਾ ਪ੍ਰਵਾਨ ਨਹੀਂ ਸੀ। **"ਪਾਸ਼ਾਣਾਚਾ ਦੇਵ ਬੋਲੇਚਿ ਨਾ**

**ਕਥੀ। ਹੀਰ ਭਵਵਿਆਧੀ ਕੇਂਵੀ ਘੜੇ।** (ਪੱਥਰ ਦਾ ਦੇਵਤਾ ਕਦੀ ਬੋਲਦਾ ਨਹੀਂ। ਉਹ ਸੰਸਾਰ ਦੇ ਦੁੱਖ ਨੂੰ ਕਿਵੇਂ ਦੂਰ ਕਰੇਗਾ।)

ਇਹ ਉਪਦੇਸ਼ ਦਿਤਾ। ਨਾਮਦੇਵ ਕਹਿੰਦੇ ਹਨ—

**ਤੁਝਿਆ ਸੱਤੇਨੇ, ਬੇਦਾਂਸਿ ਬੋਲਣੇਂ ਸੂਰਯਾਸਤਿ ਚਾਲਣੇ**

ਅਤੇ

**ਬ੍ਰਤ, ਤਪ, ਨਲਗੇ, ਜੇਣੇ ਸਰਵਥਾ। ਨਲਗੇ ਜਾਣੇ ਤੁਮਹਾਂ ਤੀਰਥਾ।**
**ਸਰਵਾਭੂਤੀ ਲਾਹੇਂ ਏਕ ਬਾਸੁਦੇਵ। ਪੁਸੋਨਿਆ ਠਾਵ ਅਹੰਤੇਚਾ।**
**ਤੋਚਿ ਸਾਧੂ ਵੋਲਖਾਵਾ ਨਿਕਾ। ਮਰ ਤੇ ਅਈਕਾ ਮਾਯਾ ਬੱਧ।**

(ਤੁਹਾਡੀ ਸੱਤਾ ਨਾਲ ਵੇਦ ਉਚਾਰਨਾ, ਸੂਰਜ ਡੁਬਣ ਤੇ ਵੀ ਚਲਣਾ, ਬਰਤ, ਤਪ ਜਿਥੇ ਜ਼ਰਾ ਵੀ ਨਹੀਂ ਲਗਦਾ। ਤੀਰਥ ਵੀ ਨਹੀਂ ਜਾਣਾ ਪੈਂਦਾ। ਸਾਰੇ ਪ੍ਰਾਣੀਆਂ (ਭੂਤਾਂ) ਵਿਚ ਇਕੋ ਹੀ ਵਾਸੁਦੇਵ ਹੈ। ਹੰਕਾਰ ਦਾ ਟਿਕਾਣਾ ਮਿਟਾਉਣ ਤੇ ਉਸੀ ਸਾਧੂ ਨੂੰ ਸੱਚਾ ਮੰਨਣਾ ਚਾਹੀਦਾ ਹੈ। ਸੁਣੋਂ, ਮਾਇਆ ਬਧ ਮਰਦਾ ਹੈ।)

ਅੰਤਾਕਰਣ-ਸ਼ੁਧੀ, ਨਿਮਰਤਾ, ਆਤਮ-ਸਮਰਪਣ, ਖਿਮਾਂ, ਈਸ਼ਵਰ ਭਗਤੀ, ਨਾਮਦੇਵ ਦੇ ਉਪਦੇਸ਼ ਦਾ ਸਾਰ ਹੈ। ਨਾਮਦੇਵ ਨੇ ਹਿੰਦੀ ਵਿਚ ਵੀ ਕੁਛ 'ਅਭੰਗ' ਲਿਖੇ ਹਨ ਸਿਖਾਂ ਦੇ ਮੁੱਖ ਆਦਿ ਗ੍ਰੰਥ 'ਗ੍ਰੰਥ ਸਾਹਿਬ' ਵਿਚ ਨਾਮਦੇਵ ਦੇ ਅਭੰਗ ਹਨ ਅਤੇ ਸਿਖ ਨਾਮਦੇਵ ਨੂੰ ਬਹੁਤ ਮਾਣ ਦਿੰਦੇ ਹਨ। ਪੰਜਾਬ ਦੇ ਗੁਰਦਾਸ ਪੁਰ ਜ਼ਿਲ੍ਹੇ ਵਿਚ ਘੁਮਤਾ ਵਿਚ ਨਾਮਦੇਵ ਦੀ ਇਕ ਸਮਾਧ ਵੀ ਹੈ।

ਨਾਮਦੇਵ ਦੇ ਗ੍ਰੰਥਾ ਦੀਆਂ ਜੋ ਸੰਪਰਦਾਯ-ਸ਼ੁਧ ਕਹਾਣੀਆਂ ਆਵਟੇ ਨੇ ਛਾਪੀਆਂ ਹਨ ਉਹ ਬਿਲਕੁਲ ਭਰੋਸੇ ਯੋਗ ਨਹੀਂ[1] ਕਿਉਂਕਿ ਵਿਸ਼ਨੂੰ ਦਾਸ ਨਾਮਾ[2] ਦੇ ਅਭੰਗ ਨਾਮਦੇਵ ਦੇ ਨਾਮ ਤੇ ਹੀ ਕਹੇ ਗਏ ਹਨ।

ਆਦਿ ਗ੍ਰੰਥਾਂ ਵਿਚ ਵੀ ਨਾਮਦੇਵ ਦੀ ਜੋ ਬਾਣੀ ਮਿਲਦੀ ਹੈ ਉਸ ਬਾਰੇ ਡਾਕਟਰ ਸ਼੍ਰੀਧਰ ਵਿਅੰਕਟੇਸ ਕੇਤਕਰ[3] ਨੇ ਲਿਖਿਆ ਹੈ ਕਿ ਇਹ ਸਿਖਾਂ ਦੇ ਪੰਜਵੇਂ ਗੁਰੂ ਅਰਜਨ ਨੇ ਬਾਬਾ ਨਾਨਕ ਅਤੇ ਦੂਸਰੇ ਧਰਮ ਸੁਧਾਰਕਾਂ ਦੇ ਲੇਖ ਇਕੱਠੇ ਕਰਕੇ ਬਣਾਇਆ। ਉਂਝ ਗੁਰੂ ਅਰਜਨ ਦਾ ਸਮਾਂ ਈਸਵੀ 1581 ਤੋਂ 1606 ਹੈ। ਪਰੰਤੂ ਇਸ ਗ੍ਰੰਥ ਵਿਚ ਮਗਰੋਂ ਤੇਗ ਬਹਾਦਰ ਦੇ ਪਦ ਅਤੇ ਗੁਰੂ ਗੋਬਿੰਦ ਸਿੰਘ ਦਾ ਇਕ ਦੋਹਾ ਵੀ ਜੋੜਿਆ ਗਿਆ। ਆਦਿ ਗ੍ਰੰਥ ਵਿਚ ਆਮ ਕਰਕੇ ਸਿਖ ਗੁਰੂ ਭਗਤ ਅਤੇ ਭੱਟਾਂ ਦੀ ਬਾਣੀ ਇਕੱਤਰ ਹੈ। ਭਗਤਾਂ ਵਿਚੋਂ ਹੇਠ ਲਿਖਿਆਂ ਦੀਆਂ ਰਚਨਾਵਾਂ ਹਨ—

ਵੇਣੀ, ਭੀਖਨ, ਧੰਨਾ, ਫ਼ਰੀਦ (ਸ਼ੇਖ) ਜੈਦੇਵ, ਕਬੀਰ, ਨਾਮਦੇਵ, ਪੀਪਾ, ਰਾਮਾਨੰਦ,

---

1. ਡਾ. ਈ. ਸ. 1833
2. ਸ਼ਾਕੇ 1517
3. 'ਮਹਾਂਰਾਸ਼ਟਰ ਗਿਆਨਕੋਸ਼' ਭਾਗ 7 ਸਫ਼ਾ (ਆ.) 107

ਰਵੀਦਾਸ, ਸਦਨਾ, ਸੂਰਦਾਸ, ਤ੍ਰਿਲੋਚਨ ।

ਨਾਮਦੇਵ ਇਨ੍ਹਾਂ ਵਿਚ ਪਹਿਲਾਂ ਮਰਾਠੀ ਅਭੰਗ ਕਵੀ ਹੈ ਅਤੇ ਉਹੀ ਇਸ ਗ੍ਰੰਥ ਦਾ ਸਭ ਤੋਂ ਪੁਰਾਣਾ ਲੇਖਕ ਜਾਪਦਾ ਹੈ । ਕਬੀਰ ਦੇ ਦੋਹੇ ਜੋ ਇਸ ਗ੍ਰੰਥ ਵਿਚ ਹਨ, ਉਹ ਤਾਂ ਸਰਬ-ਪ੍ਰਚੱਲਤ ਹਨ ਹੀ । 'ਗੀਤ ਗੋਬਿੰਦ' ਦਾ ਕਰਤਾ ਜੈਦੇਵ 'ਅਦ੍ਵੈਤ' ਵੱਲ ਮੁੜਿਆ । ਰਾਮਾਨੁਜ ਸੰਪਰਦਾਈ ਰਾਮਾਨੰਦ ਅਤੇ ਭਗਤ ਸੂਰਦਾਸ ਦੇ ਵੀ ਅਧਿਆਤਮਵਾਦੀ ਪਦ ਇਸ ਗ੍ਰੰਥ ਵਿਚ ਜੋੜੇ ਗਏ ।

ਸਿਖ ਪੰਥ ਅਤੇ ਮਹਾਂਰਾਸ਼ਟਰ ਦੇ ਭਾਗਵਤ-ਪੰਥ ਦਾ ਨੇੜੇ ਦਾ ਸਬੰਧ ਹੈ । ਗਿਆਨੇਸ਼ਵਰ ਦੇ ਪਿਤਾ ਬਿਠਲ, ਕਬੀਰ ਅਤੇ ਨਾਨਕ ਦੋਵੇਂ ਹੀ ਰਾਮਾਨੰਦ ਦੇ ਸ਼ਿਸ਼ ਸਨ ਅਤੇ ਉਹ ਇਸ ਤਰ੍ਹਾਂ ਗੁਰ ਭਾਈ ਸਨ । ਨਾਮਦੇਵ ਉਨ੍ਹਾਂ ਦਾ ਆਦਿ ਕਵੀ ਸੀ ।

ਗ੍ਰੰਥ ਸਾਹਿਬ ਦੇ ਆਰੰਭ ਵਿਚ ਜਪ ਜਾਂ ਜਪੁਜੀ ਦਾ ਸੋਦਰ੍ ਆਸਾ ਅਤੇ ਗੁਜਰੀ ਰਾਗ ਵਿਚ ਰਹਿਰਾਸ, ਸੋਪੁਰਖ ਸੋਹਲ਼ਾ, ਗੌੜੀ, ਆਮ ਅਤੇ ਧਨਾਸਰੀ ਰਾਗਾਂ ਵਿਚ ਸੌ ਤੋਂ ਪਹਿਲਾਂ ਦੀ ਪ੍ਰਾਰਥਨਾ ਆਦਿ ਉਪਾਸਨਾ ਖੰਡ ਹਨ । ਰਾਜ ਗ੍ਰੰਥ ਦਾ ਮੁੱਖ ਭਾਗ ਹੈ । ਇਹ 31 ਹਨ, ਪਹਿਲੇ ਚਾਰ ਰਾਗ ਇਨ੍ਹਾਂ ਵਿਚ ਮਹੱਤਵ ਦੇ ਹਨ । ਬਾਅਦ ਵਿਚ ਦੁਹਰਾਉ ਵਧੇਰੇ ਹੈ । ਅੰਤ ਵਿਚ ਭੋਗ ਹੈ, ਜਿਸ ਵਿਚ ਅਨੇਕ ਭਾਸ਼ਾ ਦੇ ਕਵੀਆਂ ਦੀਆਂ ਰਚਨਾਵਾਂ ਦੀ ਖਿਚੜੀ ਹੈ : ਉਦਾਹਰਣ ਲਈ ਨਾਮਦੇਵ ਨੇ ਪੁਰਾਣੀ ਮਰਾਠੀ ਵਿਚ ਰਚਨਾ ਕੀਤੀ ਤਾਂ ਤਿਰਲੋਚਨ ਬ੍ਰਾਹਮਣ ਨੇ ਨਾਮਦੇਵ ਦਾ ਅਨੁਕਰਣ (ਨਕਲ) ਕੀਤੀ ਹੈ । ਜੈਦੇਵ ਦੀ ਭਾਸ਼ਾ ਸੰਸਕ੍ਰਿਤ ਅਤੇ ਆਧੁਨਿਕ ਹਿੰਦੀ ਦਾ ਮਿਲਗੋਭਾ ਹੈ । ਕਬੀਰ ਅਤੇ ਉਨ੍ਹਾਂ ਦੇ ਸ਼ਿਸ਼ਾਂ ਨੇ ਪੁਰਾਣੀ ਹਿੰਦੀ ਵਿਚ ਲਿਖਿਆ ਹੈ ।

ਗ੍ਰੰਥ ਸਾਹਿਬ ਦੇ ਛੰਦ ਵੀ ਪ੍ਰਾਚੀਨ ਪ੍ਰਾਕਿਰਤ ਦੇ ਬਰਾਬਰ ਹਨ ਜਾਂ ਕੁਛ ਨਵੇਂ ਬਣਾਏ ਗਏ ਹਨ । ਉਦਾਹਰਣ ਲਈ ਦੋਹਰਾ, ਦੁਪਦਾ, ਤ੍ਰਿਪਦਾ, ਪੰਚਨਾਦਾ, ਅਸ਼ਟਪਤੀ, ਸ਼ਲੋਕ, ਛਰਵਟ, ਛੰਦ, ਪੌੜੀ, ਸਵੱਈਆ, ਅਤੇ ਗਾਥਾ ਵ੍ਰਿਤ ਮਿਲਦੇ ਹਨ ਭਾਸ਼ਾ ਦੇ ਉਦਾਹਰਣ ਹਨ—

**ਸ਼ਲੋਕ :—**

**ਕਤੰਚ ਮਾਤਾ ਕਤੰਚ ਬਨਿਤਾ ਵਿਨੋਦ ਸਤਹੁ ।**
**ਕਤੰਚ ਭ੍ਰਾਤ ਮੀਤ ਹਿਤ ਬੰਧਵ ਕਤੰਚ ਮੋਹੁ ਕੁਟੰਬ ਤੇ ॥**
**ਕਤੰਚ ਚਪਲ ਮੋਹਿਨੀ ਰੂਪੇ ਪੇਖਤੇ ਤਯਾਗੀ ਕਰੋਤਿ ।**
**ਰਹੰਤ ਸੰਗ ਭਗਵਾਨ ਸਿਮਰਨੁ ਨਾਨਕ ਲਬਧੰ ਅਚਯੁਤ ਤਮਹੁ ।**

**ਗਾਥਾ :—**

**ਕਰਪੂਰ ਪੁਹਪ ਸੁਗੰਧਾ ਵਾਸ ਮਾਨੁਖਯ ਦੇਹ ਮਾਲੀਯੰ ।**
**ਮੱਜਾ ਰੁਧਿਰ ਦੁਰਗੰਧਾ ਨਾਨਕ ਅੱਥਿ ਗਰਬੰਣ ਅਗਿਆਤਣੰ । ।**

ਨਾਮਦੇਵ ਤੋਂ ਮਗਰੋਂ ਦੇ ਮਹੱਤਵ ਵਾਲੇ ਹਰੀਜਨ ਸੰਤਾਂ ਵਿਚ ਗੋਰਾ ਘੁਮਾਰ, ਸਾਵਤਾ ਮਾਲੀ ਅਤੇ ਚੋਖਾ ਮੇਲਾ ਸਨ। ਇਨ੍ਹਾਂ ਵਿਚੋਂ ਪਹਿਲੇ ਦੋ ਦੇ ਬਾਰੇ ਲੱਛਮਣ ਨਾਰਾਇਣ ਗਰਦੇ ਨੇ ਜਾਣਕਾਰੀ ਦਿੱਤੀ ਹੈ—

ਸ੍ਰੀ ਗਿਆਨੇਸ਼ਵਰ ਦੇ ਸਮੇਂ ਦੇ ਸੰਤਾਂ ਵਿਚ ਉੱਮਰ ਵਿਚ ਸਭ ਤੋਂ ਵੱਡੇ ਗੋਰਾ ਘੁਮਾਰ ਸਨ। ਇਨ੍ਹਾਂ ਦਾ ਜਨਮ ਤੇਰਢੋਕੀ ਦੇ ਸਥਾਨ ਤੇ ਸੰਮਤ 1334 ਵਿਚ ਹੋਇਆ। ਇਨ੍ਹਾਂ ਨੂੰ ਸਾਰੇ ਲੋਕ 'ਚਾਚਾ' ਕਿਹਾ ਕਰਦੇ ਸਨ। ਇਹ ਬੜੇ ਵੈਰਾਗੀ, ਪੱਕੇ ਇਰਾਦੇ ਦੇ ਅਤੇ ਗਿਆਨੀ ਭਗਤ ਸਨ। ਇਨ੍ਹਾਂ ਦੀਆਂ ਦੋ ਪਤਨੀਆਂ ਸਨ। ਭਜਨ-ਅਨੰਦ ਵਿਚ ਮਸਤ ਹੋਣਾ ਇਨ੍ਹਾਂ ਦਾ ਅਜਿਹਾ ਸੀ ਕਿ ਇਕ ਵਾਰ ਇਨ੍ਹਾ ਦਾ ਮਾਸੂਮ ਬੱਚਾ ਇਨ੍ਹਾਂ ਦੇ ਨਾਚ ਵਿਚ ਪੈਰਾਂ ਹੇਠ ਕੁਚਲਕੇ ਮਰ ਗਿਆ ਪਰ ਇਨ੍ਹਾਂ ਨੂੰ ਇਸ ਦੀ ਜ਼ਰਾ ਵੀ ਖ਼ਬਰ ਨਾ ਹੋਈ। ਇਸ ਤੋਂ ਖਿੱਝਕੇ ਇਨ੍ਹਾਂ ਦੀ ਪਤਨੀ ਸੰਤੀ ਨੇ ਇਨ੍ਹਾਂ ਨੂੰ ਕਿਹਾ ਕਿ ਹੁਣ ਅਜ ਤੋਂ ਤੁਸੀਂ ਮੈਨੂੰ ਨਾ ਛੂਹਣਾ। ਉਦੋ ਤੋਂ ਗੋਰਾ ਜੀ ਨੇ ਉਸ ਨੂੰ ਛੂਹਣਾ ਹਮੇਸ਼ਾ ਲਈ ਤਿਆਗ ਹੀ ਦਿੱਤਾ। ਸੰਤੀ ਨੂੰ ਬਹੁਤ ਪਛਤਾਵਾ ਹੋਇਆ ਅਤੇ ਬਹੁਤ ਚਿੰਤਾ ਹੋਈ ਕਿ ਉਸਦੇ ਪੁਤਰ ਹੁਣ ਕਿਸ ਤਰ੍ਹਾਂ ਹੋਣ ਅਤੇ ਕਿਵੇਂ ਉਨ੍ਹਾਂ ਦਾ ਖ਼ਾਨਦਾਨ ਵਧੇ। ਇਸ ਲਈ ਉਨ੍ਹਾਂ ਨੇ ਆਪਣੀ ਭੈਣ ਰਾਮੀ ਨਾਲ ਇਨ੍ਹਾਂ ਦਾ ਵਿਆਹ ਕਰ ਦਿੱਤਾ। ਵਿਆਹ ਦੇ ਮੌਕੇ ਤੇ ਸੋਹਰੇ ਨੇ ਉਨ੍ਹਾਂ ਨੂੰ ਉਪਦੇਸ਼ ਦਿੱਤਾ ਕਿ ਦੋਹਾਂ ਭੈਣਾਂ ਨਾਲ ਇਕੋ ਜਿਹਾ ਵਰਤਾਓ ਕਰਨਾ। ਬਸ, ਇਨ੍ਹਾਂ ਨੇ ਸਜ ਵਿਆਹੀ ਨੂੰ ਵੀ ਨਾ ਛੂਹਣ ਦਾ ਨਿਸ਼ਚਾ ਕੀਤਾ। ਇਕ ਦਿਨ ਦੋਹਾਂ ਭੈਣਾਂ ਨੇ ਇਨ੍ਹਾਂ ਦੇ (ਗੋਰਾ ਦੇ) ਦੋਵੇਂ ਹੱਥ ਫੜਕੇ ਆਪਣੇ ਜਿਸਮ ਤੇ ਰੱਖੇ। ਇਨ੍ਹਾਂ ਨੇ ਇਨ੍ਹਾਂ ਦੋਹਾਂ ਹੱਥਾਂ ਨੂੰ ਪਾਪੀ ਸਮਝ ਕੇ ਕੱਟ ਦਿੱਤਾ। ਇਸ ਤਰ੍ਹਾਂ ਦੀਆਂ ਕਈ ਗੱਲਾਂ ਉਨ੍ਹਾਂ ਬਾਰੇ ਪ੍ਰਸਿੱਧ ਹਨ। ਕਾਸ਼ੀ ਆਦਿ ਦੀ ਯਾਤਰਾ ਤੋਂ ਮੁੜਦੇ ਹੋਏ ਸ੍ਰੀ ਗਿਆਨੇਸ਼ਵਰ ਨਾਮਦੇਵ ਆਦਿ ਸੰਤ ਇਨ੍ਹਾਂ ਦੇ ਘਰ ਠਹਿਰ ਗਏ ਸਨ। ਸਾਰੇ ਸੰਤ ਇਕ ਥਾਂ ਬੈਠੇ ਸਨ। ਨੇੜੇ ਹੀ ਘੁਮਾਰ ਦੀ ਇਕ ਥਾਪੀ ਪਈ ਹੋਈ ਸੀ। ਉਸ ਉਤੇ ਮੁਕਤਾ ਬਾਈ ਦੀ ਨਜ਼ਰ ਪਈ। ਉਨ੍ਹਾਂ ਕਿਹਾ 'ਚਾਚਾ' ਜੀ ਇਹ ਕੀ ਚੀਜ਼ ਹੈ ? ਗੋਰਾ ਜੀ ਨੇ ਉੱਤਰ ਦਿੱਤਾ "ਇਹ ਥਾਪੀ ਹੈ, ਇਸ ਨਾਲ ਮਿੱਟੀ ਦੇ ਘੜੇ ਠਣਕਾਕੇ ਇਹ ਦੇਖਿਆ ਜਾਂਦਾ ਹੈ ਕਿ ਕਿਹੜਾ ਘੜਾ ਕੱਚਾ ਹੈ ਅਤੇ ਕਿਹੜਾ ਪੱਕਾ ਹੈ।" ਮੁਕਤਾਬਾਈ ਨੇ ਕਿਹਾ "ਅਸੀਂ ਆਦਮੀ ਵੀ ਤਾਂ ਘੜੇ ਹੀ ਹਾਂ, ਇਸ ਨਾਲ ਕੀ ਸਾਡੇ ਲੋਕਾਂ ਦੀ ਕਚਿਆਈ ਪਕਿਆਈ ਮਲੂਮ ਹੋ ਸਕਦੀ ਹੈ ? ਗੋਰਾ ਜੀ ਨੇ ਕਿਹਾ 'ਹਾਂ ਹਾਂ, ਕਿਉਂ ਨਹੀਂ ?' ਇਹ ਕਹਿ ਕੇ ਉਨ੍ਹਾਂ ਨੇ ਥਾਪੀ ਚੁੱਕੀ ਅਤੇ ਇਕ ਇਕ ਸੰਤ ਦੇ ਸਿਰ ਤੇ ਮਾਰਕੇ ਵੇਖਣ ਲਗੇ। ਹੋਰ ਸੰਤ ਤਾਂ ਇਹ ਕੌਤਕ ਵੇਖਦੇ ਰਹੇ ਪਰ ਨਾਮਦੇਵ ਜੀ ਵਿਗੜੇ। ਉਨ੍ਹਾਂ ਨੇ ਇਹ ਸੰਤਾਂ ਦਾ ਅਤੇ ਆਪਣਾ ਵੀ ਅਪਮਾਨ ਸਮਝਿਆ। ਗੋਰਾ ਜੀ ਠਕੋਰਦੇ ਠਕੋਰਦੇ ਜਦ ਉਨ੍ਹਾਂ ਕੋਲ ਆਏ ਤਾਂ ਇਨ੍ਹਾਂ ਨੂੰ ਬਹੁਤ ਬੁਰਾ ਲਗਿਆ। ਗੋਰਾ ਜੀ ਨੇ ਇਨ੍ਹਾਂ ਦੇ ਸਿਰ ਤੇ ਵੀ ਥਾਪੀ ਦੀ ਠਕੋਰ ਮਾਰੀ ਅਤੇ ਬੋਲੇ 'ਸੰਤਾਂ ਵਿਚ ਇਹੋ ਘੜਾ ਕੱਚਾ ਹੈ' ਅਤੇ ਨਾਮਦੇਵ ਨੂੰ ਕਹਿਣ ਲੱਗੇ "ਨਾਮਦੇਵ ਤੂੰ ਭਗਤ ਹੈਂ ਪਰ ਤੇਰਾ ਹੰਕਾਰ ਨਹੀਂ ਗਿਆ। ਜਦ ਤਕ

ਗੁਰੂ ਦੀ ਸ਼ਰਨ ਨਹੀਂ ਜਾਓਗੇ ਓਦੋਂ ਤਕ ਅਜਿਹੇ ਹੀ ਕੱਚੇ ਰਹੋਗੇ।" ਨਾਮਦੇਵ ਨੂੰ ਬਹੁਤ ਦੁੱਖ ਹੋਇਆ। ਉਹ ਜਦ ਪੰਢਰਪੁਰ ਮੁੜ ਆਏ ਤਾਂ ਉਨ੍ਹਾਂ ਨੇ ਸ੍ਰੀ ਬਿੱਠਲ ਕੋਲ ਆਪਣਾ ਦੁੱਖ ਰੋਇਆ। ਭਗਵਾਨ ਨੇ ਉਨ੍ਹਾਂ ਨੂੰ ਕਿਹਾ "ਗੋਰਾ ਜੀ ਦਾ ਇਹ ਕਹਿਣਾ ਤਾਂ ਸੱਚ ਹੈ ਕਿ ਗੁਰੂ ਦੀ ਸ਼ਰਨ ਵਿਚ ਜਦ ਤਕ ਨਹੀਂ ਜਾਓਗੇ ਤਦ ਤਕ ਕੱਚੇ ਰਹੋਗੇ। ਅਸੀਂ ਤਾਂ ਸਦਾ ਤੁਹਾਡੇ ਨਾਲ ਹੀ ਹਾਂ ਪਰ ਤੁਹਾਨੂੰ ਕਿਸੇ ਦੇਹਧਾਰੀ ਮਨੁੱਖ ਨੂੰ ਗੁਰੂ ਮੰਨਕੇ ਉਸ ਦੇ ਅੱਗੇ ਝੁਕਣਾ ਹੋਵੇਗਾ। ਉਸਦੇ ਚਰਨਾਂ ਵਿਚ ਆਪਣਾ ਹੰਕਾਰ ਗੁਆਉਣਾ ਹੋਵੇਗਾ।" ਭਗਵਾਨ ਦੇ ਹੁਕਮ ਅਨੁਸਾਰ ਨਾਮਦੇਵ ਜੀ ਨੇ ਸ੍ਰੀ ਵਿਸੋਬਾ ਖੇਚਰ ਨੂੰ ਗੁਰੂ ਮੰਨਿਆ ਅਤੇ ਗੁਰੂ ਉਪਦੇਸ ਗ੍ਰਹਿਣ ਕੀਤਾ। ਸੋ, ਇਸ ਤਰ੍ਹਾਂ ਗੋਰਾ ਜੀ ਘੁਮਾਰ ਬੜੇ ਅਨੁਭਵੀ, ਗਿਆਨੀ ਭਗਤ ਅਤੇ ਸੰਤ ਸਨ। ਉਨ੍ਹਾਂ ਦੇ ਅਭੰਗਾਂ ਵਿਚ ਵੇਦਾਂਤ ਦੇ ਪ੍ਰਿਭਾਸ਼ਕ ਬਹੁਲਤਾ ਨਾਲ ਆਏ ਹਨ। ਅਤੇ ਅਨਾਹਤ ਧਨੀ "ਸਤਰ੍ਹਵੀਂ ਦਾ ਉਦਕ ਖੇਚਰੀ ਮੁੱਦਰਾ" ਆਦਿ ਅਨੁਭਵ ਦੇ ਸੰਕੇਤ ਵੀ ਮਿਲਦੇ ਹਨ।

ਗੋਰਾ ਘੁਮਾਰ ਬਾਰੇ ਮੁਕਤਾਬਾਈ ਦਾ ਇਕ ਮਰਾਠੀ ਪਦ ਹੈ—

**ਗੋਰਾ ਜੁਨਾਟ ਪੈ ਜੁੰਨਾ।**
**ਹਾਤੀ ਥਾਪਟਣੇ ਅਨੁਭਾਵਚੇਂ।।**
**ਪ੍ਰਬ੍ਰਹਮ ਮਹਾਤਾਰਾ ਨਿਵਾਲਾ ਅੰਤਰੀ।**
**ਵੈਰਾਗਯਾਚੇ ਵਰੀ ਪਾਲਹਾਲਲਾ।।**
**ਸੋਹੰ ਸ਼ਬਦੇਂ ਵਿਰਕਤੀ ਉਜਲੀ।**
**ਪਾਤੀ ਅਕੂਭਰੀ ਪਾਹਿਲੇਂ ਪਣਾ।।**
**ਮ੍ਹਣੇ ਮੁਕਤਾਬਾਈ ਘਾਲੂੰ ਯਾ ਲੋਟਾਂਗਣਾ ਜਾਊਂ ਦਯਾ ਸ਼ਰਣ**
**ਅਵਯੁਕਤਾ ਸੀ।।**

"ਗੋਰਾ ਪੁਰਾਣਾ, ਬੁੱਢਾ ਪਰ ਉਸਦੇ ਹੱਥ ਵਿਚ ਅਨੁਭਵ ਦੀ ਥਾਪੀ ਹੈ। ਬੁੱਢਾ ਪਰਬ੍ਰਹਮ ਅੰਤਰ ਵਿਚ ਸੀਤਲ ਹੈ। ਵੈਰਾਗ ਤੇ ਹੌੜ (ਤੁਠ) ਗਿਆ ਹੈ। ਸੋਹੀ ਸ਼ਬਦ ਵਿਚ ਵਿਰਕਤੀ ਬਚੀ ਹੈ ਅਕੂੰ-ਭਰ ਰੂਪ ਪਾਉਂਦੇ ਹਨ। ਮੁਕਤਾਬਾਈ ਕਹਿੰਦੀ ਹੈ "ਅਸੀਂ ਸ਼ਾਸ਼ਟਾਂਗ ਪ੍ਰਣਾਮ ਕਰੀਏ ਅਤੇ ਅਵਿਅਕਤ ਦੀ ਸ਼ਰਣ ਜਾਈਏ।"

ਗੋਰਾ ਘੁਮਾਰ ਵਾਂਗ ਹੀ ਸਾਂਵਤਾ ਮਾਲੀ ਵੀ ਇਕ ਮਹੱਤਵ ਵਾਲੇ ਸੰਤ ਕਵੀ ਹਨ। ਉਹ ਵੀ ਅਨਪੜ੍ਹ ਸਨ। ਗਰਦੇ ਜੀ ਉਨ੍ਹਾਂ, ਬਾਰੇ ਕਹਿੰਦੇ ਹਨ—

"ਪੰਢਰਪੁਰ ਤੋਂ 10—12 ਮੀਲ ਤੇ ਅਰਨਮੇਂਡੀ ਨਾਮ ਦਾ ਇਕ ਪਿੰਡ ਹੈ। ਸਾਂਵਤਾ ਇਥੋਂ ਦੇ ਹੀ ਰਹਿਨ ਵਾਲੇ ਸਨ। ਇਨ੍ਹਾਂ ਦਾ ਜਨਮ ਸਾਕੇ 1172 ਵਿਚ ਹੋਇਆ ਸੀ। ਇਨ੍ਹਾਂ ਦੇ ਪਿਤਾ ਦਾ ਨਾਮ ਪਰਸ਼ਵਾ ਅਤੇ ਮਾਤਾ ਦਾ ਨਾਮ ਨਾਂਗਤਾ ਬਾਈ ਸੀ। ਇਹ ਮਾਲੀ ਦਾ ਕੰਮ ਕਰਦੇ ਸਨ ਅਤੇ ਬਨਮਾਲੀ ਸ੍ਰੀ ਬਿੱਠਲ ਦਾ ਭਜਨ ਕਰਦੇ ਸਨ। ਇਕ

ਵਾਰ ਗਿਆਨੇਸ਼ਵਰ ਅਤੇ ਸ੍ਰੀ ਨਾਮਦੇਵ ਸ੍ਰੀ ਬਿੱਠਲ ਭਗਵਾਨ ਦੇ ਨਾਲ ਸੰਤ ਕਰਮ ਦਾਸ ਨੂੰ ਮਿਲਣ ਜਾ ਰਹੇ ਸਨ। ਅਰਭੇਡੀ ਥਾਂ ਦੇ ਨੇੜੇ ਜਦ ਆਪ ਲੋਕ ਆਏ ਤਾਂ ਭਗਵਾਨ ਨੇ ਇਨ੍ਹਾਂ ਦੋਹਾਂ ਮਹਾਤਮਾਂ ਨੂੰ ਕਿਹਾ ਕਿ ਤੁਸੀਂ ਜ਼ਰਾ ਏਥੇ ਠਹਿਰ ਜਾਓ, ਮੈਂ ਹੁਣੇ ਸਾਂਵਤਾ ਨੂੰ ਮਿਲਕੇ ਆਉਂਦਾ ਹਾਂ। ਇਹ ਕਹਿਕੇ ਭਗਵਾਨ ਸਾਂਵਤਾ ਪਾਸ ਪੁਜੇ ਅਤੇ ਬੋਲੇ 'ਸਾਂਵਤਾ' ਛੇਤੀ ਮੈਨੂੰ ਕਿਧਰੇ ਲੁਕਾ ਦੇ, ਦੋ ਚੋਰ ਮੇਰੇ ਪਿੱਛੇ ਪਏ ਹੋਏ ਹਨ। 'ਸਾਵਤਾ' ਨੇ ਤੁਰਤ ਖੁਰਪੇ ਨਾਲ ਆਪਣਾ ਪੇਟ ਚੀਰ ਕੇ ਅਤੇ ਉਸ ਵਿਚ ਭਗਵਾਨ ਨੂੰ ਛੁਪਾਕੇ ਉਪਰ ਚਾਦਰ ਲੈ ਲਈ। ਏਧਰ ਗਿਆਨਦੇਵ ਅਤੇ ਨਾਮਦੇਵ ਭਗਵਾਨ ਦੀ ਉਡੀਕ ਕਰ ਰਹੇ ਸਨ। ਜਦ ਬਹੁਤ ਸਮਾਂ ਲੰਘ ਗਿਆ ਤਾ ਦੋਵੇਂ ਸਾਵਤਾ ਦੇ ਘਰ ਪਹੁੰਚੇ। ਸਾਵਤਾ ਨਾਮ ਵਿਚ ਲੀਨ ਸੀ। ਇਸ ਤੋਂ ਇਹ ਨਿਸਚਿਤ ਹੋ ਗਿਆ ਕਿ ਭਗਵਾਨ ਏਥੇ ਕਿਤੇ ਲੁਕੇ ਹੋਏ ਹਨ। ਗਿਆਨਦੇਵ ਅਤੇ ਨਾਮਦੇਵ ਦੋਹਾ ਨੇ ਸਾਵਤਾ ਭਾਈ ਨੂੰ ਪ੍ਰਾਰਥਨਾ ਕੀਤੀ ਕਿ ਭਾਈ ਭਗਵਾਨ ਦੇ ਦਰਸ਼ਨ ਤਾਂ ਕਰਵਾ ਦਿਓ'। ਸਾਵਤਾ ਨੇ ਭਗਵਾਨ ਨੂੰ ਬਾਹਰ ਕੱਢਿਆ। ਤਦ ਸਾਰੇ ਪ੍ਰੇਮ ਨਾਲ ਗਦਗਦ ਹੋ ਗਏ। ਸਾਵਤਾ ਹਰ ਥਾ ਸਭ ਪਦਾਰਥਾ ਵਿਚ ਇਕ ਭਗਵਾਨ ਨੂੰ ਹੀ ਦੇਖਿਆ ਕਰਦੇ ਸਨ। ਭਗਵਾਨ ਨਾਮ ਵਿਚ ਵੀ ਉਨ੍ਹਾ ਦੀ ਬੜੀ ਵਿਲੱਖਣ ਸਰਧਾ ਸੀ। ਇਕ ਅਭੰਗ ਵਿਚ ਉਨ੍ਹਾ ਕਿਹਾ ਹੈ—"ਨਾਮ ਦਾ ਅਜਿਹਾ ਬਲ ਹੈ ਕਿ ਮੈਂ ਹੁਣ ਕਿਸੇ ਤੋਂ ਵੀ ਨਹੀਂ ਡਰਦਾ ਅਤੇ ਕਾਲ ਦੇ ਸਿਰ ਦੇ ਡੰਡੇ ਮਾਰਿਆ ਕਰਦਾ ਹਾ। ਬਿੱਠਲ ਨਾਮ ਗਾ ਕੇ ਅਤੇ ਨਚਕੇ ਅਸੀਂ ਲੋਕ ਉਸ ਬੈਕੁੰਠ ਪਤੀ ਨੂੰ ਏਵੇਂ ਹੀ ਆਪਣੇ ਕੀਰਤਨ ਵਿਚ ਬੁਲਾ ਲਿਆ ਕਰਦੇ ਹਾਂ। ਇਸੇ ਭਜਨ ਅਨੰਦ ਦੀ ਦਿਵਾਲੀ ਮਨਾਉਂਦੇ ਹਾ ਅਤੇ ਚਿੱਤ ਵਿਚ ਉਸ ਬਨਮਾਲੀ ਨੂੰ ਫੜਕੇ ਪੂਜਾ ਕਰਿਆ ਕਰਦੇ ਹਾ।" ਸਾਵਤਾ ਕਹਿੰਦਾ ਹੈ ਕਿ "ਭਗਤੀ ਦੇ ਇਸ ਰਾਹ ਤੇ ਚਲਦੇ ਚਲੋ, ਚਾਹੇ ਮੁਕਤੀਆ ਦਰ ਤੇ ਆ ਡਿਗਣਗੀਆ।" ਸਾਵਤਾ ਜੀ ਨੇ ਸਾਕੇ 1217 ਦੀ ਹਾੜੀ ਕ੍ਰਿਸਨਾ 14 ਨੂੰ ਸਮਾਧੀ ਲਈ।

ਇਸ ਸੰਤ ਮਾਲਾ ਵਿਚ ਸਭ ਤੋਂ ਸਾਨਦਾਰ ਹਨ ਚੋਖਾ ਮੇਲਾ ਜਾਂ ਮਹਾਰ। ਇਹ ਧੇੜ ਵੀ ਅਖਵਾਉਂਦੇ ਹਨ। ਧੇੜ ਜਾਤੀ ਦੇ ਵਿਸ਼ੇ 'ਚ ਡਾਕਟਰ ਕੇਤਕਰ ਦੇ ਸਬਦਾ ਵਿਚ ਜੋ ਜਾਣਕਾਰੀ ਮਿਲਦੀ ਹੈ ਉਹ ਇਸ ਤਰ੍ਹਾਂ ਹੈ—

"ਗੁਜਰਾਤ, ਰਾਜਪੂਤਾਨਾ, ਕਾਠੀਆਵਾੜ ਅਤੇ ਕੱਛ ਵਿਚ ਧੇੜ ਲੋਕ ਰਹਿੰਦੇ ਹਨ। ਇਨ੍ਹਾ ਦੀ ਗਿਣਤੀ 1911 ਵਿਚ ਇਕ ਲੱਖ ਅਠ੍ਹਾਰਾ ਹਜਾਰ ਸੀ। ਇਨ੍ਹਾਂ ਵਿਚ ਮਹਾਰ ਨਹੀਂ ਆਉਂਦੇ। ਕਰਾਚੀ ਦੇ ਧੇੜ ਆਪਣੇ ਆਪ ਨੂੰ ਰਾਜਪੂਤ ਕਹਿੰਦੇ ਹਨ। ਉਹ ਮੂਲੋਂ ਅਨਾਰੀਆ ਜਾਤੀ ਦੇ ਹਨ। ਮੋਟਾ ਫੂਲ੍ਹਾ ਕੱਪੜਾ ਬੁਣਨਾ, ਭਾਰ ਚੁੱਕਣਾ ਅਤੇ ਕਦੇ ਕਦੇ ਰਾਹ ਦਿਖਾਉਣਾ ਇਨ੍ਹਾਂ ਦੇ ਪੇਸ਼ੇ ਹਨ। ਇਨ੍ਹਾਂ ਦੀਆਂ 14 ਉਪਜਾਤੀਆਂ ਹਨ। ਮਾਤੰਗ ਸਭ ਤੋਂ ਸ੍ਰੇਸ਼ਠ ਸਮਝੇ ਜਾਂਦੇ ਹਨ। ਦੀਵੇ ਦੇ ਆਸੇ ਪਾਸੇ ਵਰ-ਵਹੁ ਪ੍ਰਦੱਖਣਾ ਕਰਦੇ ਹਨ। ਸ਼ਾਦੀ ਗਾਰੁੜੀ (ਸਪੇਰੇ) ਜਿਹੀ ਉਨ੍ਹਾਂ ਰਾਹੀਂ ਹੀ ਹੁੰਦੀ ਹੈ। ਵਿਧਵਾ ਦਾ ਮੁੜ ਵਿਆਹ ਹੁੰਦਾ ਹੈ। ਮਾਸਖੋਰ ਹਨ, ਗਾਂ ਮੱਛੀ ਦਾ ਮਾਸ ਖਾਂਦੇ ਹਨ। ਕੋਰੀ, ਪਾਰਧੀ, ਭੰਗੀ, ਇਨ੍ਹਾਂ ਦੇ ਹੱਥ ਦਾ ਅੰਨ ਨਹੀਂ ਖਾਂਦੇ। ਮੁਸਲਮਾਨ ਨਾਈ ਨੂੰ ਛਡਕੇ ਸਭਨਾਂ ਮੁਸਲਮਾਨਾਂ ਦੇ ਹੱਥ ਦਾ

ਅੰਨ ਖਾਂਦੇ ਹਨ। ਇਨ੍ਹਾਂ ਦੇ ਦੇਵਤਾ ਗਣਪਤੀ, ਮਾਤਾ ਮਾਰੁਤੀ ਅਤੇ ਨਰ ਸਿੰਘ ਹਨ। ਕੱਛ ਦੇ ਮਧਵਾਲ ਬ੍ਰਾਹਮਣ ਇਨ੍ਹਾਂ ਦੇ ਹੱਥ ਦਾ ਖਾਣਾ ਖਾਂਦੇ ਹਨ। ਗੁਜਰਾਤ ਦੇ ਪਹਾੜੀ ਇਲਾਕਿਆਂ ਵਿਚ ਬਰਦ ਲੋਕਾਂ ਅਤੇ ਦੱਖਣੀ ਕਰਨਾਟਕ ਵਿਚ ਦਾਏਰਦ ਲੋਕਾਂ ਦਾ ਧੇੜਾਂ ਨਾਲ ਬੜਾ ਸਾਥ ਹੈ। ਉਨ੍ਹਾਂ ਵਿਚ ਚਾਵੜਾ, ਚਾਸੀਆਂ, ਚੌਹਾਨ ਆਦਿ ਉਪਨਾਮ ਹੁੰਦੇ ਹਨ। ਮਾਰਵਾੜ ਵਿਚ ਮਾਰੂਧੇੜ ਅਤੇ ਮਹਾਂਰਾਸ਼ਟਰ ਦੇ ਮਹਾਨਰ ਧੇੜ ਹੁੰਦੇ ਹਨ। ਚਾਸੀਆਂ, ਕੁਸੀਆਂ ਤੋਂ ਇਲਾਵਾ ਦਸ ਹੋਰ ਭੇਦ (ਕਿਸਮਾਂ) ਹਨ। ਧੇੜ ਇਸਤਰੀਆਂ ਸੁੰਦਰ ਸੁਘੜ ਹੁੰਦੀਆਂ ਹਨ। ਭਾਸ਼ਾ ਅਸ਼ੁਧ ਗੁਜਰਾਤੀ ਹੈ। ਇਸਤਰੀਆਂ ਗੱਲ ਵਿਚ **ਕਿਡਿਆ** ਜਾਂ ਕੱਚ ਦੀਆਂ ਮਣੀ ਮਾਲਾਂ ਪਹਿਨਦੀਆਂ ਹਨ। ਨੱਕ ਵਿਚ ਕੱਚ ਦੀਆਂ ਕੋਕਰੀਆਂ ਅਤੇ ਹੱਥਾਂ ਵਿਚ ਦੰਦ ਦੀਆਂ ਹਾਥੀ ਚੂੜੀਆਂ ਅਤੇ ਪੈਰਾਂ ਵਿਚ ਚਾਂਦੀ ਦੇ ਕੜੇ ਪਹਿਨਦੀਆਂ ਹਨ। ਇਹ ਮਰੇ ਜਾਨਵਰ ਘਸੀਟ ਕੇ ਲੈ ਜਾਂਦੇ ਹਨ। ਧੇੜ ਲੋਕ ਲੇਵ ਅਤੇ ਦੇਵ ਦੋ ਭਰਾਵਾਂ ਦੀ ਉਲਾਦ ਮੰਨੇ ਜਾਂਦੇ ਹਨ। ਪਹਿਲਾਂ ਥੁਕਣ ਲਈ ਇਹ ਮਟਕੀਆਂ ਗੱਲਾਂ ਵਿਚ ਬੰਨ੍ਹਦੇ ਸਨ ਅਤੇ ਰੱਸਤੇ ਵਿਚ ਪੈਰਾਂ ਦੇ ਜੋ ਨਿਸ਼ਾਨ ਪੈਂਦੇ ਸਨ ਉਨ੍ਹਾਂ ਨੂੰ ਮਿਟਾਉਣ ਲਈ ਹੱਥਾਂ ਵਿਚ ਦਰੱਖ਼ਤਾਂ ਦੀਆਂ ਟਾਹਣੀਆਂ ਲੈ ਜਾਂਦੇ ਸਨ। ਜ਼ਿਆਦਾ ਤਰ ਧੇੜ ਬੀਜਮਾਰਗੀ, ਕਬੀਰ ਪੰਥੀ ਅਤੇ ਰਾਮਾਨੰਦੀ ਹਨ। ਕੁਝ ਹਰੀਬਾਬਾ ਦੇ ਪੈਰੋਕਾਰ ਅਤੇ ਕੁਝ ਸੁਆਮੀ ਨਾਰਾਇਣ ਪੰਥੀ ਹਨ। ਉਨ੍ਹਾਂ ਦੇ ਕੁਝ ਦੇਵਤਾ ਨਹੀਂ ਹੁੰਦੇ। ਉਨ੍ਹਾ ਦੇ ਦੇਵਤਾ-ਮੰਦਰ ਪਿੰਡ ਤੋਂ ਬਾਹਰ ਹੁੰਦੇ ਹਨ। ਇਹ ਬੱਚੇ ਦਾ ਨਾਮ ਪੰਜਵੇ ਦਿਨ ਰਖਦੇ ਹਨ। ਇਨ੍ਹਾਂ ਵਿਚੋਂ ਖਿਮੋਂ ਅਤੇ ਸ਼ਿਵੋ ਦੋ ਸਾਥ ਹੋ ਗਏ ਹਨ।''

ਇਸ ਜਾਤੀ ਦਾ ਇਹ ਵੀਹਵੀਂ ਸਦੀ ਦਾ ਰੂਪ ਹੈ। ਪਤਾ ਨਹੀਂ ਚੋਖਾ ਮੇਲਾ ਦੇ ਸਮੇਂ ਕੀ ਹਾਲਤ ਰਹੀ ਹੋਵੇਗੀ। ਉਸ ਸਮੇਂ ਚੋਖਾ ਨੇ ਕਿਹਾ ਸੀ :—

**ਹੀਨ ਯਾਤੀ ਮਾਝੀ ਦੇਵਾ।**
**ਕੈਸੀ ਘੜੇ ਤੁਝੀ ਸੇਵਾ।।**
**ਮਜ਼ ਦੂਰ ਦੂਰ ਹੋ ਮਹਣਤੀ।**
**ਤੂਜ ਭੇਂਟੂ ਕਵਣਯਾ ਰੀਤੀ।।**
**ਮਾਝਾ ਲਾਗਤਾਚੀ ਕਰ।**
**ਸਿੰਤੋੜਾ ਘੇਤਾਤੀ ਕਰਾਰ।।**
**ਮਾਝਾ ਗੋਬਿੰਦ ਗੋਪਾਲਾ।**
**ਕਰੂਣਾ ਭਾਕੀ ਚੋਖਾ ਮੇਲਾ।।**

''ਅਰਥਾਤ ਮੇਰੀ ਜਾਤੀ ਹੀਨ ਹੈ। ਹੇ ਪ੍ਰਮਾਤਮਾ ਤੇਰੀ ਸੇਵਾ ਕਿਸ ਤਰ੍ਹਾਂ ਕਰਾਂ। ਮੈਨੂੰ ਸਾਰੇ ਦੂਰ ਦੂਰ ਹੋ ਜਾਣ ਲਈ ਕਹਿੰਦੇ ਹਨ। ਤੈਨੂੰ ਕਿਵੇਂ ਮਿਲਾਂ। ਮੇਰਾ ਹੱਥ ਲਗਦੇ ਹੀ ਇਹ ਸਵਰਨ ਨਹਾਉਂਦੇ ਹਨ। ਹੇ ਮੇਰੇ ਗੋਬਿੰਦਾ ਗੋਪਾਲਾ। ਚੋਖਾ ਮੇਲਾ ਕਰੂਣਾ ਮੰਗਦਾ ਹੈ।''

'ਸੰਤ ਕਾਵਿ ਸਮਾਲੋਚਨਾ' ਗਰੰਥ ਦੇ ਲੇਖਕ ਪ੍ਰੋ. ਗ. ਬ. ਗ੍ਰਾਮੋਪਾਧਯ ਅਨੁਸਾਰ ਉਸ ਸਮੇਂ ਮਹਾਰਾ ਦਾ ਕੰਮ ਲਗਾਨ ਵਸੂਲੀ ਵੀ ਹੁੰਦਾ ਸੀ। ਉਸ ਬਾਰੇ ਚੋਖਾ ਨੇ ਇਕ ਰੂਪਕ ਲਿਖਿਆ ਸੀ :—

**ਕੋਮਟੀ ਤਲਪਠੀ ਗਾਈ।**
**ਹਾਡਾਚੀ ਬੇਡੀ ਪਡੇਲ ਪਾਯੀ।**
**ਤੋਂਡ ਚੁਕਵਿਤਾਂ ਇੱਜਤ ਜਾਈ।**
**ਮਗ ਵਾਂਚੋਂਨੀਆਂ ! ਕਾਯ ਜੀ ਮਾਯ ਬਾਪ।**
**ਜੋਹਾਰ ਪਾਟੀਲ ਬਾਜੀ।**
**ਚਾਵਡੀ ਚਲਾਨਾ ਕਾਜੀ।**
**ਐਸੇ ਸਾਂਗਤ ਆਲੋਂ ਆਜੀ।**
**ਬਹੁਤ ਬਾਕੀ ਬਕਲੀ ਜੀ। ਕੀ ਜੀ ਮਾਯ ਬਾਪ !**
**ਹਿਮਾਯਤ ਏਥੇਂ ਨ ਚਲੇ ਕਾਹੀ।**
**ਦੁਸਤਰ ਵਾਰਤਾ ਪੁਢੇਂ ਭਾਈ।**
**ਵਰਤੇ ਪਾਯ ਖਾਲੀ ਡੋਈ।**
**ਨਵ ਮਹੀਨੇ ਹੋਈਲ। ਕੀ ਜੀ ਮਾਯ ਬਾਪ ।**

ਕੋਮਟੀ ਅਤੇ ਤਲਾਠੀ (ਜਾਤੀ ਦੇ ਲੋਕ) ਗਾਂਦੇ ਹਨ, ਹੱਡੀਆਂ ਦੀਆਂ
ਬੇੜੀਆਂ ਪੈਰਾ ਵਿਚ ਪੈਣਗੀਆਂ।
ਮੂੰਹ ਚੁਕਾਨ ਤੇ.........ਵੀ ਇਜ਼ਤ ਜਾਵੇਗੀ।
ਫਿਰ ਬਚਣ ਦਾ ਵੀ ਕੀ ਲਾਭ ਹੈ ਜੀ ਮਾਈ ਬਾਪ।
ਜੋ ਹਾਰ ਪਾਈਲ, ਬਾਜ਼ੀ ਨੂੰ
ਚਾਵੜੀ ਉਤੇ ਚਲੀਏ ਕਾਜ਼ੀ ਜੀ
ਇਹ ਕਹਿੰਦਾ ਹੋਇਆ ਅੱਜ ਆਇਆ ਹਾਂ
ਬਹੁਤ ਕਰਜਾ ਬਾਕੀ ਬਚਿਆ ਹੈ ਜੀ ਮਾਈ ਬਾਪ,
ਇਥੇ ਹਮਾਇਤ ਬਿਲਕੁਲ ਨਹੀਂ ਚਲਦੀ।
ਅਗੋਂ ਦੀ ਖ਼ਬਰ ਬੜੀ ਦੁਖਦਾਈ ਅਤੇ ਭਿਆਨਕ ਹੈ।
ਪੈਰ ਉਪਰ ਤੇ ਸਿਰ ਥਲੇ ਹੁੰਦਾ ਹੈ।
ਨੌਂ ਮਹੀਨਿਆਂ ਤਕ ਇਹੀ ਹੋਵੇਗਾ, ਜੀ ਮਾਈ ਬਾਪ।

ਦਾਸੀ ਜਨਾਬਾਈ ਦੇ ਅਭੰਗ ਬਹੁਤ ਭਾਵਪੂਰਣ ਹਨ। ਪ੍ਰੰਤੂ ਉਸ ਵਿਚ ਉਸ ਸਮੇਂ ਦੇ ਸਮਾਜਕ ਹਾਲਾਤ ਦੇ ਅੰਦਾਜ਼ ਘੱਟ ਮਿਲਦੇ ਹਨ। ਇਨ੍ਹਾਂ ਹੀ ਸੰਤਾਂ ਤੇ ਅਰਹਤ, ਅਵਧੂਤ ਆਦਿ ਸੰਪਰਦਾਵਾਂ ਦੀ ਛਾਇਆ ਪਈ ਅਤੇ ਅਲਖਨਾਮੀ ਵੈਰਾਗੀ ਵੀ ਇਨ੍ਹਾਂ ਵਿਚੋਂ ਹੀ ਨਿਕਲੇ ਹਨ।

---

## ਮਧਕਾਲੀਨ ਸਾਹਿਤ

ਪ੍ਰਾਚੀਨ ਸਾਹਿਤਕ ਪ੍ਰੰਪਰਾ ਦੀ ਅੰਤਮ ਕੜੀ ਦੇ ਰੂਪ ਵਿਚ ਅਸੀਂ ਮੁਕਤੇਸ਼ਵਰ ਨੂੰ ਯਾਦ ਕਰ ਸਕਦੇ ਹਾਂ। ਨਿਸ਼ਚਿਤ ਰੂਪ ਵਿਚ ਇਨ੍ਹਾਂ ਦੇ ਜੀਵਨ ਚਰਿੱਤਰ ਦੇ ਵਿਸ਼ੇ ਵਿਚ ਸਮੱਗਰੀ ਨਹੀਂ ਮਿਲਦੀ, ਫੇਰ ਵੀ ਅੰਦਾਜ਼ਾ ਹੈ ਕਿ ਆਪ ਏਕਨਾਥ ਦੇ ਭਾਣਜੇ ਸਨ। ਆਪ ਦਾ ਸਮਾਂ 1600 ਤੋਂ 1650 ਈਸਵੀ ਦੇ ਕਰੀਬ ਰਿਹਾ ਹੋਵੇਗਾ। ਆਪ ਦਾ ਪ੍ਰਸਿੱਧ ਗ੍ਰੰਥ ਹੈ ਮਹਾਂਭਾਰਤ। ਇਹ ਮੁਕੰਮਲ ਰੂਪ ਵਿਚ ਨਹੀਂ ਮਿਲਦਾ। ਕੇਵਲ ਆਦੀ, ਸਭਾ, ਬਨ, ਵਿਰਾਟ, ਅਤੇ ਸੋਪਤਿਕ ਇਹ ਪੰਜ ਹੀ ਪਰਵ (ਅਧਿਆਏ) ਮਿਲਦੇ ਹਨ। ਏਧਰ ਅ. ਕਾ. ਪ੍ਰਿਯੋਲਕਾਰ ਨੇ ਮੁਕਤੇਸ਼ਵਰ ਦੇ ਮਹਾਂਭਾਰਤ ਦਾ ਆਦੀ ਪਰਵ ਬੜੀ ਖੋਜ ਨਾਲ ਛਾਪਿਆ ਹੈ। ਮਰਾਠੀ ਦੇ ਪ੍ਰਾਚੀਨ ਸਾਹਿਤ ਦੇ ਮਾਹਰ ਅਤੇ ਆਲੋਚਕ ਸਵਰਗੀ ਪਾਂਗਾਰਕਰ ਨੂੰ ਮੁਕਤੇਸ਼ਵਰ ਦੀ ਬਾਣੀ ਵਿਚ ਲੋਕੋਤਰ ਪ੍ਰਸਾਦ ਦਿੱਵ (ਤੇਜ) ਅਤੇ ਸ੍ਰਿਸ਼ਟੀ ਸੁੰਦਰਤਾ ਵਰਣਨ ਦੀ ਅਨੁਪਮ ਸ਼ੋਭਾ ਮਿਲਦੀ ਹੈ। ਮੁਕਤੇਸ਼ਵਰ ਦੀ ਭਾਸ਼ਾ, ਦੇਸ ਅਤੇ ਧਰਮ ਦਾ ਹੰਕਾਰ ਅਤੇ ਪ੍ਰੇਮ ਅਲੌਕਿਕ ਸੀ। ਮੁਕਤੇਸ਼ਵਰ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਹੈ ਆਖਿਆਨਕ (ਕਹਾਣੀ ਵਾਲੀ) ਕਵਿਤਾ ਦਾ ਅਰੰਭ। ਜੇ ਗਿਆਨੇਸ਼ਵਰ ਸੰਤ-ਸਾਹਿਤ ਦੇ ਭਿੱਤੀ ਚਾਲਕ (ਅਰੰਭ ਕਰਨ ਵਾਲੇ) ਸਨ ਤਾਂ ਮੁਕਤੇਸ਼ਵਰ ਦੁਨਿਆਵੀ ਸਾਹਿਤ ਦੀ ਨੀਂਹ ਰਖਣ ਵਾਲਿਆਂ ਵਿਚ ਪ੍ਰਮੁੱਖ ਸਨ। ਮੱਧ ਯੁੱਗ ਵਿਚ ਆ ਕੇ ਮਰਾਠੀ ਸਾਹਿਤ ਜੋ ਵਧੇਰੇ ਲੋਕਵਾਦੀ ਹੁੰਦਾ ਗਿਆ, ਉਸਦੇ ਸਭ ਤੋਂ ਪ੍ਰਮੁੱਖ ਸਹਾਇਕ ਸਨ ਤੁਕਾਰਾਮ ਅਤੇ ਰਾਮਦਾਸ।

'ਸੰਤ ਤੁਕਾ ਰਾਮ' ਨਾਮਕ ਚਿਤਰਪਟ (ਸਿਨੇਮਾ) ਤੋਂ ਅਤੇ ਹਿੰਦੁਸਤਾਨੀ ਅਕਾਡਮੀ ਵੱਲੋਂ ਛਪੀ ਅ. ਹ. ਰਾ. ਦਿਵੇਕਰ ਦੀ ਤੁਕਾਰਾਮ ਸਬੰਧੀ ਕਿਤਾਬ ਵਿਚੋਂ ਅਧਿਕ ਪਰਿਚਿਤ ਇਸ ਸੰਤ ਕਵੀ ਦੀ ਸੰਖੇਪ ਜੀਵਨ ਕਥਾ ਇਉਂ ਹੈ—"1608 ਈਸਵੀ ਵਿਚ ਤੁਕਾਰਾਮ ਅਤੇ ਰਾਮਦਾਸ ਦੋਨਾਂ ਦਾ ਜਨਮ ਹੋਇਆ। ਪੂਨਾਂ ਦੇ ਕੋਲ ਇੰਦਰਾਇਣੀ ਨਦੀ ਦੇ ਕਿਨਾਰੇ ਦੇਸ਼ਗਾਂਵ ਵਿਚ ਤੁਕਾਰਾਮ ਬੋਲਹੋਵਾ ਆਂਬਿਲੇ ਦਾ ਜਨਮ ਹੋਇਆ। ਇਨ੍ਹਾਂ ਦੀ ਜ਼ਾਤ ਸ਼ੂਦਰ (ਕੁਨਬੀ) ਸੀ ਅਤੇ ਇਨ੍ਹਾਂ ਦਾ ਖ਼ਾਨਦਾਨ ਬਾਣੀਆਂ ਦਾ ਕੰਮ ਕਰਦਾ ਸੀ। ਸਾਵਜੀ ਅਤੇ ਕਾਹੋਣਾ ਤੁਕਾਰਾਮ ਦੇ ਦੋ ਭਰਾ ਸਨ। ਤੁਕਾਰਾਮ ਨੇ ਦੋ ਵਾਰ ਵਿਆਹ ਕੀਤਾ; ਉਹ ਆਪਣੀ ਦੁਕਾਨ ਅਤੇ ਗ੍ਰਿਹਸਥੀ ਠੀਕ ਤਰ੍ਹਾਂ ਨਾ ਚਲਾ ਸਕੇ। ਉਨ੍ਹਾਂ ਦੀ ਨਜ਼ਰ ਈਸ਼ਵਰ

ਭਗਤੀ ਵੱਲ ਸੀ । ਇਸ ਤੇ ਕਾਲ ਪਿਆ । ਤੁਕਾਰਾਮ ਪੂਰੀ ਤਰ੍ਹਾਂ ਵੈਰਾਗ ਵੱਲ ਝੁਕ ਗਏ ।

ਤੁਕਾਰਾਮ ਨੇ ਆਪਣੀ ਸਾਰੀ ਰਚਨਾ 'ਅਭੰਗ' ਨਾਮਕ ਭਜਨ ਉਪਯੋਗੀ ਛੰਦ ਵਿਚ ਕੀਤੀ ਹੈ । ਨਾਮਦੇਵ ਵਾਂਗ ਹੀ ਭਗਤੀ ਭਰੀ ਪੁਕਾਰ ਅਤੇ ਉਪਾਲੰਭ (ਉਲਾਂਭਿਆਂ) ਨਾਲ ਭਰੀ ਉਨ੍ਹਾ ਦੀ ਰਚਨਾ ਹੈ । ਪਰੰਤੂ ਜਿਥੇ ਨਾਮਦੇਵ ਨਿਰੇ ਸੰਤ ਸਨ, ਤੁਕਾਰਾਮ ਨੇ ਕਬੀਰ ਵਾਂਗ ਵਿਵਹਾਰਕ ਧਰਮ ਦੇ ਦੰਭੀਪੁਣੇ ਨੂੰ ਵੀ ਕਰਾਰੇ ਹੱਥੀਂ ਲਿਆ ਹੈ । ਕਬੀਰ ਦੇ ਹੀ ਵਾਂਗ ਤੁਕਾਰਾਮ ਦੀਆ ਰਚਨਾਵਾਂ ਜਨਤਕ ਰੂਪ ਬਣ ਗਈਆਂ ਹਨ । ਅਸਲ ਜੀਵਨ ਦੇ ਯਥਾਰਥ ਦ੍ਰਿਸ਼ਟਾਂਤ ਲੈਕੇ ਬੜੇ ਬੜੇ ਨੀਤੀ-ਤੱਤ ਅਸਾਨੀ ਨਾਲ ਸਮਝਾਉਣ ਦੀ ਉਨ੍ਹਾਂ ਦੀ ਚਤੁਰਾਈ ਬਹੁਤ ਹੀ ਪ੍ਰਸੰਸਾ ਯੋਗ ਹੈ । ਉਨ੍ਹਾ ਦੇ ਜੀਉਂਦਿਆਂ ਵੀ ਉਨ੍ਹਾਂ ਨੂੰ ਵਿਰੋਧੀਆਂ ਦਾ ਘਟ ਸਾਹਮਣਾ ਨਹੀਂ ਕਰਨਾ ਸੀ ਪਿਆ ।

ਦੇਸਮੁਖ ਬ੍ਰਾਹਮਣ ਖ਼ਾਨਦਾਨ ਵਿਚ, ਸੂਰਯਾਜੀ ਪੰਤ ਕੁੱਲਕਰਣੀ ਦੇ ਪੁੱਤਰ ਰਾਮਦਾਸ, ਗੋਦਾਵਰੀ ਦੇ ਕੰਢੇ ਤੇ ਜਾਵਗਾਵ ਵਿਚ ਜੰਮੇਂ । ਬੱਚਪਨ ਤੋਂ ਹੀ ਉਹ ਕਾਫ਼ੀ ਕਾਹਲੇ ਸਨ। ਵਿਆਹ ਪ੍ਰਸੰਗ ਵਿਚ ਉਹ ਮੰਡਪ ਤੋਂ ਨੱਸ ਗਏ । ਅੱਗੇ ਚਲ ਕੇ ਆਪ ਦੀ ਸ਼ਿਵਾ ਜੀ ਰਾਜਾ ਨਾਲ ਮੁਲਾਕਾਤ ਹੋਈ ਅਤੇ ਸਿਵਾ ਜੀ ਨੇ ਉਨ੍ਹਾਂ ਨੂੰ ਗੁਰੂ ਮੰਨਿਆ, ਇਹ ਅਖਾਣ ਪ੍ਰਸਿੱਧ ਹੈ । ਫੇਰ ਤਾ ਉਹ ਜ਼ਿੰਦਗੀ ਭਰ ਧਰਮ ਪਰਚਾਰ ਕਰਦੇ ਰਹੇ । ਉਨ੍ਹਾ ਨੇ ਕਈ ਮੱਠ ਸਥਾਪਤ ਕੀਤੇ । ਰਾਮ ਭਗਤੀ ਇਨ੍ਹਾਂ ਦਾ ਪ੍ਰਮੁੱਖ ਜੀਵਨ-ਨਿਸ਼ਾਨਾ ਸੀ । ਸਾਤਾਰਾ ਦੇ ਕੋਲ 'ਪਰਲੀ' ਅਤੇ 'ਚਾਫਲ' ਰਾਮ ਦਾਸ ਦੇ ਪ੍ਰਮੁੱਖ ਸਥਾਨ ਸਨ । ਆਪ ਨੇ ਆਪਣਾ ਇਕ ਸੰਪਰਦਾਯ ਚਲਾਇਆ । ਆਪ ਦਾ ਸਭ ਤੋਂ ਵੱਧੀਆ ਗ੍ਰੰਥ ਹੈ । "ਦਾਸਬੋਧ" । ਇਸ ਤੋਂ ਪਹਿਲਾਂ ਸੱਤ ਦਹਾਕਿਆ ਅਤੇ ਮਗਰੋਂ ਦੋ ਤੇਰਾ ਦਹਾਕਿਆਂ ਦੇ ਦਰਮਿਆਨ ਬਹੁਤ ਸਾਰਾ ਰਚਨਾ-ਕਾਲ ਬੀਤਿਆ ਹੋਵੇਗਾ—ਅਜਿਹਾ ਮੰਨਿਆ ਜਾਦਾ ਹੈ । ਇਹ ਗ੍ਰੰਥ ਨਿਵਰਿੱਤੀ ਵਾਦੀ ਨਹੀਂ ਹੈ, ਨਿਰਗੁਣੀਏ ਸੰਤਾ ਵਾਂਗ ਇਹ ਬ੍ਰਹਮ-ਮਾਇਆ ਦੀ ਸੂਖਮ ਛਾਣਬੀਣ ਵਿਚ ਨਹੀਂ ਪੈਂਦਾ ਇਹ ਗ੍ਰੰਥ ਓਜੱਸਵੀ ਭਾਸਾ ਵਿਚ ਪੂਰੀ ਤਰ੍ਹਾਂ ਪ੍ਰਵਿਰਤੀ (ਝੁਕਾਉ ਵਾਦੀ) ਵਾਦੀ ਹੈ । ਇਸ ਦਾ ਕਾਰਨ ਉਸ ਸਮੇਂ ਦੀ ਹਾਲਤ ਸੀ । ਇਹ ਸਮਾਂ ਸਿਵਾ ਜੀ ਦੀ ਹਕੂਮਤ-ਕਾਇਮੀ ਦਾ ਸੀ । ਹਿੰਦੂ ਜਨਤਾ ਮੁਸਲਮਾਨ ਹਾਕਮਾਂ ਦਾ ਸਿੱਧਾ ਵਿਰੋਧ ਕਰ ਰਹੀ ਸੀ । ਉਸ ਵਿਚ ਧਰਮ ਇਕ ਪ੍ਰਧਾਨ ਹਥਿਆਰ ਸੀ । ਰਾਮਦਾਸ ਦੀ ਬਾਣੀ ਉੱਘੜ ਦੁੱਘੜ ਹੈ । ਉਹ ਵਿਆਕਰਣ ਦੋਸ, ਭਾਸ਼ਾ-ਛੰਦ ਦੋਸ, ਕਾਵਿ-ਦੋਸ ਕਿਸੇ ਦੀ ਚਿੰਤਾ ਨਾ ਕਰਦੀ ਹੋਈ ਲਗਾਤਾਰ ਅਰੁਕ ਚਾਲ ਵਗਦੀ ਹੈ । ਉਸ ਵਿਚ ਅਜੀਬ ਅਜੀਬ ਨਵੇਂ ਸ਼ਬਦ-ਪ੍ਰਯੋਗ ਮਿਲਦੇ ਹਨ । ਕਈ ਪੇਂਡੂ ਸਬਦ ਵੀ ਉਸ ਵਿਚ ਆ ਗਏ ਹਨ । ਪਰ ਸੰਪੂਰਣਤਾ ਲੈਣ ਤੇ ਰਾਮਦਾਸ ਦੀ ਰਚਨਾ ਬਹੁਤ ਪ੍ਰਭਾਵਸ਼ਾਲੀ ਹੈ । 'ਦਾਸਬੋਧ' ਵਿਚ ਮੂਰਖ, ਪੰਡਤ, ਕਵੀ, ਭਗਤ, ਰਾਜਾ ਸਭ ਤੇ ਲੱਛਣ ਗਿਣਾਏ ਗਏ ਹਨ । ਰਾਜਨੀਤੀ ਸੰਬੰਧੀ ਉਨ੍ਹਾਂ ਦਾ ਜੋ ਇਕ 'ਦਸ਼ਕ' ਹੈ, ਜਿਸ ਨੂੰ ਮੈਨੂੰ ਪੂਰੇ ਦਾ ਪੂਰਾ 'ਅਗਾਮੀ ਕਲ' ਵਿਚ 'ਇਕ ਕਾਰਜ-ਕਰਤਾ ਨੂੰ ਪੱਤਰ' ਨਾਂ ਦੇ ਅਨੁਵਾਨ ਨਾਲ ਅੱਖਰ ਅੱਖਰ ਅਨੁਵਾਦ ਕਰਕੇ ਪ੍ਰਕਾਸ਼ਤ ਕੀਤਾ ਸੀ । ਉਹ ਸਿੱਧ-ਪੱਧਰਾ ਸਚਾਈ ਨਾਲ ਜੀਵਤ ਰਚਨਾ ਹੈ । ਇਸ 'ਦਾਸਬੋਧ' ਤੋਂ ਇਲਾਵਾ

'ਮਨਾਰੇ ਸਲੋਕ' 'ਰਾਮਾਇਣ' ਦੇ 'ਸੁੰਦਰ ਕਾਂਡ' ਅਤੇ 'ਯੁਧਕਾਂਡ,' 'ਅਨੰਦ ਭਵਨ' ਨਾਮਕ ਮਹਾਂ ਰਾਸ਼ਟਰ ਦੀ ਧਰਤੀ ਦੀ ਸੁੰਦਰਤਾ ਦਾ ਵਰਣਾਤਮਕ ਗ੍ਰੰਥ, 'ਕਰੁਣਾਸ਼ਟਕ,' 'ਪੰਚੀ ਕਰਣ,' 'ਆਰਤੀਆਂ' ਓਵਿਯਾਂ ਦੇ 14 ਸ਼ਤਕ ਆਦਿ ਕਈ ਗ੍ਰੰਥ ਉਨ੍ਹਾਂ ਦੇ ਪ੍ਰਸਿੱਧ ਹਨ। 'ਦਾਸ ਗੀਤਾ' ਨਾਮਕ ਇਕ ਸੰਸਕ੍ਰਿਤ-ਕਾਵਿ ਪਦਯ ਵੀ ਉਨ੍ਹਾਂ ਨੇ ਲਿਖਿਆ ਸੀ. ਸੱਜਨਗੜ੍ਹ ਤੇ 1681 ਈਸਵੀ ਵਿਚ ਆਪਨੇ ਸਮਾਧੀ ਲਈ। ਆਪ ਦੀ ਸਿਸ਼-ਪ੍ਰੰਪਰਾ ਵਿਚ ਪ੍ਰਮੁੱਖ ਕਵੀ ਜੈ ਰਾਮ, ਰੰਗਨਾਥ, ਅਨੰਦ ਮੂਰਤੀ ਅਤੇ ਕੇਸਵ ਇਹ ਚਾਰ ਸੁਆਮੀ ਮਿਲਾਕੇ 'ਰਾਮਦਾਸ ਪੰਚਾਇਤਨ' ਪੂਰਾ ਹੁੰਦਾ ਹੈ। 'ਗਿਆਨ ਪੰਚਾਇਤਨ' 'ਨਾਥ ਪੰਚਾਇਤਨ' ਅਤੇ "ਦਾਸ ਪੰਚਾਇਤਨ' ਦੇ ਨਾਲ ਸੰਤ ਕਵੀਆਂ ਦੀ ਪ੍ਰੰਪਰਾ ਸਤਾਰ੍ਹਵੀਂ ਸਦੀ ਵਿਚ ਆਕੇ ਸਮਾਪਤ ਹੁੰਦੀ ਹੈ ਅਤੇ ਹਿੰਦੀ ਸਾਹਿਤ ਵਿਚ ਜਿਸ ਤਰਾ ਭਗਤੀ ਕਾਲ ਤੋਂ ਮਗਰੋਂ ਰੀਤੀ-ਕਾਲ ਆਉਂਦਾ ਹੈ ਅਤੇ ਉਸ ਦਾ ਅਰੰਭਕ ਰੂਪ ਕੇਸਵਦਾਸ ਜਿਹੇ-ਭਗਤੀ-ਰੀਤੀ ਨੂੰ ਮਿਲਾਉਣ ਵਾਲੇ ਕਵੀਆਂ ਵਿਚ ਮਿਲਦਾ ਹੈ, ਉਸ ਤਰ੍ਹਾ ਮਰਾਠੀ ਸਾਹਿਤ ਵਿਚ ਵੀ ਭਗਤੀ ਕਾਲ ਨਾਲ ਰੀਤੀ ਕਾਲ ਦੇ ਸ਼ਿੰਗਾਰ-ਵੀਰ ਝੁਕਾਵਾ ਤਕ (ਮਤੀਰਾਮ, ਭੂਸਨ ਜਿਹੇ 'ਲਾਵਣੀ ਪੋਵਾੜੇ' ਲਿਖਣ ਵਾਲੇ ਸਹੀਰਾਂ ਤਕ) ਸਿੱਧੀ ਲਕੀਰ ਨਹੀਂ ਮਿਲਦੀ। ਉਹ ਵਿਚ ਪੰਡਿਤ ਕਵੀਆਂ ਰਾਹੀਂ ਟੁੱਟੀ ਹੋਈ ਹੈ। ਲਾਲਜੀ ਪੇਂਡਸੇ ਦੇ ਸੁਪ੍ਰਸਿੱਧ ਗ੍ਰੰਥ 'ਸਾਹਿਤ ਅਤੇ ਸਮਾਜ ਜੀਵਨ (ਜਿਸ ਵਿਚ ਮਰਾਠੀ ਸਾਹਿਤ ਦਾ ਇਤਿਹਾਸ ਸਮਾਜਵਾਦੀ ਦ੍ਰਿਸਟੀਕੋਨ ਨਾਲ ਦਿੱਤਾ ਗਿਆ ਹੈ।) ਵਿਚ ਇਨ੍ਹਾ ਤਿੰਨ ਤਰ੍ਹਾਂ ਦੇ ਕਵੀਆ ਨੂੰ (ਜਿਨ੍ਹਾ ਵਿਚ ਰਸ ਭਗਤੀ, ਸਾਤੀ, ਸਿੰਗਾਰ ਅਤੇ ਵੀਰ ਆਦਿ ਸਨ) ਬਹੁਤ ਹੀ ਸੁੱਹਣੇ ਤਰੀਕੇ ਨਾਲ ਤਿੰਨ ਨਾਵਾਂ ਵਿਚ ਸੰਖੇਪ ਕੀਤਾ ਗਿਆ ਹੈ।। ਸੰਤ ਕਵੀ, ਪੰਤ ਕਵੀ, ਤੰਤ ਕਵੀ। ਪੰਤ ਪੰਡਤ ਦਾ ਛੋਟਾ ਰੂਪ ਹੈ ਅਤੇ ਤਰ੍ਹਾਂ ਸਾਜਾ ਦੇ ਨਾਲ (ਡੱਫ ਇਕਤਾਰਾ ਆਦਿ) ਗਾਉਣ ਵਾਲੇ ਹੋਣ ਕਰਕੇ 'ਤੰਤ ਜਾਂ ਤੰਤਰ ਅਰਥਾਤ 'ਰੀਤੀ' ਦੀ ਉਨ੍ਹਾ ਵਿਚ ਪ੍ਰਧਾਨਤਾ ਹੈ, ਇਸ ਕਰਕੇ 'ਤੰਤ'।

ਹਰ ਇਕ ਸਾਹਿਤ ਦੇ ਇਤਿਹਾਸ ਵਿਚ ਸਿਧਾਂਤਾ ਦੇ ਉੱਨਤੀ ਤੇ ਗਿਰਾਵਟ ਦਾ ਲੇਖਾ ਜ਼ਰੂਰੀ ਤੌਰ ਤੇ ਆਉਂਦਾ ਹੀ ਹੈ। ਜੋ ਆਦਰਸ ਇਕ ਯੁੱਗ ਵਿਚ ਪੂਜੇ ਜਾਂਦੇ ਹਨ, ਉਹ ਦੂਸਰੇ ਯੁੱਗ ਵਿਚ ਬੇਫ਼ਾਇਦਾ ਬਣ ਜਾਂਦੇ ਹਨ ਅਤੇ ਨਵੇਂ ਆਦਰਸ ਉਨ੍ਹਾਂ ਦੀ ਖ਼ਾਲੀ ਥਾਂ ਗ੍ਰਹਿਣ ਕਰਦੇ ਹਨ। ਇਸ ਇਕ ਦੇ ਖੰਡਨ ਵਿਚੋਂ ਦੂਸਰੇ ਦੀ ਉਸਾਰੀ ਦੇ ਸੰਕ੍ਰਾਂਤੀ ਕਾਲ (ਉਹ ਸਮਾਂ ਜਦ ਸੂਰਜ ਇਸ ਤੋਂ ਦੂਸਰੀ ਰਾਸ ਵਿੱਚ ਜਾਂਦਾ ਹੈ।) ਦਾ ਸਾਹਿਤ ਬਹੁਤ ਮਹੱਤਵ ਪੂਰਨ ਹੁੰਦਾ ਹੈ। ਅਜ ਤਾ ਅਜਿਹੇ ਸਮੇਂ ਦਾ ਅਧਿਐਨ ਇਸ ਲਈ ਹੋਰ ਵੀ ਜ਼ਰੂਰੀ ਹੈ ਕਿ ਸਾਡਾ ਭਾਰਤੀ ਸਾਹਿਤ ਵੀ ਅਜਿਹੇ ਹੀ ਬੌਧਿਕ ਅਰਾਜਕ, ਮਤ ਮਤਾਂਤਰਾਂ ਦੇ ਮੰਥਨ (ਰਿੜਕਨ) ਵਿਚੋਂ ਦੀ ਗੁਜ਼ਰ ਰਿਹਾ ਹੈ। ਅੰਗਰੇਜ਼ੀ ਸਾਹਿਤ ਦੇ ਇਤਿਹਾਸ ਵਿਚ ਅਜਿਹੇ ਕਾਲ-ਖੰਡ ਨੂੰ 'ਡਿਕੇਡੈਂਟ' ਕਹਿੰਦੇ ਹਨ, ਜਿਸ ਦਾ ਅੱਖਰ ਅਰਥ ਹੁੰਦਾ ਹੈ 'ਟੁਟਿਆ ਫੁੱਟਿਆ ਜਾਂ ਗਲਿਆ ਹੋਇਆ। ਜੀਵਨ ਦੀ ਉਠਦੀ ਹੋਈ ਤਰਲ ਚਾਲ ਵਾਲੀ ਨੂੰ ਜੇ ਕੁਝ ਨਿਯਮਾਂ ਦੇ ਅਤੇ ਹਾਲਾਤ ਦੇ ਬਨਾਉਟੀ ਬੰਧਨ ਨਾਲ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਕੁੱਝ ਸਮੇਂ ਮਗਰੋਂ ਉਸ ਵਿਚ ਵੀ ਚਾਲ ਖ਼ਤਮ ਹੋਕੇ, ਇਕ ਵਿਗੜੀ ਹੋਈ ਜੜਤਾ

(ਠਹਿਰਾਓ), ਇਕ ਤਰ੍ਹਾਂ ਦੀ ਸੜਾਂਦ, ਇਕ ਤਰ੍ਹਾਂ ਦੀ ਸਾਹਿਤ ਦੀ ਆਤਮਾਭਾਵਨਾ ਨੂੰ ਅਪ੍ਰਧਾਨਪੁਣਾ ਦੇਕੇ ਉਸ ਦੀ ਬਾਹਰੀ ਪਹਿਰਾਵਾ ਭਾਸ਼ਾ ਟੈਕਨੀਕ (ਰੀਤੀ) ਆਦਿ ਨਾਲ ਉਲਝਨ ਦਾ ਝੁਕਾਅ ਅਨਜਾਣੇ ਹੀ ਸਾਹਿਤ ਵਿਚ ਵੜ ਜਾਂਦਾ ਹੈ, ਜੋ ਇਕ ਪਾਸੇ ਤਾਂ ਬੇਹਦ ਨੁਕਸਾਨ ਦੇਣ ਵਾਲਾ ਤੇ ਦੂਸਰੇ ਪਾਸੇ ।ਇਕ ਨਾ ਤਿਆਗਣ ਵਾਲੀ ਬੁਰਾਈ ਦੇ ਰੂਪ ਵਿਚ ਲਾਭਦਾਇਕ ਵੀ ਹੁੰਦਾ ਹੈ । ਰਾਮਦਾਸ ਮਗਰੋਂ ਵਾਮਨ ਪੰਡਤ ਅਤੇ ਉਨ੍ਹਾਂ ਦੇ ਪਿੱਛੋਂ ਦੇ ਕਵੀਆ ਦਾ ਕਾਲ ਇਸ ਤਰ੍ਹਾਂ ਦਾ ਸੀ । ਸੰਤ-ਕਵਿਤਾ ਜਦ ਇਕ ਭੰਵਰ ਵਿਚ ਪਈ ਜਾਪਦੀ ਸੀ ਤਦ ਉਸ ਨੂੰ ਝੰਜੋੜਕੇ ਤੁਕਾਰਾਮ ਨੇ ਦੁਬਾਰਾ ਉਸ ਵਿਚ ਸਜੀਵਤਾ ਪੈਦਾ ਕੀਤੀ । ਰਾਮਦਾਸ ਨੇ ਕਵਿਤਾ ਦੀ ਉਸ ਸਜੀਵ ਚਾਲ ਵਿਚ ਅਤਿਰੇਕ (ਵਿਸ਼ੇਸ਼ਤਾ) ਬਣਾਕੇ ਜਿਵੇਂ ਉਸ ਨੂੰ ਫੇਰ ਮੂਰਛਾ ਦੀ ਹਾਲਤ ਵਿਚ ਪਾ ਦਿੱਤਾ । ਮੂਰਛਾ ਦੇ ਸਮੇਂ ਦਾ ਸੁਪੱਨ ਰੰਜਨ (ਮਨੋਰੰਜਕ ਸੁਫਨਾ) ਸਾਨੂੰ ਵਾਮਨ ਪੰਡਤ, ਰਘੂਨਾਥ ਪੰਡਤ ਅਤੇ ਮੋਰੋਪੰਤ ਦੀ ਸੁੱਘੜ, ਨਕਾਸੀ ਭਰੀ ਬੇਹਦ ਅਲੰਕਾਰਾ ਵਾਲੀ ਕਵਿਤਾ ਵਿਚ ਮਿਲਦਾ ਹੈ । ਜਦ ਅੰਗਰੇਜ਼ੀ ਸਾਹਿਤ ਵਿਚ ਵੀ ਰੋਮਾਂਟਿਕ ਯੁੱਗ ਦੀ ਅਰੰਭਕ ਤਾਜਗੀ ਕੁਮਲਾਕੇ ਉਨ੍ਹੀਵੀਂ ਸਦੀ ਦੇ ਅੱਧ ਤੋਂ ਮਗਰੋਂ ਦੇ ਸਮੇਂ ਵਿਚ ਅਜਿਹੀ ਹੀ ਪ੍ਰਵਿਰਤੀ ਚੱਲ ਪਈ ਤਦ 'ਪ੍ਰੀ-ਰੈਫੇਲਾਈਟ ਕਵੀਆਂ ਦੀ ਸਜਾਵਟ ਪਿਆਰਤਾ ਆਦਿ ਵਿਚ ਬਹੁਤ ਜ਼ਿਆਦਾ ਤਾਦਾਦ ਵਿਚ ਫੁੱਟ ਪਈ ਅਤੇ ਹਿੰਦੀ ਵਿਚ ਵੀ ਬਿਹਾਰੀ, ਦੇਵ, ਪਦਮਾਕਰ ਦੇ ਦੋਹਿਆਂ ਕਵਿਤਾਂ ਵਿਚ ਉਸ ਸੁਘੱੜਤਾ ਦੇ ਵਰਣ-ਚਮਤਕਾਰ ਤੋਂ ਇਲਾਵਾ ਹੋਰ ਹੈ ਵੀ ਕੀ ? ਕੀ ਏਧਰ ਦੇ ਕਵੀਆਂ ਦੀ ਗੀਤ-ਰਚਨਾ ਵਿਚ ਫੇਰ ਛਾਇਆਵਾਦ ਦੀ ਬਹੁਲਤਾ ਦੀ ਵੈਸੀ ਹੀ ਮੂਰਛਾ, ਵੈਸੀ ਹੀ ਅਤੇ ਇਕਸੁਰਤਾ (ਮੋਨੋਟੋਨੀ) ਨਹੀਂ ਮਿਲਦੀ ? 'ਸਟੀਫੱਨ ਸਪੇਂਡਰ' ਦਾ 'ਸਟਿਲ ਮੇਟੇਰ' ਜਿਵੇਂ ਸਾਰੇ ਪਾਸੇ ਅਜਿਹੇ ਸਾਹਿਤਕ ਕਾਲਖੰਡਾ ਵਿਚ ਗੂੰਜਦਾ ਹੈ । ਵਾਮਨ ਪੰਡਤ ਵੀ ਅਜਿਹੀ ਹੀ ਸ਼ਾਬਦਿਕ (ਸਬਦਾਂ ਦੀ) ਨਕਾਸੀ ਦੇ ਲਾਲਚੀ ਕਵੀ ਸਨ । ਬੇਸ਼ਕ ਉਨ੍ਹਾਂ ਦੀ ਰਚਨਾ ਬੇਹਦ ਮਿੱਠੀ-ਮਧੁਰ ਹੈ । ਜੋ ਦੇਵ ਵਿਦਿਆਪਤੀ ਦੀ ਉਹ ਯਾਦ ਦਿਲਾਉਂਦੀ ਹੈ । ਪਰੰਤੂ ਕਿਤੇ ਨਾ ਕਿਤੇ ਅਜਿਹਾ ਲਗਦਾ ਹੈ ਕਿ ਭਾਵ ਭਾਸ਼ਾ ਵਿਚ ਗੁੰਮ ਹੋ ਗਏ ਹਨ । ਭਾਸ਼ਾਨੁਵਰਤੀ ਸੰਧੀ ਭਾਵ ਹੋ ਰਹੇ ਹਨ ਜਿਵੇਂ ਕਿ ਮਹਾਂਦੇਵੀ ਦੀ ਉਤਰ-ਕਾਲ ਦੀ ਰਚਨਾ ਵਿਚ ? ਪਰੰਤੂ ਮਰਾਠੀ ਸਾਹਿਤ ਦੀ ਕਹਾਣੀ ਦੇ ਸਿਲਸਿਲੇ ਵਿਚ ਕੁੱਝ ਨਿੱਜੀ ਰਾਏ ਦੇ ਰਿਹਾ ਹਾਂ, ਜਿਸ ਨੂੰ ਪਾਠਕ ਪ੍ਰਸੰਗ ਤੋਂ ਪਰੇ ਨਹੀਂ ਮੰਨਣਗੇ, ਅਜਿਹੀ ਆਸ ਹੈ ।

ਵਾਮਨ ਪੰਡਤ ਨੇਸ਼ੇ ਪਿੰਡ ਦਾ ਸੀ । ਉਹ ਸੰਸਕ੍ਰਿਤ ਦਾ ਉਦਭੱਟ ਪੰਡਤ ਸੀ । ਉਸ ਦਾ ਬਹੁਤ ਮਹੱਤਵਪੂਰਨ ਗ੍ਰੰਥ ਹੈ 'ਯਥਾਰਥ ਦੀਪਿਕਾ', ਜੋ ਕਿ ਗਿਆਨੇਸ਼ਵਰੀ ਵਾਂਗ ਹੀ ਗੀਤਾ ਦੀ ਟੀਕਾ ਹੈ । 'ਭਾਵਾਰਥ ਦੀਪਿਕ' ਉਸ ਟੀਕਾ ਦੀ ਹੋਰ ਟੀਕਾ ਹੈ । 'ਰਜੇਂਦਰ ਮੋਖਸ਼' (ਰਾਮਦਾਸ ਦੇ ਸਿਸ਼ ਰੰਗਨਾਥ ਸੁਆਸ ਰਾਹੀਂ 'ਲੋਕ-ਪ੍ਰਿਅ [illegible] ਗਏ ਲਿਖੇ ਤੇ ਭਾਵਭਰੀ ਰਚਨਾ), 'ਸੀਤਾ ਸੁਐਂਮਬਰ' 'ਕਾਤਯਾਯਨੀ ਵ੍ਰਤ,' '[illegible]' ਅਤੇ '[illegible] ਵਿਲਾਸ' ਵਾਮਨ ਪੰਡਤ ਦੇ ਹੋਰ ਭਾਵ ਪ੍ਰਧਾਨ ਗ੍ਰੰਥ ਹਨ । ਵਾਮਨ ਪੰਡਤ ਦੀ [illegible] ਨਾਲ ਮਰਾਠੀ ਕਾਵਿ ਵਿਚ ਵਿਚਾਰ ਅਤੇ ਭਾਵਨਾ ਜਿਵੇਂ ਦੋ ਸ਼ੈਲੀਆਂ ਗ੍ਰਹਿਣ ਕਰਦੇ ਹਨ

ਅਤੇ ਸੰਤਾਂ ਰਾਹੀਂ ਚਲਾਈ ਗਈ ਵਿਚਾਰ ਭਾਵਨਾ ਦੀ ਮਧੁਰ ਏਕਤਾ ਮਾਨੋ ਟੁਟ ਜਾਂਦੀ ਹੈ। ਵਾਮਨ ਪੰਡਤ ਦੇ ਸਮਕਾਲੀ ਨਾਗੇਸ਼ ਅਤੇ ਬਿਠੱਲ ਨੇ ਸ਼ਲੋਕ-ਸ਼ੈਲੀ ਵਿਚ 'ਸੀਤਾ ਸੁਐਂਮਬਰ' ਅਤੇ 'ਰੁਕਮਣੀ ਸੁਐਂਮਬਰ' ਕਾਵਿ ਰਚੇ ਹਨ। ਜੈ ਰਾਮ ਆਨੰਦਤਨਯ ਅਤੇ ਰਘੁਨਾਥ ਪੰਡਤ (ਜਿਨ੍ਹਾਂ ਦੇ ਨਿਸ਼ਚਤ ਕਾਲ ਦੇ ਸਬੰਧ ਵਿਚ ਵਿਦਵਾਨਾਂ ਵਿਚ ਮੱਤਭੇਦ ਹੈ) ਇਸੇ ਯੁਗ ਦੇ ਉਤਰਕਾਲੀ ਕਵੀ ਹਨ। ਰਘੁਨਾਥ ਪੰਡਤ ਦਾ 'ਨਲ ਦਮਯੰਤੀ ਸੁਐਂਮਬਰਾਖਿ-ਯਾਨ' ਨਰੋਤਮ ਦਾਸ ਦੇ 'ਸੁਦਾਮਾ ਚਰਿੱਤਰ' ਵਾਂਗ ਰਸ ਭਰਪੂਰ ਅਤੇ ਪ੍ਰਸੰਗਾਂ ਦਾ ਜਿਉਂ ਦਾ ਤਿਉਂ ਚਿਤਰਨ ਕਰਨ ਵਾਲੇ ਅਨੇਕ ਛੰਦਾਂ ਵਿਚ ਲਿਖਿਆ ਗ੍ਰੰਥ ਹੈ। ਕਰੇਸ਼ਵਰ ਬਾਪਾ, ਨਿਰੰਜਨ ਮਾਧਵ, ਸਾਮਰਾਜ ਸ੍ਰੀ ਧਰ, ਮਹੀਪਤੀ ਆਦਿ ਹੋਰ ਕਈ ਕਵੀਆਂ ਦੇ ਮਗਰੋਂ ਮਹੱਤਵਪੂਰਨ ਵਰਣਨ ਯੋਗ ਕਵੀ ਹਨ ਮੋਰੋਪੰਤ (1729—1794 ਈਸਵੀ)

ਮੋਰੋਪੰਤ ਰਾਮਚੰਦਰ ਪਰਾੜਕਰ ਪਹਿਨਾਲਗੜ੍ਹ ਵਿਚ ਜੰਮੇ। ਕੇਸ਼ਵ ਪਾਧੇਅ ਉਨ੍ਹਾਂ ਦੇ ਗੁਰੂ ਸਨ। ਮਗਰੋਂ ਪੇਸ਼ਵਾਵਾਂ ਦੇ ਕੁੜਮ ਅਤੇ ਸਾਹੂਕਾਰ ਨਾਈਕ ਦੇ ਘਰ ਆਪਣੇ ਕਥਾ-ਵਾਚਕੀ ਕੀਤੀ। ਕੁਝ ਸਮਾਂ ਮੁਨਸ਼ੀ ਵੀ ਰਹੇ। ਆਪਨੇ ਸਾਤੇ ਮਹਾਂਭਾਰਤ, ਭਾਗਵਤ, ਰਾਮਾਇਣ, 'ਆਰੀਆ' ਵ੍ਰਿਤ (ਛੰਦ) ਵਿਚ ਮਰਾਠੀ ਵਿਚ ਉਤਾਰੇ। ਪਰੰਤੂ ਰਾਮਾਇਣ ਮੰਤਰ ਰਾਮਾਇਣ ਆਦਿ 108 ਰਾਮਾਇਣ ਆਪਨੇ ਲਿਖੇ ਸਨ; ਅਜਿਹਾ ਕਿਹਾ ਜਾਦਾ ਹੈ। 'ਯੁੱਧ ਪ੍ਰਸੰਗ' 'ਸੰਬਾਦ ਪ੍ਰੇਮ' 'ਵਾਤ-ਸੱਭਯ' ਅਤੇ 'ਕਰੁਣ' ਰਸ ਦੇ ਪ੍ਰਸੰਗਾਂ ਦਾ ਵਰਣਨ ਆਪਨੇ ਬਹੁਤ ਹੀ ਕਮਾਲ ਦਾ ਕੀਤਾ ਹੈ। ਆਪ ਦੀ ਰਚਨਾ ਵਧੇਰੇ ਸੰਸਕ੍ਰਿਤ-ਸਮਾਸ ਭਰਪੂਰ ਹੈ। ਆਪ ਆਪਣੇ ਤੁਕਾਂ ਲਈ ਬਹੁਤ ਪ੍ਰਸਿੱਧ ਹਨ। ਈਸ਼ਵਰ ਸਤੁਤੀ ਤੇ 'ਪ੍ਰਿਥਵੀ ਛੰਦ' ਵਿਚ 'ਕੇਕਾਵਲੀ' ਨਾਂ ਦਾ ਕਾਵਿ ਆਪ ਦੀ ਸੁਤੰਤਰ ਰਚਨਾ ਹੈ। ਪੇਸ਼ਵਾਂ ਦੇ ਰਾਜ ਸਮੇਂ ਦੇ ਉਤਰ ਕਾਲ ਵਿਚ ਹੋਰ ਕਈ ਕਵੀ ਹੋਏ, ਜਿਨ੍ਹਾਂ ਵਿਚੋਂ ਮੁਖ ਮੁਖ ਨਾਮ ਹਨ—ਨਾਰਾਇਣ ਕਵੀ, ਦਾਜੀਬਾ ਜੋਸ਼ੀਗਨ, ਰਾਮਚੰਦਰ ਕੜਵੇ, ਰਘੂਨਾਥ ਪੰਤ, ਕੋਸੇ, ਸਾਹਿਰੋਬਾਨਾਥ ਆਬਿਜੇ ਆਦਿ। ਇਨ੍ਹਾਂ ਵਿਚੋਂ ਅੰਤਮ ਕਵੀ ਸਿੰਧੀਆ ਦੇ ਦਰਬਾਰ ਵਿਚ ਸਨ। ਉਹ ਗੋਆ ਵੱਲ ਦੇ ਰਹਿਣ ਵਾਲੇ ਸਨ ਅਤੇ 'ਮਦਨਭੂਵਨੇਸ਼ਰੀ' ਨਾਂ ਦੀ ਉਨ੍ਹਾਂ ਦੀ ਰਚਨਾ ਰਹੱਸਵਾਦੀ ਹੈ। ਉਨ੍ਹਾਂ ਦੀ ਹਿੰਦੀ ਰਚਨਾ ਤੇ ਮੈਨੇ 'ਅਜ' ਵਿਚ ਇਕ ਲੇਖ ਲਿਖਿਆ ਸੀ।

ਜਦ ਪੰਡਤ ਕਵੀਆਂ ਨੇ ਕਵਿਤਾ ਨੂੰ ਮਸ਼ੀਨੀ ਅਤੇ ਇਤੀਕ੍ਰਿਤੀਆਤਮਕ ਬਣਾ ਦਿੱਤਾ ਤਦ ਭਾਵਕ ਤੌਰ ਤੇ ਕਵਿਤਾ ਲਿਖਣ ਵਾਲਿਆਂ ਦੇ ਦੋ ਧੜੇ ਹੋ ਗਏ। ਇਕ ਪਾਸੇ ਤਾਂ ਵੱਡੇ ਵੱਡੇ ਵਿਦਵਾਨ। ਸੰਸਕ੍ਰਿਤ-ਪੰਡਤ ਸਨ; ਦੂਸਰੀ ਤਰਫ਼ ਸਨ ਜਨ ਕਵੀ। ਜਨਤਾ ਦਾ ਕਵੀ ਵੀਰ ਗਾਥਾ ਗਾਉਂਦਾ ਸੀ ਅਤੇ ਸਿਪਾਹੀਆਂ ਦੇ ਮਨਪ੍ਰਚਾਵੇ ਲਈ ਸ਼ਿੰਗਾਰ ਪੂਰਨ ਨਾਟਕਮਈ ਭਾਵ ਗੀਤ ਵੀ ਲਿਖਦਾ ਸੀ। ਉਹ ਵੱਡੇ ਵੱਡੇ ਪੰਡਤ ਕਵੀਆਂ ਦੀ ਨੱਕਲ ਵਿਚ ਤੁਕਾਂ ਦਾ ਜਾਲ ਵਿਛਾਉਂਦਾ, ਦੂਜੇ ਪਾਸੇ ਭਾਸ਼ਾ ਦੀ ਚਿੰਤਾ ਨਾ ਕਰਦੇ ਹੋਏ ਉਰਦੂ ਦੇ ਇਸ਼ਕੀਆ ਢੰਗ ਵਿਚ ਇਸ਼ਕੀਆ ਸ਼ਾਇਰੀ ਦੀ ਉਘੜਵੀਂ [illegible], [illegible] ਅਤੇ [illegible] ਉਲਝਦਾ

ਤਾਂ ਤੀਸਰੇ ਪਾਸੇ ਮਹਾਰਾਸ਼ਟਰ ਵਿਚ ਭੂਮੀ ਸਤ ਅਤੇ ਸ਼ਾਹੀਆਂ ਠੀਕੇ ਰਿਵਾਜਾਂ, ਲੋਕ-ਗਿਰੀਆਂ ਅਤੇ ਮੁਜਰਾਂ ਰਹਿਣ ਸਹਿਣ ਦੇ ਸ਼ਾਨੌਂਕਤ ਵਾਲੇ ਜ਼ਿੰਦਗੀ ਦਾ ਹੂਬ-ਹੂ ਚਿਤਰਨ ਕਰਦਾ। ਇਸ ਕਰਕੇ ਸ਼ਾਹੀਰ-ਕਵੀਆਂ ਦੇ ਵੀਰ-ਸ੍ਰੀ ਪੂਰਣ ਪੋਵਾੜੇ, (ਆਲਹਾ ਦੇ ਢੰਗ ਤੇ "ਬੈਲੇਡਸ") ਜਿਥੇ ਇਕ ਪਾਸੇ ਸੁਣਨਯੋਗ ਹਨ ਉਥੇ ਦੂਜੇ ਪਾਸੇ ਉਨ੍ਹਾਂ ਦੀ ਹੀ ਸ਼ਿੰਗਾਰ ਭਰਪੂਰ ਕਦੇ ਕਦੇ ਤਾਂ ਅਜਿਹੀਆਂ ਅਸ਼ਲੀਲ "ਲਾਵਣੀਆਂ" (ਕਜਰੀ ਚੈਤੀ ਜਿਹੇ ਗੀਤ) ਚਿੱਤਰ-ਕਾਵਿ ਦੀਆਂ ਸੁੰਦਰ ਮੂਰਤਾਂ ਹਨ । ਜਿਨ੍ਹਾਂ ਨੇ ਮਰਾਠਾ-ਪੇਸ਼ਵਾ-ਰਾਜ ਦੇ ਉਤਰ ਕਾਲ ਦੇ ਰਣ-ਰੰਗ ਅਤੇ ਰਸ-ਰੰਗ ਦੀ ਯਥਾਰਥ ਛਾਇਆ ਬਿਨਾਂ ਕਿਸੇ ਰੰਗ ਲਪੇਟ ਦੇ ਕਵਿਤਾ ਵਿਚ ਉਤਾਰ ਰਖੀ ਹੈ। ਪੇਂਡੂ ਗੀਤਾਂ ਦੀ ਉਸ ਪ੍ਰੰਪਰਾ ਨੂੰ, ਜੋ ਪੰਡਤ ਕਵੀਆਂ ਦੇ ਵਿਦਵਤਾ ਦੀ ਗਰਮੀ ਦੀ ਤਪਨ ਵਿਚ ਸੁਕਦੀ ਜਾ ਰਹੀ ਸੀ, ਸ਼ਾਹੀਰਾਂ ਨੇ ਮੁੜ-ਜਿਵਾਇਆ ਮੁੜ ਹਰਾ ਭਰਾ ਕਰ ਦਿੱਤਾ। ਭਾਰਤੇਂਦੂ ਨੇ ਵੀ ਕੁੱਝ ਲਾਵਣੀਆਂ ਲਿਖੀਆਂ ਹਨ।

ਹੁਣ ਤਕ ਇਤਿਹਾਸਕ ਗੇਯ (ਗਾਏ ਜਾ ਸਕਣ ਵਾਲੇ)-ਵੀਰ ਕਾਵਿ, ਪੋਵਾੜੇ 300 ਹਨ। ਸ਼ਿਵਾਜੀ-ਕਾਲ ਤੋਂ ਸਾਹੂ ਤਕ ਦੇ ਸੱਤ, ਪੇਸ਼ਵਾਕਾਲ ਦੇ ਡੇਢ ਸੌ ਅਤੇ ਬਾਕੀ ਅਠਾਰ੍ਹਾਂ ਸੌ ਈਸਵੀ ਮਗਰੋਂ ਦੇ। ਉਨ੍ਹਾਂ ਵਿਚ ਅਗਿਆਨਦਾਸ 'ਅਫ਼ਜ਼ਲਖਾਂ ਵਧ' ਅਤੇ ਤੁਲਸੀ-ਦਾਸ ਦਾ "ਤਾਨਾਜੀ ਮਾਲੁਸਰੇ" ਦਾ "ਪਵਾੜਾ" ਬਹੁਤ ਪ੍ਰਸਿੱਧ ਹੈ। ਦੋਨੋਂ ਸਿਵਾਜੀ ਦੇ ਸਮੇਂ ਦੇ ਹਨ। ਦੂਸਰੇ ਕਾਲ-ਖੰਡ ਵਿਚ ਪਾਣੀਪਤ ਦੀ ਲੜਾਈ (1818) ਈਸਵੀ ਅਤੇ ਖਰਡਾ ਦੀ ਲੜਾਈ ਨੂੰ ਲੈਕੇ ਬਹੁਤ ਸਾਰੇ ਪੋਵਾੜੇ ਹਨ। ਇਹ ਸਾਹੀਰ ਭਟ ਚਾਰਣਾਂ ਦੀ ਤਰ੍ਹਾਂ ਰਜਵਾੜਿਆਂ ਦੇ ਆਸਰੇ ਤੇ ਸਨ। ਉਤਰ-ਪੇਸ਼ਵਾਈ ਦੇ ਜੋ ਸ਼ਾਹੀਰ ਪ੍ਰਸਿੱਧ ਹਨ ਉਨ੍ਹਾਂ ਵਿਚ ਪ੍ਰਮੁੱਖ ਹਨ ਰਾਮਜੋਸ਼ੀ (1758—1812) ਕੀਰਤਨਕਾਰ, ਅਨੰਤਫੰਦੀ (1244—1) ਹੋਨਾ ਜੀ ਕਾਲਾ, ਗਵਾਲਾ, ਸਗਨਭਾਊ "ਤਮਾਸ਼ਾ" ਵਾਲੇ (2—1,840) ਜਿਨ੍ਹਾਂ ਦਰ ਮੁਸਲਮਾਨ, ਪ੍ਰਭਾਕਰ ਦਾਤਾਰ (1754—1843) ਪਰਸੂਰਾਮ, ਦਰਜੀ। ਵਖ ਵਖ ਜਾਤਾਂ ਦੇ ਇਹ ਜਨ-ਕਵੀ ਆਧੁਨਿਕ ਮਰਾਠੀ ਕਵਿਤਾ ਦੀ ਨੀਂਹ ਰੱਖਣ ਵਾਲਿਆਂ ਵਿਚ ਪ੍ਰਮੁੱਖ ਹਨ। ਹੋਨਾ ਜੀ ਦੀ ਕਵਿਤਾ ਵਿਚ ਉਤਾਨ (ਸਿੱਖਿਆ, ਵਿੱਚ) ਸਿੰਗਾਰ ਹੋਣ ਤੇ ਵੀ ਮਿਠਾਸ ਬਹੁਤ ਹੈ। ਪ੍ਰਭਾਕਰ ਦੀਆਂ ਰਚਨਾਵਾਂ ਵਰਣਨ-ਯੋਗ ਹਨ।

# ਕਾਵਿ-ਉੱਨਤੀ ਦੇ ਤਿੰਨ ਯੁੱਗ

## ਪ੍ਰਥਮ ਉਥੱਾਨ

1818 ਈਮਵੀ ਤਕ ਮਰਾਠੀ ਕਵਿਤਾ ਜੋ ਬਹੁਤ ਉੱਨਤੀ ਤੇ ਸੀ ਹੌਲੀ ਹੌਲੀ ਉਸ ਵਿਚ ਸਮਾਜਕ, ਸਿਆਸੀ, ਪਿਛੋਕੜ ਦੇ ਅਨੁਸਾਰ ਗਿਰਾਵਟ ਵੱਲ ਜਾਂਦੀ ਦਿਖਾਈ ਦੇਣ ਲਗੀ। ਸ਼ਾਹੀਰ ਕਵੀ ਜੋ ਕਿ ਜਨਤਾ ਵਿਚ ਲੋਕਪ੍ਰਿਅ 'ਤਮਾਸ਼ੇ, (ਇਕ ਤਰ੍ਹਾਂ ਦਾ ਕਾਵਿ-ਪਾਠ) ਕਰਦੇ, ਉਹ ਉਨ੍ਹਾ ਸ਼ਿੰਗਾਰ ਮਈ 'ਲਾਵਨੀਆਂ' ਵਧ ਲਿਖਣ ਲੱਗੇ। 'ਪੌਵਾਡੇ' ਰਚਣ ਦਾ ਝੁਕਾਅ ਵੀ ਸੀ ਤਾਂ ਕੇਵਲ ਬੀਤ ਚੁਕੇ ਵਾਲੀ। ਰਾਜਨੀਤਕ ਦ੍ਰਿਸ਼ਟੀ ਤੋਂ ਇਹ ਬਹੁਤ ਅੰਦੋਲਨ ਵਾਲਾ ਸਮਾਂ ਸੀ। ਅਸਥਿਰ ਜੀਵਨ ਕਾਰਨ ਕਵਿਤਾ ਵਿਚ ਕਿਸੇ ਟਿਕਾਊ ਝੁਕਾਅ ਦੇ ਦਰਸ਼ਨ ਘਟ ਹੁੰਦੇ ਹਨ। ਅੰਗਰੇਜ਼ੀ ਰਾਜ ਦੀ ਸਥਾਪਨਾ ਮਗਰੋਂ ਸੰਨ 1885 ਤੋਂ ਅਸੀਂ ਮਰਾਠੀ ਦੀ ਆਧੁਨਿਕ ਕਵਿਤਾ ਦਾ ਅਰੰਭ ਮੰਨ ਸਕਦੇ ਹਾ। ਜਿਵੇਂ ਉਰਦੂ ਵਿਚ ਹਾਲੀ ਜਾਂ ਹਿੰਦੀ ਵਿਚ ਭਾਰਤੇਂਦੂ ਜਾਂ ਗੁਜਰਾਤੀ ਵਿਚ ਨਰਮਦ ਉਵੇਂ ਮਰਾਠੀ ਵਿਚ 'ਕੇਸ਼ਵਸੁਤ' ਨਾਲ ਨਵ-ਜਾਗ੍ਰਤੀ ਦਾ ਅਰੰਭ ਹੋਇਆ। ਕ੍ਰਿਸ਼ਣਾ ਜੀ ਕੇਸਵ ਦਾਮਲੇ (1866-1905) 'ਕੇਸ਼ਵਸ਼ਤ' ਦਾ ਪੂਰਾ ਨਾਮ ਸੀ। ਇਨ੍ਹਾਂ ਤੋਂ ਪਹਿਲਾਂ ਜੋ ਮਰਾਠੀ ਕਵਿਤਾ ਹੋਈ ਸੀ ਉਹ ਵਧੇਰੇ ਇਤਿਵ੍ਰਿਤੀਆਤਮਕ ਅਤੇ ਅੰਗਰੇਜ਼ੀ ਦੇ ਨਕਲ-ਤਰੀਕੇ ਤੇ ਸੀ। ਉਸ ਵਿਚ ਜਾਤੀਯ ਵਿਸ਼ੇਸ਼ਤਾ ਨਹੀਂ ਮਿਲਦੀ। ਕੇਸ਼ਵਸੁਤ ਨੇ ਆਪਣੀ 'ਤੁਤਾਰੀ' (ਤੁਰਹੀ ਜਾ ਤੂਰਯ) ਨਾਂ ਦੀ ਕਵਿਤਾ ਤੋਂ ਮਰਾਠੀ ਵਿਚ ਰਾਸ਼ਟਰੀ ਸੁਤੰਤਰਤਾ ਵਲ ਝੁਕੀ ਕਵਿਤਾ ਦਾ ਸੰਖਨਾਦ ਕੀਤਾ। (ਬਿਗਲ ਬਜਾਇਆ) ਕਵੀ ਨੇ ਉਨ੍ਹਾਂ ਨੂੰ ਫੇਰ ਸਮਾਜ ਵਿਚ ਬਿਠਾਇਆ। ਉਨ੍ਹਾਂ ਦੀਆਂ ਕਈ ਪ੍ਰਸਿੱਧ ਲਾਈਨਾ ਸੰਦੇਸ਼ ਬਣਗਈਆਂ ਹਨ। ਜਿਵੇਂ—

"ਸਵੇਰਾ ਵਿਸ਼ਾਲ ਧਰਤੀ ਵਾਂਗ ਹੈ। ਉਸ ਵਿਚ ਸੁੰਦਰ ਸ਼ਿਲਪਾਕਨ (ਕਾਰੀਗਰੀ) ਕਰੋ। ਉਸ ਵਿਚ ਆਪਣੇ ਨਾਮ ਲਿਖੋ।"

"ਮਕਾਰੀ ਤੇ ਹਮਲਾ ਕਰੋ, ਬਾਗੀਓ ਤੂਰਾ (ਛੇਤੀ, ਕਾਹਲੀ) ਕਰੋ। ਸਮਤਾ (ਬਰਾਬਰੀ) ਦਾ ਝੰਡਾ ਉੱਚਾ ਕਰੋ।"

ਪਰੰਤੂ ਕੇਸ਼ਵਸ਼ਤ ਦੇ ਮਨ ਤੇ ਵਰਡਜ਼-ਵਰਥ ਆਦਿ ਅੰਗਰੇਜ਼ੀ ਦੇ ਅਰੰਭਕ ਰੋਮਾਂਟਿਕ

ਕਵੀਆਂ ਦੀ ਛਾਇਆ ਪ੍ਰਬਲ ਸੀ ਅਤੇ ਸਮਾਜ ਸੁਧਾਰ ਤੋਂ ਵੱਧ ਉਹ ਆਪਣੀ ਕਵਿਤਾ ਵਿਚ ਕੁਛ ਖ਼ਾਸ ਨਾ ਕਰ ਸਕੇ। ਕੇਸਵਸੁਤ ਤੋਂ ਮਗਰੋਂ ਦੂਸਰੇ ਮਹੱਤਵਪੂਰਣ ਕੰਮ ਕਰਨ ਵਾਲੇ ਕਵੀ ਰੈਰੰਡ ਨਾ. ਵਾ. ਤਿਲਕ (1865—1919) ਹੋਏ। ਆਪ ਇਸਾਈ ਸਨ ਫੇਰ ਵੀ ਆਪਣੇ 'ਬਨਵਾਸੀ-ਫੂਲ' 'ਖਿਸਤਾਯਨ' ਆਦਿ ਰਾਹੀਂ ਮਰਾਠੀ ਕਵਿਤਾ ਦੀ ਜੋ ਅਮੁਲ ਸੇਵਾ ਕੀਤੀ. ਉਹ ਆਪਣੀ ਜਿਹੀ ਆਪ ਹੈ। ਆਪ ਦੀ ਕਵਿਤਾ ਵਿਚ ਮਾਨਵਤਾ-ਵਾਦ ਕੁਟ ਕੁਟ ਕੇ ਭਰਿਆ ਹੈ। ਇਸਾਈਆਂ ਜਿਹੀ ਹਰ ਜੀਵ ਲਈ ਅਨੁਕੰਪਾ (ਹਮਦਰਦੀ) ਦਾਰਸਨਿਕ ਪੁਟ (ਪੁਠ) ਲਏ ਹੋਏ ਕੁਛ ਗੂਹੜ ਅਤੇ ਆਸਤਕਤਾ ਜਨਕ ਆਸਾਵਾਦ ਉਨ੍ਹਾਂ ਦੀਆ ਵਿਸੇਸਤਾਵਾਂ ਹਨ। ਮਰਾਠੀ ਕਾਵਿ ਦੀ ਪਹਿਲੀ ਉੱਨਤੀ ਦੇ ਤੀਸਰੇ ਮਹੱਤਵਪੂਰਨ ਕਵੀ ਹਨ ਸ੍ਰ' ਚੰਦਰਸੇਖਰ (1871—1937)। ਆਪ ਬੜੌਦਾ ਦੇ ਰਾਜ ਕਵੀ ਸਨ। ਕਵਿਤਾ ਰਤੀ ਆਦਿ ਸੰਸਕ੍ਰਿਤ ਛੰਦਾ ਵਿਚ ਰਚੀ। ਆਪ ਦੀਆਂ ਕਈ ਫੁੱਟਕਲ ਕਵਿਤਾਵਾਂ-"ਚੰਦਰਕਾ" ਨਾ ਦੇ ਸੰਗ੍ਰਹਿ ਵਿਚ ਛੱਪੀਆਂ ਹਨ। ਆਪ ਨੇ ਮਿਲਟਨ ਦੇ 'ਲਲੈਗ੍ਰੋ' ਅਤੇ 'ਇਲਪੰਸੇਰੋ ਸੋ' ਦੇ ਅਨੁਵਾਦ ਕੀਤੇ ਹਨ। ਇਕ ਪੇਂਡੂ ਭਾਸਾ ਵਿਚ ਲਿਖਿਆ ਹੋਇਆ 'ਕਾਯ ਹੋ ਚਮਤਕਾਰ' ਨਾ ਦਾ ਆਰੰਆਬਧ ਖੰਡਕਾਵਿ ਆਪਦੀ ਸਭ ਤੋਂ ਵੱਧੀਆ ਰਚਨਾ ਹੈ। ਆਪਦੀ ਤੁਲਨਾ ਹਿੰਦੀ ਦੇ 'ਸ੍ਰੀ ਹਰੀਔਧ' ਨਾਲ ਕੀਤੀ ਜਾ ਸਕਦੀ ਹੈ। ਪਹਿਲੀ ਉੱਨਤੀ ਦੇ ਚੌਥੇ ਕਵੀ ਹਨ 'ਵਿਨਾਇਕ' (1872—1809)। ਆਪਦੀ ਸਿਖਸਾ ਖ਼ਾਸ ਨਹੀਂ ਹੋਈ, ਜੀਵਨ ਅਟਿਕ ਰਿਹਾ, ਪਰੰਤੂ ਆਪਨੇ ਇਕ ਉੱਚ ਦਰਜੇ ਦੀਆਂ ਰਚਨਾਵਾਂ ਕੀਤੀਆਂ ਹਨ। ਸਾਰੀਆ ਪ੍ਰਮੁੱਖ ਤੌਰ ਤੇ ਗੀਤੀ-ਕਾਵਿਆਤਮਕ ਹਨ। ਖ਼ਾਸ ਕਰ ਆਪਦੀ 'ਹਤਭਾਗਿਨੀ', "ਇਸਤਰੀ ਔਰ ਪੁਰਸ" " ਕਵੀ ਅਤੇ ਤੋਤਾ", ਆਦਿ ਰਚਨਾਵਾਂ ਪ੍ਰਸਿੱਧ ਹਨ। 'ਕਮਲਾ' ਨਾ ਦਾ ਇਕ ਇਤਿਹਾਸਕ ਕਾਲਪਨਿਕ ਖੰਡ ਕਾਵਿ ਲਿਖਣ ਵਾਲੇ ਪਹਿਲੀ ਉੱਨਤੀ ਦੇ ਪੰਜਵੇਂ ਵਰਣਨ ਯੋਗ ਕਵੀ ਸ੍ਰੀ ਨਾਰਾਇਣ ਮੁਰਲੀਧਰ ਗੁੱਪਤੇ ਹਨ। ਆਪਨੇ ਬੀ (Bee) ਨਾ ਦੇ ਅੰਗਰੇਜੀ ਤਖੱਲਸ ਨਾਲ ਸਭ ਕਵਿਤਾਵਾ ਲਿਖੀਆ। ਆਪਦਾ ਜਨਮ 1872 ਵਿਚ ਹੋਇਆ। ਅਜੇ ਜਿਉਂਦੇ ਹਨ। ਆਪ ਦੀਆਂ ਰਚਨਾਵਾਂ 1934 ਵਿਚ ਕਿਤਾਬੀ ਰੂਪ ਵਿਚ ਛੱਪੀਆ। ਸ੍ਰੀ ਅਤਰੇ ਨੇ ਉਨ੍ਹਾਂ ਦੀਆ ਰਚਨਾਵਾਂ ਇਕੱਤਰ ਕੀਤੀਆਂ ਅਤੇ ਸੰਪਾਦਤ ਕੀਤੀਆ ਹਨ। ਆਪਨੇ ਬਹੁਤ ਘੱਟ ਕਵਿਤਾਵਾ ਲਿਖੀਆ ਹਨ। ਪਰੰਤੂ ਜਿੰਨੀਆ ਲਿਖੀਆ ਉਹ ਇਕ ਤੋਂ ਇਕ ਵਧਕੇ ਹਨ। ਇਕ ਤਰ੍ਹਾਂ ਨਾਲ ਆਧੁਨਿਕ ਕਵਿਤਾ ਦਾ ਅਰੰਭ ਆਪ ਤੋਂ ਹੀ ਹੋਇਆ। ਆਪ ਦੀਆਂ ਪ੍ਰਸਿੱਧ ਰਚਨਾਵਾ ਹਨ "ਫੁੰਕਾ", "ਦੀਪ", "ਜਯੋਤੀ", "ਚਾਫ਼ਾ", "ਮਾਝੀ ਕੰਨਿਆਂ", ਆਦਿ।

## ਦੂਸਰਾ ਉਥੱਾਨ

ਇਸ ਦੇ ਅੰਤਰਗਤ ਪ੍ਰਮੁੱਖ ਕਵੀ ਤਾਂਬੇ, ਗਡਕਰੀ ਉਰਫ਼ 'ਗੋਬਿੰਦਾਗ੍ਰਜ'ਬ ਠੋਂਬਰੇ ਉਰਫ਼ 'ਬਾਲ-ਕਵੀ' ਰੇਂਦਾਲਕਰ ਅਤੇ ਬ: ਵਿਨਾਇਕ ਦਮੋਦਰ ਸਾਵਰਕਰ ਹਨ। ਭਾਸਕਰ ਰਾਮਚੰਦਰ ਤਾਂਬੇ (1874—1942) ਗਆਲੀਅਰ ਦੇ ਰਾਜ ਕਵੀ ਸਨ। ਆਪਨੇ ਕੁਛ

ਬਹੁਤ ਹੀ ਮਧੁਰ ਪ੍ਰੇਮ ਗੀਤ ਲਿਖੇ ਹਨ । ਰਾਜਿਸਥਾਨ ਅਤੇ ਮਾਲਵੇ ਦਾ ਸੁਹਾਣੀ ਕੁਦਰਤੀ ਰੰਗ ਆਪ ਦੀਆਂ ਰਚਨਾਵਾਂ ਵਿਚ ਮਿਲਦਾ ਹੈ । ਰਾਬਿੰਦਰ ਨਾਥ ਦੀ ਸ਼ੈਲੀ ਤੇ ਆਪਣੇ ਸਸੀਮ ਅਸੀਮ (ਸੀਮਾ ਵਾਲਾ ਤੇ ਸੀਮਾ ਰਹਿਤ) ਦੀ ਝਲਕ ਦੇਣ ਵਾਲੀਆਂ ਰਹੱਸਵਾਦੀ ਰਚਨਾਵਾਂ ਵੀ ਕੀਤੀਆਂ ਹਨ । ਆਪਦੇ ਕਈ ਗੀਤ ਜਿਵੇਂ—'ਮਰਣਾਂਤ ਖਰੋਖਰ ਜਗ ਜਗਤੇ ।', 'ਕੁਣੀ-ਕੌਡੇ ਮਾਝੇ ਉਕਲਿਲ ਕਾ' ਅਤੇ 'ਸਾਮਰਾਜਸ਼ਾਹੀ' ਬਹੁਤ ਪ੍ਰਸਿੱਧ ਹੋਏ ਹਨ ।

ਰਾਮਗਨੇਸ਼ ਗਡਕਰੀ (1885—1919) ਪ੍ਰਮੁੱਖ ਤੌਰ ਤੇ ਨਾਟਕਾਰ ਦੇ ਨਾਤੇ ਪ੍ਰਸਿੱਧ ਹਨ । ਆਪਦੀ ਪ੍ਰਤਿਭਾ ਅਨੇਕਾਂ ਰੂਪਾਂ ਵਿਚ ਪ੍ਰਗਟ ਹੋਈ । ਆਪਨੇ 'ਬਾਲਕਰਾਮ' ਦੇ ਨਾਮ ਤੇ ਕੁਛ ਹਾਸਰਸੀ ਨਿਬੰਧ ਵੀ ਲਿਖੇ ਹਨ । ਪਰੰਤੂ ਆਪ ਦੀਆਂ ਸਾਰੀਆਂ ਰਚਨਾਵਾਂ ਵਿਚ ਉਨ੍ਹਾਂ ਦੀ ਕਾਵਿਮਈ ਮਨੋਵਿਰਤੀ ਦਾ ਡੂੰਘਾ ਪ੍ਰਭਾਵ ਹੈ । 'ਗੋਬਿੰਦਾਗ੍ਰਜ' ਦੇ ਨਾਮ ਤੇ ਗਡਕਰੀ ਨੇ ਕਵਿਤਾ ਲਿਖੀ । ਉਸ ਵਿਚ ਬਾਇਰਨ ਜਿਹੀ ਵੱਧੀਆ ਭਾਵੁਕਤਾ, ਡੂੰਘੀ ਕਰੁਣਾ ਅਤੇ ਡੂੰਘਾ ਸ਼ਿੰਗਾਰ ਮਿਲਦਾ ਹੈ । "ਰਾਜ ਹੰਸ ਮਾਝਾ ਨਿਜਲਾ,' "ਗੁਲਾਬੀ ਕੋਡੇ" 'ਮੁਰਲੀ', 'ਘੁਬੜ', 'ਦਸਰਾ' 'ਕਵੀ ਆਈ ਕੈਦੀ' ਆਦਿ ਕਈ ਰਚਨਾਵਾਂ ਅਭੁੱਲ ਹਨ । ਕਿਤੇ ਕਿਤੇ ਉਚੀ ਦਾਰਸ਼ਨਿਕ ਉਠਾਨ, ਕਿਤੇ ਕਿਤੇ ਕੁਦਰਤ ਦਾ ਅਤਿਅੰਤ ਜਾਨਦਾਰ ਵਰਣਨ ਅਤੇ ਕਿਤੇ ਮਨੋ-ਭਾਵਨਾਵਾਂ ਦਾ ਸੂਖਮ ਦਿਲ ਨੂੰ ਛੂਹਣ ਵਾਲਾ ਵਰਣਨ ਆਪ ਦੀਆਂ ਕਵਿਤਾਵਾਂ ਵਿਚ ਮਿਲਦਾ ਹੈ । ਪ੍ਰੇਮ ਦੀ ਨਿਰਾਸਾਜਨਕ ਕੁੜੱਤਣ ਵੀ ਕਈ ਗੀਤਾਂ ਵਿਚ ਹੈ । ਅਨੁਪ੍ਰਾਸਾਂ ਦੀ ਬਹੁਤ ਸੁੰਦਰ ਛਟਾ ਹਰ ਥਾ ਪਾਈ ਜਾਦੀ ਹੈ ।

ਮਧੁਰਤਾ ਪ੍ਰਧਾਨ ਮਰਾਠੀ ਕਵਿਤਾ ਦੀ ਇਸ ਦੂਸਰੀ ਧਾਰਾ ਦੇ ਤੀਸਰੇ ਅਤਿਅੰਤ ਕੋਮਲ ਕਵੀ ਹਨ ਤ੍ਰਿਅੰਬਕ ਬਾਪੂ ਜੀ ਠੋਂਬਰੇ ਉਰਫ਼ ਬਾਲਕਵੀ' (1890—1918) । ਆਪਨੇ ਪ੍ਰਕਿਰਤੀ ਪ੍ਰੇਮ ਦੀਆਂ ਹੀ ਵਧ ਰਚਨਾਵਾ ਲਿਖੀਆਂ ਹਨ ਇਨ੍ਹਾਂ ਨੂੰ ਮਰਾਠੀ ਦਾ ਸੁਮਿਤਰਾਨੰਦਨ ਪੰਤ ਕਹਿ ਸਕਦੇ ਹਾਂ । "ਸੰਧਿਆਤਾਰਕ", "ਨਿਰਝਰ", "ਪਊਸ" "ਫੁਲਰਾਣੀ", ਸ੍ਰਾਵਣਮਾਸ", "ਤਾਰਾਰਾਣੀ", "ਕਾਲਅਣੀ ਪ੍ਰੇਮ" ਇਹ ਆਪਦੇ ਵਿਸ਼ੇ ਹਨ । ਆਪ ਸੁੰਦਰਤਾਵਾਦੀ ਹਨ ਅਤੇ ਪੰਤ ਜਿਸ ਤਰ੍ਹਾਂ "ਸੁੰਦਰਤਾ" ਤੋਂ "ਸੁੰਦਰਤਮ" ਵਾਲੀ ਸ੍ਰਿਸ਼ਟੀ ਨੂੰ ਵੇਖਦੇ ਹਨ ਉਸੇ ਤਰ੍ਹਾ ਹੀ 'ਬਾਲਕਵੀ' ਵੀ "ਆਨੰਦੀ ਆਨੰਦ ਗੜੇ" "ਇਕੜੇ ਤਿਕੜੇ ਚੋਂਹਕਿੜੇ" ਹਰ ਪਾਸੇ ਅਨੰਦ ਦੇ ਦਰਸ਼ਨ ਕਰਦੇ ਹਨ । ਭਾਰਤ ਦੇ ਵਿਸ਼ੇ ਵਿਚ ਉਹ "ਦੇਹਾਤ ਮੇਂ ਇਕ ਰਾਤ" ਕਵਿਤਾ ਵਿਚ ਉਹ ਕਹਿੰਦੇ ਹਨ—

"ਕੰਗਾਲਾਂ ਦਾ (ਕੁਲੀਆਂ ਦਾ) ਜੋ ਕੋਈ ਦੇਸ਼ ਹੈ—ਤਾਂ ਉਹ ਹਿੰਦਭੂਮੀ ਹੈ । ਹੇ ਮਨ, ਇਹ ਦੀਨਤਾ, ਦੁਰਬਲਤਾ ਵੇਖੀ ਨਹੀਂ ਜਾਂਦੀ, ਹਿੰਦ ਭੂਮੀਂ ਦਾ ਦੁੱਖ ਵੇਖਿਆ ਨਹੀਂ ਜਾਂਦਾ ।"

ਏਕਨਾਥ ਪਾਂਡੂਰੰਗ ਰੇਂਦਾਲਕਰ (1889—1920) ਮਰਾਠੀ ਦੇ ਮੁਕਤਛੰਦ ਅਤੇ ਤੁਕਾਂਤ ਰਹਿਤ ਰਚਨਾ ਦੇ ਪਹਿਲੇ ਰਚਨਾਕਾਰ ਹਨ । ਆਪਦੀ ਰਚਨਾ ਵਿਚ ਸੁਭਾਵਕਤਾ

ਖ਼ਾਸ ਹੈ। "ਰੁਕਮਣੀ ਪੱਤ੍ਰਿਕਾ" "ਕ੍ਰਿਸ਼ਨਾ" "ਬਸੰਤ" "ਉਜਾੜ ਮੈਦਾਨ" "ਨਿਰਾਸ਼" ਆਦਿ ਆਪ ਦੀਆਂ ਪ੍ਰਸਿੱਧ ਰਚਨਾਵਾਂ ਹਨ। ਪ੍ਰੰਤੂ ਪ੍ਰਸਾਦ ਦੇ "ਆਂਸੂ" ਵਾਂਗ ਆਪ ਦੀਆਂ ਰਚਨਾਵਾਂ ਵਿਚ ਕਰੁਣਰਸ ਦੀ ਅੰਤਰਧਾਰਾ ਲਗਾਤਾਰ ਵਹਿੰਦੀ ਹੈ। ਜੇ ਮਧੁਰਤਾ ਤਾਂਬੇ ਅਤੇ ਗੋਬਿੰਦਾਗ੍ਰਜ ਵਿਚ ਮਿਲਦੀ ਹੈ ਤਾਂ ਪ੍ਰਸਾਦ ਗੁਣ ਬਾਲਕਵੀ ਅਤੇ ਰੇਂਦਾਲਕਰ ਵਿਚ ਰਹਿੰਦਾ ਓਜ (ਤੇਜ) ਗੁਣ ਬਾ: ਵਿਨਾਇਕ ਦਮੋਦਰ ਸਾਵਰਕਰ ਜੋ ਆਪਣੇ ਕ੍ਰਾਂਤੀਕਾਰੀ ਜੀਵਨ ਕਰਕੇ ਭਾਰਤ-ਪ੍ਰਸਿੱਧ ਹਨ—ਦੀਆਂ ਰਚਨਾਵਾਂ ਵਿਚ ਮਿਲਦਾ ਹੈ। ਸਾਵਰਕਰ ਦੇ ਕਵੀ ਨੂੰ ਸਾਵਰਕਾਰ ਦੀ ਸਿਆਸੀ ਸਖਸ਼ੀਅਤ ਖਾ ਗਈ ਅਤੇ ਮਰਾਠੀ ਸਾਹਿਤ ਨੇ ਇਕ ਚੰਗੇ ਕਵੀ ਨੂੰ ਖੋ ਦਿੱਤਾ, ਇਹ ਅਫ਼ਸੋਸ ਨਾਲ ਕਹਿਣਾ ਪੈਂਦਾ ਹੈ। "ਰਾਨਫੂਲੇ" ਅਤੇ ਹੁਣੇ ਹੁਣੇ ਛੱਪੀਆਂ ਉਨ੍ਹਾਂ ਦੀਆਂ ਸਾਰੀਆਂ ਰਚਨਾਵਾਂ ਵਿਚ "ਯੁਗਾਂਤਰੀਚਾ ਘੋਸ਼" "ਜਗਨਾਥਾਚਾ" ਰਥੋਤਸਵ" "ਮਾਝੇ ਮ੍ਰਿਤੁਪੱਤਰ" "ਸਾਗਰਾ ਪ੍ਰਾਣ ਤਲਮਲਲਾ" "ਸਪਤ-ਰਿਸ਼ੀ" ਆਪ ਦੀਆਂ ਅਜਿਹੀਆਂ ਰਚਨਾਵਾਂ ਹਨ ਜੋ ਵਿਸ਼ਵ ਸਾਹਿਤ ਵਿਚ ਮਾਣ ਵਾਲੀ ਥਾਂ ਪ੍ਰਾਪਤ ਕਰ ਸਕਦੀਆਂ ਹਨ। ਆਪ ਨੇ "ਵੈਨਾਯਕ" ਅਤੇ "ਕਮਲਾ" ਨਾਂ ਦੇ ਦੋ ਖੰਡਕਾਵਿ ਵੀ ਲਿਖੇ ਹਨ। ਆਪ ਦੀ ਪ੍ਰਤਿਭਾ "ਕਲਾਸਿਕ" ਜਾਂ 'ਅਭਿਜਾਤਯ' (ਚੰਗੀ ਕੁਲ ਦੀ) ਵਾਲੀ ਹੈ। ਆਪ "ਮਹਾਂਸਮਰ" ਨਾਂ ਦਾ ਇਕ ਹੋਰ ਕਾਵਿ ਲਿਖ ਰਹੇ ਹਨ। ਉਹ ਪਤਾ ਨਹੀਂ ਅਜੇ ਪੂਰਾ ਹੋਇਆ ਹੈ ਕਿ ਨਹੀਂ।

ਪ੍ਰਥਮ ਉਥਾਨ ਵਿਚ ਜਿਥੇ ਰੂਹੜੀਆਂ ਪ੍ਰਤੀ ਗੈਰਜਰੂਰੀ ਮੋਹ ਜਾਂ ਨਿਭਰਤਾ ਦੀ ਅਤਿਰੇਕ ਪੂਰਨ (ਵਾਧੇਵਾਲੀ, ਵਿਸੇਸਤਾਪੂਰਨ) ਬਿਰਤੀ ਝਲਕਦੀ ਰਹੀ ਹੈ, ਦੂਸਰੇ ਉਥਾਨ ਵਿਚ ਸਾਨੂੰ ਅੰਗਰੇਜ਼ੀ ਰੋਮਾਂਟਿਕ ਕਵੀਆ ਵਾਂਗ ਇਕ ਤਰ੍ਹਾਂ ਦੀ ਤਾਜ਼ਗੀ, ਕੁਦਰਤ ਪ੍ਰਤੀ ਪ੍ਰੇਮ, ਜਾਤ ਪਾਤ ਅਤੇ ਸ੍ਵੈਦੇਸਭਗਤੀ ਦੇ ਦਰਸਨ ਹੁੰਦੇ ਹਨ।

## ਤੀਸਰਾ ਉਥਾਨ

ਤੀਸਰੇ ਉਥਾਨ ਵਿਚ ਪ੍ਰਮੁੱਖ ਹੱਥ ਪੂਨਾ ਦੀ "ਰਵੀ ਕਿਰਣ ਮੰਡਲ" ਨਾਂ ਦੀ ਸੱਤ ਕਵੀਆ ਦੀ ਇਕ ਟੋਲੀ ਦਾ ਰਿਹਾ। ਉਨ੍ਹਾਂ ਵਿਚ ਪ੍ਰਮੁੱਖ ਕਵੀ ਸਨ ਅਤੇ ਹਨ—ਡਾ: ਮਾਧਵ ਤ੍ਰਿਅੰਬਕ ਪਟਵਰਧਨ ਉਰਫ਼ ਤੇਮਾਧਵ ਜੂਲੀਅਨ, ਯਸ਼ਵੰਤ ਦੀਪਕ ਪੇਂਢਾਰਕਰ ਉਰਫ਼ ਯਸ਼ਵੰਤ, ਸ਼ੰਕਰ ਕੇਸ਼ਵ ਕਾਨਿਟਕਰ ਉਰਫ਼ ਗਿਰੀਸ਼, ਘਾਟੇ ਆਦਿ। ਮਾਧਵ ਜੂਲੀਅਨ ਫ਼ਾਰਸੀ ਦੇ ਪ੍ਰੋਫ਼ੈਸਰ ਸਨ ਅੰਤੇ ਛੰਦ-ਸ਼ਾਸਤਰ ਤੇ ਆਪਨੇ ਬੰਬਈ ਯੂਨੀਵਰਸਿਟੀ ਤੋਂ ਮਰਾਠੀ ਦੀ ਪਹਿਲੀ ਡਾਕਟਰੇਟ ਪ੍ਰਾਪਤ ਕੀਤੀ। ਫ਼ਾਰਸੀ ਢੰਗ ਦੇ ਕਈ ਛੰਦ ਆਪ ਮਰਾਠੀ ਵਿਚ ਲਿਆਏ-ਰੁਬਾਈ, ਗ਼ਜ਼ਲਾਂ ਦੀਆਂ ਕਈ ਕਿਸਮਾਂ ਆਦਿ। ਆਪਨੇ ਉਮਰ ਖ਼ਿਆਮ ਦੀਆਂ ਰੁਬਾਈਆਂ ਦਾ ਮੂਲ ਫ਼ਾਰਸੀ ਤੋਂ ਬਰਾਬਰ ਸ਼ਲੋਕਾਂ ਦਾ ਅਨੁਵਾਦ ਮਰਾਠੀ ਵਿਚ ਪੇਸ਼ ਕੀਤਾ। "ਸੁਧਾਰਕ" ਨਾਂ ਦਾ ਇਕ ਵਿਅੰਗਮਈ ਖੰਡਕਾਵਿ, "ਵਿਰਹ ਤਰੰਗ" ਨਾਂ ਦਾ ਪ੍ਰੇਮ ਪ੍ਰਧਾਨ ਖੰਡਕਾਵਿ, ਪ੍ਰਗੀਤ ਮੁਕਤਾਂ ਨਾਲ ਭਰਿਆ "ਤੁਟਲੇਲੇ ਦੂਬੇ" ਨਾਂ ਦਾ ਦੂਸਰਾ ਖੰਡਕਾਵਿ ਕੇਵਲ "ਸੁਨੀਤਾਂ" ਵਿਚ ("ਸੁਨੀਤ" ਅਰਥਾਤ ਅੰਗਰੇਜ਼ੀ ਸਾਨੇਟ ਜਾਂ ਚਤੁਰ-ਦਸ਼ਕ "ਦਾ

ਮਰਾਠੀ ਵਿਚ ਰੂਹੜ ਕੀਤਾ ਸ਼ਬਦ।)" "ਨਕੁਲਾਲੰਕਾਰ" ਨਾਂ ਦੇ ਇਕ ਵਿਅੰਗ ਕਾਵਿ ਤੋਂ ਇਲਾਵਾ ਆਪਦੀ ਫੁੱਟਕਲ ਕਵਿਤਾ "ਸ਼ਲਾਕਾ" "ਗਜ਼ਲਾਂਜਲੀ", "ਸਪਨਰੰਜਨ" ਅਤੇ ਉਦਬੋਧਨ "ਅਧੁਮਾਧਵੀ ਵਿਚ ਜਮਾਂ ਹਨ। ਆਪ ਨੇ ਉਨਮੁਕਤ ਪ੍ਰੇਮ ਦੀ ਹਿਮਾਇਤ, ਸਮਾਜਕ ਦੰਭ ਦਾ ਭਾਂਡਾਫੋੜ ਕੌਮੀ ਕਰਤਵਾਂ ਪ੍ਰਤੀ ਤਾਂ ਕੀਤਾ ਹੀ, ਨਾਲ ਹੀ ਆਪਣੀ ਕਵਿਤਾ ਰਾਹੀਂ ਮਰਾਠੀ ਵਿਚ ਇਕ ਨਵੀਨ ਸ਼ੈਲੀ, ਇਕ ਨਵੀਨ ਭਾਸ਼ਾ-ਸੰਪ੍ਰਦਾ ਨੂੰ ਪ੍ਰਚਲਤ ਕੀਤਾ। ਰਵੀ-ਕਿਰਣ-ਮੰਡਲ ਵਿਚ ਆਪਦੀ ਮੌਲਕਤਾ ਸਭ ਤੋਂ ਵਧ ਜਗਮਗਾਉਂਦੀ ਸੀ। ਆਪ ਦੀਆਂ ਕਈਆਂ ਕਵਿਤਾਵਾਂ ਦੇ ਰਿਕਾਰਡ ਵੀ ਬਣ ਗਏ ਹਨ।

ਯਸ਼ਵੰਤ ਨੇ ਵੀ ਰਾਸ਼ਟਰੀ ਅਤੇ ਸਮਾਜ ਸੁਧਾਰ ਤੇ ਕਈ ਕਵਿਤਾਵਾਂ ਲਿਖੀਆਂ। "ਬੰਦੀ ਸ਼ਾਲਾ" ਨਾਂ ਦਾ ਇਕ ਖੰਡਕਾਵਿ ਯਰਵਦਾ ਦੀ ਬੱਚਿਆਂ ਦੀ ਜੇਲ ਤੇ ਅਤੇ ਅਪਰਾਧੀ ਬੱਚਿਆਂ ਤੇ ਅਤੇ "ਜਯਮੰਗਲਾ" ਵਿਲ੍ਹਣ ਦੇ ਪ੍ਰੇਮ ਪ੍ਰਸੰਗ ਨੂੰ ਲੈ ਕੇ ਲਿਖਿਆ। ਇਨ੍ਹਾਂ ਤੋਂ ਇਲਾਵਾ ਹੁਣੇ ਜਿਹੇ ਮਹਾਰਾਜ ਬੜੌਦਾ ਦੀ ਗੱਦੀ ਨਸ਼ੀਨੀ ਦੇ ਪ੍ਰਸੰਗ ਵਿਚ "ਕਾਵਿ-ਕਿਰੀਟ" ਖੰਡਕਾਵਿ ਲਿਖਿਆ। ਜਿਸ ਤੇ ਉਹ ਬੜੌਦਾ ਦੇ ਰਾਜਕਵੀ ਬਣੇ। ਪਰੰਤੂ ਇਨ੍ਹਾਂ ਖੰਡ-ਕਾਵਾਂ ਵਿਚ ਉਨ੍ਹਾਂ ਦੀ ਪ੍ਰਤਿਭਾ ਇਤਨੀ ਨਹੀਂ ਚਮਕ ਉਠਦੀ ਜਿਨੀ ਕਿ ਗੀਤ ਕਾਵਿਮਈ ਫੁੱਟਕਲ ਰਚਨਾਵਾਂ ਵਿਚ। "ਯਸ਼ੋਧਨ" "ਯਸ਼ਵੰਤੀ" "ਯਸ਼ੋਨਿਧੀ" "ਯਸ਼ੋਗੰਧ" ਆਦਿ ਆਪਦੇ ਕਈ ਸੰਗ੍ਰਹਿ ਛਪੇ ਹਨ। ਜਿਨ੍ਹਾਂ ਵਿਚੋਂ "ਆਈ" "ਗੁਲਾਮਾਂਚੇ ਗਾਹਰਾਣੇ" "ਨਜਰਾਣ" "ਮੈਤਰਣੀ ਬਿਗੀਬਿਗੀ ਚਾਲ" "ਘਰ" "ਪ੍ਰੇਮਾਚੀ ਦੌਲਤ" ਆਦਿ ਆਪਦੇ ਕਈ ਗੀਤ ਬਹੁਤ ਲੋਕਪ੍ਰਿਅ ਹੋਏ ਹਨ। ਕੁਛ ਰਚਨਾਵਾਂ ਆਪਨੇ ਪੇਂਡੂ ਭਾਸ਼ਾ ਵਿਚ ਵੀ ਲਿਖੀਆਂ ਹਨ। ਬੱਚਿਆਂ ਦੇ ਮਨ ਦਾ ਵੀ ਬਹੁਤ ਸੁੰਦਰ ਚਿਤਰਨ ਕਈ ਕਵਿਤਾਵਾਂ ਵਿਚ ਕੀਤਾ ਗਿਆ ਹੈ; ਜਿਵੇਂ—"ਮਾਲੂੰਨਕੋ ਗ" "ਇੰਦੂਕਲਾ" "ਕਲਯਾਂਚਾ ਭਾਤ" ਆਦਿ।

ਰਵੀ-ਕਿਰਣ-ਮੰਡਲ ਦੇ ਹੋਰ ਕਵੀ ਏਨੇ ਪ੍ਰਸਿੱਧ ਹੋਏ। ਗਿਰੀਸ਼ (ਕਾਂਚਨ ਗੰਗਾ, ਫਲਭਾਰ, ਅਭਾਗੀ ਕਮਲ, ਆਂਬਰਾਈ, ਸੁਧਾ) ਅਵੱਸ਼ ਆਪਣੇ ਖੰਡਕਾਵਾਂ ਕਾਰਨ ਵੱਧ ਸਫਲ ਕਵੀ ਮੰਨੇ ਜਾਂਦੇ ਹਨ। ਰਵੀ-ਕਿਰਣ-ਮੰਡਲ ਦੇ ਸਭਨਾਂ ਕਵੀਆਂ ਨੇ ਵਧੇਰੇ ਕਰਕੇ ਪ੍ਰੇਮ ਕਵਿਤਾਵਾਂ ਲਿਖੀਆਂ। ਸੁਤੰਤਰਾ ਪ੍ਰੇਮ ਦੀ ਪ੍ਰਸੰਸਾ ਉਨ੍ਹਾਂ ਦੀਆਂ ਰਚਨਾਵਾਂ ਵਿਚ ਮਿਲਦੀ ਹੈ। ਪਰੰਤੂ ਜਿਥੇ ਇਕ ਪਾਸੇ ਉਨ੍ਹਾਂ ਨੇ ਮਰਾਠੀ ਵਿਚ—ਕਵਿਤਾ ਵਿਚ ਨਵੇਂ ਨਵੇਂ ਵਿਸ਼ਿਆਂ ਤੇ ਰਚਨਾਵਾਂ ਕਰਨ ਦੀ ਯਥਾਰਥ ਵਾਦਿਤਾ ਵਧਾਈ ਉਥੇ ਦੂਸਰੇ ਪਾਸੇ ਕਵਿਤਾ ਨੂੰ ਕੁਛ ਨਵੀਆਂ ਰੂਹੜੀਆਂ ਵਿਚ ਬੰਨ੍ਹ ਦਿੱਤਾ। ਰਵੀ-ਕਿਰਣ ਰਿਵਾਜ ਮਰਾਠੀ ਵਿਚ ਭਾਵਗੀਤ ਦੇ ਰੂਪ ਵਿਚ ਕਈ ਸਾਲਾਂ ਤਕ ਅਜਿਹੀ ਚਲਦੀ ਰਹੀ ਕਿ ਉਨ੍ਹਾਂ ਦੀ ਪ੍ਰਤੀ ਕ੍ਰਿਰਿਆ ਵਿਚ ਇਕ ਪਾਸੇ ਮਾਧਵਾਨੁਜ, ਦੂ. ਆ. ਤਿਵਾੜੀ, ਟੇਕਾਡੇ। ਬੋਰਹੇ ਆਦਿ ਨੇ ਓਜ ਭਰੇ ਇਤਿਹਾਸਕ ਸੰਗ੍ਰਾਮ-ਗੀਤ ਗਾਉਣੇ ਸ਼ੁਰੂ ਕੀਤੇ (ਜੋ ਸਾਫ਼ ਤੌਰ ਤੇ ਕੌਮੀਅਤ ਦੇ ਪ੍ਰਚਾਰ ਨਾਲ ਭਰੇ ਹੋਏ ਵਧੇਰੇ ਸਨ, ਕਾਵਿ ਉਨ੍ਹਾਂ ਵਿਚ ਘਟ ਸੀ) ਦੂਸਰੇ ਪਾਸੇ ਪ੍ਰਿ: ਪ੍ਰ: ਕ੍ਰੇ: ਅਤਰੇ ਉਰਫ਼ ਕੇਸ਼ਵ ਕੁਮਾਰ ਨੇ ਆਪਣੀ ਪੈਰੋਡੀਆਂ ਦਾ ਰਿਵਾਜ

ਚਲਾਇਆ ਜੋ "ਵਿਡੰਬਨ ਕਾਵਿ" ਦੇ ਨਾਂ ਨਾਲ ਬਹੁਤ ਹੀ ਪ੍ਰਚੱਲਤ ਹੋਈ। "ਝੇਂਡਰੀ ਫੂਲੇਂ" ਨਾਂ ਦੇ ਇਕ ਇਕੱਲੇ ਸੰਗ੍ਰਹਿ ਨੇ ਮਰਾਠੀ ਕਵਿਤਾ ਵਿਚ ਪਰਿਹਾਸਪੂਰਣਤਾ (ਮਜ਼ਾਕ) ਭਰਪੂਰਤਾ) ਦਾ ਉਹ ਵੇਗ ਚਲਾਇਆ ਕਿ ਇਕ ਦਹਾਕੇ ਦੇ ਅਦਰ ਅੰਦਰ ਪੁਰਾਣੇ ਢੰਗ ਦੀ ਕਵਿਤਾ ਇਕਦਮ ਉਪੇਕਸ਼ਤ (ਜਿਸਦੀ ਪ੍ਰਵਾਹ ਨਾ ਰਹੇ) ਬਣ ਗਈ।

ਹੁਣ ਏਧਰ ਪਿੱਛਲੇ ਮਹਾਯੁੱਧ ਦੇ ਕੁਛ ਪਹਿਲਾਂ ਤੋਂ ਕਵੀਆਂ ਵਿਚ ਸਮਾਜਿਕ ਚੇਤਨਾ ਜਾਗੀ। ਕੁਸਮਾਗ੍ਰਜ (ਵਿਸ਼ਾਖਾ) ਬੋਰਕਰ (ਜੀਵਨ-ਸੰਗੀਤ) ਸ੍ਰੀ ਕ੍ਰਿਸ਼ਨ ਪੋਵਲੇ, ਕਾਰੇ, ਵਸੰਤ ਵੈਦ, ਵਸੰਤ ਚਿਧੜੇ, ਨਾ: ਘ: ਦੇਸ਼ਪਾਂਡੇ ਰਾਜਾ ਬੜ੍ਹੇ, ਸੰਜੀਵਨੀ ਮਰਾਠੇ ਆਦਿ ਕਈ ਭਾਵ-ਗੀਤ ਕਵੀ ਅਗੇ ਵਧ ਰਹੇ ਹਨ ਜੋ ਕਿ ਮਰਾਠੀ ਦੇ ਗੀਤਆਤਮਕ ਸੂਬੇ ਨੂੰ ਸੁਆਰ ਰਹੇ ਹਨ। ਕੁਸਮਾਗ੍ਰਜ ਇਨ੍ਹਾਂ ਵਿਚ ਖ਼ਾਸ ਹਨ। ਬੋਰਕਾਰ "ਮਹਾਤਮਾਯਨ" ਕਾਵਿ ਲਿਖ ਰਹੇ ਹਨ।

ਬਾ: ਸਾਬਰਕਾਰ, ਕਾਨੇਟਕਰ "ਗਿਰੀਸ਼", ਭ: ਸ੍ਰੀ ਪੰਡਿਤ, 'ਅਨਿਲ' ਅਨੰਤ ਕਾਣੇਕਰ ਸਾਰੀਆਂ ਰਾਸ਼ਟਰੀ ਚੇਤਨਾ ਦੇ ਯੁੱਗ ਵਿਚ ਉੱਠੀਆਂ ਪ੍ਰਤਿਭਾਵਾਂ ਸਨ।

ਯਸ਼ਵੰਤ ਪਿੱਛੋਂ ਮਰਾਠੀ ਕਵਿਤਾ ਵਿਚ ਅਧੁਨਿਕਤਮ ਵਿਚਾਰਧਾਰਾ ਅਤੇ ਮੁਕਤਛੰਦ ਆਤਮਾਰਾਮ ਰਾਵ ਜੀ ਦੇਸ਼ਪਾਂਡੇ "ਅਨਿਲ" ਨੇ ਲਿਆਂਦਾ। ਆਲੋਚਕ ਦਿ: ਕੇ: ਬੇਡੇਕਰ ਦੇ ਕਹਿਣ ਅਨੁਸਾਰ ਗਿਆਨੇਸ਼ਵਰ ਕੇਸ਼ਵ ਸੁਤ ਅਤੇ ਅਨਿਲ ਮਰਾਠੀ ਦੀ ਆਸ਼ਾਵਾਦੀ ਕਾਵਿ ਪ੍ਰੰਪਰਾ ਦੇ ਤਿੰਨ ਪ੍ਰਮੁੱਖ ਯੁੱਗ ਨਿਰਮਾਤਾ ਹਨ। "ਫੁਲਵਾਤ" ਵਿਚ ਅਨਿਲ ਦੀ ਕਵਿਤਾ ਤੇ ਅਧਿਆਤਮ ਦੀ ਛਾਇਆ ਸਪੱਸ਼ਟ ਸੀ। ਪਰੰਤੂ ਪਿੱਛੋਂ ਅਨਿਲ ਦੀ ਕਵਿਤਾ ਲਗਾਤਾਰ ਅਗਾਂਹ ਵਧੂ ਹੁੰਦੀ ਗਈ। ਪੇਰਤੇਵਯਾ ਵਿਚ ਅਨਿਲ ਦੀਆਂ ਨਵੀਨਤਮ ਕਵਿਤਾਵਾਂ ਜਮਾ ਹਨ। ਉਨ੍ਹਾਂ ਵਿਚੋਂ ਦੋ ਤਿੰਨ "ਨਹਿਰੂ-ਅਭਿਨੰਦਨ-ਗ੍ਰੰਥ" ਵਿਚ ਵੀ ਛਾਪੀਆਂ ਹਨ। ਖੰਡਕਾਵਿ "ਭਗਨ ਮੂਰਤੀ" ਦਾ ਮੇਰਾ ਕੀਤਾ ਹੋਇਆ ਹਿੰਦੀ ਅਨੁਵਾਦ ਛੇਤੀ ਪ੍ਰਕਾਸ਼ਤ ਹੋਵੇਗਾ।

'ਅਨਿਲ' ਤੋਂ ਪਿੱਛੋਂ ਦੇ ਦੂਸਰੇ ਯੁੱਗ ਬਣਾਊ ਰਚਨ ਵਾਲੇ ਹਨ ਬਾਲ ਕ੍ਰਿਸ਼ਨ ਸੀਤਾ ਰਾਮ ਮਰਧੇਕਰ, ਅਤੀ ਅਧੁਨਿਕ, ਅਤੀਯਥਾਰਥਵਾਦੀ, ਤੰਤਰ ਦਾ ਨਵ ਕਾਵਿ ਮਰਾਠੀ ਵਿਚ ਲਿਆਉਣ ਦਾ ਸਿਹਰਾ ਮਰਧੇਕਰ ਨੂੰ ਹੈ। ਉਨ੍ਹਾਂ ਦੀ "ਕਾਹੀ ਕਵਿਤਾ" ਤੇ ਮਰਾਠੀ ਸਾਹਿਤ ਖੇਤਰ ਵਿਚ ਬਹੁਤ ਝੱਗੜਾ ਹੋਇਆ। ਉਨ੍ਹਾਂ ਦੀਆਂ ਰਚਨਾਵਾਂ ਵਿਚ ਆਧੁਨਿਕ ਮਨੁੱਖ ਦੀ ਬੁਧੀ ਵਾਦੀ ਅਸਫਲਤਾ ਅਤੇ ਕੁੰਠਤ ਦਮਿਤ (ਦਬੀ, ਸੁਕੜੀ, ਨਿਕੰਮੀ) ਭਾਵ-ਕਤਾ ਦੇ ਦਵੰਦ ਦੇ ਤਿੱਖੇ ਚਿੱਤਰ ਮਿਲਦੇ ਹਨ। ਉਹ ਟੀ: ਐਸ: ਇਲੀਅਟ ਤੋਂ ਪ੍ਰਭਾਵਤ ਕਵੀ ਹਨ। ਉਨ੍ਹਾਂ ਦੇ "ਨਵੇਂ-ਕਾਵਿ" ਸੰਪਰਦਾਯ ਵਿਚ ਪੁ: ਸ਼ਿ: ਰੇਗੇ, ਯ: ਦ: ਭਾ ਵਿੰਦਾ ਕਰੰਦੀਕਰ, ਮਨਮੋਹਨ ਨਾਤੂ, ਸ਼ਰਚੰਦਰ ਮੁਕਤੀ ਬੋਧ ਆਦਿ ਹਨ। ਉਨ੍ਹਾਂ ਦੀ ਮੌਲਕਤਾ ਦਾ ਇਹ ਅਸਰ ਹੈ ਕਿ ਲੱਗ-ਭੱਗ ਸਾਰੇ ਆਧੁਨਿਕ ਕਵੀ "ਕੁਕਰਮੁੱਤਾ" ਤੋਂ ਪਿੱਛੋਂ ਦੇ "ਨਿਰਾਲਾ" ਵਾਂਗ ਉਨ੍ਹਾਂ ਦੀ ਵਕਰੋਕਤੀ (ਗਲ ਟੇਢੇ ਢੰਗ ਨਾਲ ਕਰਨਾ) ਅਤੇ ਬਾਗਮਿਤਾ (ਲਿਖਣ ਪ੍ਰਵਾਹ) ਦੀ ਜਾਣੇ ਅਣਜਾਣੇ ਨਕਲ ਕਰ ਰਹੇ ਹਨ। ਰੇਗੇ "ਛੰਦ" ਨਾਂ ਦਾ ਰਿਸਾਲਾ ਕਢਦੇ ਹਨ।

## ਕੁਝ ਮਰਾਠੀ ਕਵੀਆਂ ਦੇ ਹਿੰਦੀ ਪਦ

ਮਰਾਠੀ ਦੇ ਪ੍ਰਾਚੀਨ ਸਾਹਿਤਕਾਰਾਂ ਦੀਆਂ ਹਿੰਦੀ ਰਚਨਾਵਾਂ ਦੇ ਕੁਝ ਉਦਾਹਰਣ ਅਸੀਂ ਹੇਠ ਦੇ ਰਹੇ ਹਾਂ।

(1) **ਸੋਮੇਸ਼ਵਰ**—ਇਹ ਚਾਲੁਕਯ-ਵੰਸ ਦੇ ਰਾਜੇ ਸਨ, ਇਨ੍ਹਾ ਦਾ ਲਿਖਿਆ ਹੋਇਆ 'ਮਾਨਸੋਲੱਾਸ' ਅਰਥਾਤ ',ਅਭਿਲਸਿਤਾਰਥ-ਚਿੰਤਾਮਣੀ" ਨਾਂ ਦਾ ਗ੍ਰੰਥ ਮਿਲਿਆ ਹੈ। ਇਸ ਗ੍ਰੰਥ ਵਿਚ ਕਈ ਭਾਸਾਵਾਂ ਦੇ-ਪਦਾਂ ਦੇ ਉਦਾਹਰਣ ਦਿੱਤੇ ਹੋਏ ਹਨ। ਲਾਟੀਭਾਸਾ ਦੇ ਜੋ ਉਦਾਹਰਣ ਹਨ ਉਹ ਪ੍ਰਾਚੀਨ ਨਾਲ ਹਿੰਦੀ ਕੁਛ ਮਿਲਦੇ ਹਨ। ਜਿਵੇਂ :—

**"ਨੰਦ ਗੋਕੁਲ ਜਾਏਂ ਕਾਹਨ ਜੋ ਗੋਵੀ ਜਾਣੇ ਪਰੀ ਹੇਲੀ ਰੇ ਨਯਣੇ ਜੋ ਵਿਯਾ ਧਦਣਾ ਮਰਯਾ ਬਿਨਾ ਹਯਾਣੀ ਹੱਕਾਰੀਆਂ ਕਾਨ੍ਹੋਂ ਭਣਕਾ ਸੋ ਆਂਹਯਾਣਾ ਥਿਤਿਆ ਦੇਉ ਬੁਧ ਰੂਪੇਣ ਜੋ ਦਾਣਵ-ਪੁਰਾਂ ਬਾਰਉਣੀ (ਘੁ) ਰੂਵੇਣ।"**

ਮਹਾਂਰਾਸਟਰ ਦੀ ਪ੍ਰਾਚੀਨ ਹਿੰਦੀ ਦਾ ਇਹੀ ਸਭ ਤੋਂ ਪੁਰਾਣਾ ਨਮੂਨਾ ਮਿਲਦਾ ਹੈ "ਇਸ ਗ੍ਰੰਥ ਦੀ ਰਚਨਾ 1137 ਵਿਚ ਹੋਈ ਸੀ।

(2) **ਚੱਕਰਧਰ**—ਮਹਾਨੁਭਾਵ ਪੰਥ ਦੇ ਬਾਨੀ ਅਤੇ ਪਹਿਲੇ ਅਚਾਰੀਆ ਆਪ ਹੀ ਸਨ। ਇਨ੍ਹਾ ਦੇ ਅਤੇ ਇਨ੍ਹਾ ਦੇ ਪੰਜ ਸੋ ਸਿਸਾ ਰਾਹੀਂ ਲਿਖੇ ਹੋਏ ਫੁੱਟਕਲ ਪੱਦ ਅਤੇਂ ਗਦ ਗ੍ਰੰਥ ਹੀ ਮਰਾਠੀ ਦੀ ਆਦੀ ਰਚਨਾ ਕਹੇ ਜਾਦੇ ਹਨ। ਆਪ ਵੱਲੋਂ ਲਿਖੀ ਗਈ ਹਿੰਦੀ ਕਵਿਤਾ ਦੀ ਉਦਾਹਰਣ ਹੇਠ ਲਿਖੇ ਅਨੁਸਾਰ ਹੈ—

**ਸੁਤੀ ਵੰਥੀ ਸਥਿਰ ਹੋਈ ਜੇਣੇਂ ਤੁਮਹੀਂ ਜਾਈ।**
**ਸੋ ਪਰੋ ਮੋਰੇ ਬੈਰੀ ਆਣਤਾ ਕਾਈ॥**

ਜਿਸਦਾ ਸਮਾਂ ਸਾਕੇ 1194 ਨਿਸਚਤ ਹੈ।

(3) **ਦਾਮੋਦਰ ਪੰਡਤ**—ਆਪ ਚਕਰਧਰ ਜੀ ਦੇ ਸਮਕਾਲੀ ਅਤੇ ਉਨ੍ਹਾ ਦੇ ਸਿਸ਼ ਵੀ ਸਨ ਆਪਦੀ ਈਸਵਰਭਗਤੀ-ਸਬੰਧੀ ਅਨੇਕ ਰਾਗ-ਰਾਗਣੀਆ ਦੀ ਕਵਿਤਾ ਮਿਲਦੀ ਹੈ। ਇਹ ਬੜੇ ਵੱਧੀਆ ਕਵੀ ਸਨ। ਇਨ੍ਹਾ ਦੀ ਰਚਨਾ ਤੇ ਹਿੰਦੀ ਦਾ ਖ਼ਾਸਾ ਅਸਰ ਮਿਲਦਾ ਹੈ।

**ਸਫੁਟਿਕ ਮਧਜੇ ਹੀਰਾ ਭੇਧ ਕਰ ਗਯਾ।**
**ਉਜਜਡਾ ਲਾਪਲੀ ਮਿੰਗ ਕਲੌਂਾ॥**

(4) **ਮੁਕਤਾਬਾਈ**—ਇਹ ਸੰਤ ਗਿਆਨੇਸ਼ਵਰ ਦੀ ਭੈਣ ਸੀ। ਆਪਨੇ ਮਰਾਠੀ ਤੋਂ ਇਲਾਵਾ ਹਿੰਦੀ ਵਿਚ ਵੀ ਰਚਨਾਵਾ ਕੀਤੀਆ ਹਨ। ਕੁਛ ਉਦਾਹਰਣ ਅਸੀਂ ਦੇ ਰਹੇ ਹਾਂ :—

**ਵਾਹ ਵਾਹ ਸਾਹਿਬ ਜੀ ਸਦਗੁਰੂ ਲਾਲ ਗੁਸਾਂਈ ਜੀ।**
**ਲਾਲ ਚੀਰ ਮੇਂ ਉਦਲਾ ਕਾਲਾ ਓਂਠ ਪੀਠ ਸੋਂ ਕਾਲਾ॥**
**ਔਰ ਉਨਮਨੀ ਭ੍ਰਮਰ ਗੁੰਫਾ ਰਸ ਝੂਲਕੇ ਵਾਲਾ॥**

ਸਦਗੁਰੂ ਚੇਲੇ ਦੋਨੋ ਬਰਾਬਰ ਇਕ ਦਸਤ ਮੋਂ ਭਾਈ ।
ਏਕ ਸੇ ਐਸੇ ਦਰਸ਼ਨ ਪਾਵੇ ਮਹਾਰਾਜ ਮੁਕਤਾਬਾਈ ॥

(5) ਨਾਮਦੇਵ—ਆਪ ਮਰਾਠੀ ਦੇ ਵੱਧੀਆ ਕਵੀਆਂ ਵਿਚੋਂ ਹਨ । ਮਰਾਠੀ ਵਿਚ ਆਪ ਦੀਆਂ ਰਚਨਾਵਾਂ ਅਤਿਅੰਤ ਉੱਚ ਕੋਟੀ ਦੀਆਂ ਹਨ । ਹਿੰਦੀ ਵਿਚ ਵੀ ਆਪਦੇ ਫੁੱਟਕਲ ਪੱਦ ਮਿਲਦੇ ਹਨ । ਆਪਦੀ ਹਿੰਦੀ ਰਚਨਾ ਨੂੰ ਸਿਖਾਂ ਦੇ 'ਗ੍ਰੰਥ ਸਾਹਿਬ' ਵਿਚ ਵੀ ਥਾ ਮਿਲੀ ਹੈ । ਆਪ ਦੀਆ ਰਚਨਾਵਾਂ ਦੇ ਕੁਛ ਉਦਾਹਰਣ ਹੇਠਾਂ ਲਿਖੇ ਅਨੁਸਾਰ ਹਨ—

"ਜਹੇਂ ਤੁਮ ਗਿਰਿਵਰ, ਤਹੇਂ ਹਮ ਮੋਰਾ'
ਜਹੇਂ ਤੁਮ ਚੰਦਾ ਤਹੇਂ ਹਮ ਚਕੋਰਾ
ਜਹੇਂ ਤੁਮ ਸਰਥਰ ਤਹੇਂ ਹਮ ਮਾਛੀ
ਜਹੇਂ ਤੁਮ ਦੀਪਾ ਤਹੇਂ ਹਮ ਬਾਤੀ ।
\+ + + +
ਬੋਛ ਕੇ ਪਾੜੀ ਸ਼ੰਕਰ ਪੂਜਾ
ਨਾਮਦੇਵ ਕਹੇ ਭਾਵ ਨਹੀਂ ਦੂਜਾ ॥"

(6) ਭਾਨੂੰ ਦਾਸ—ਇਹ ਬਹੁਤ ਵਡੇ ਵੈਸ਼ਨਵ ਭਗਤ ਅਤੇ ਕਵੀ ਸਨ । ਇਨ੍ਹਾਂ ਦਾ ਸਮਾ ਸਨ 1550 ਦੇ ਲੱਗ-ਭੱਗ ਮੰਨਿਆ ਜਾਂਦਾ ਹੈ ।

ਮਿਲਤ ਬਾਲ ਸਕਲ ਗੁਆਲ, ਸੁੰਦਰ ਕਨਹਾਈ ।
ਜਾਗਹੁ ਗੋਪਾਲ ਲਾਲ, ਜਾਗਹੁ ਗੋਵਿੰਦ ਲਾਲ,
ਜਨਨੀ ਬਲਿ ਜਾਈ ।
ਸੰਗੀ ਸਬ ਫਿਰਤ ਬਾਯਨ, ਤੁਮ ਨਹੀਂ ਛੂਟਤ ਧੇਨੂ
ਤਜਹੁ ਮਯਨ ਕਮਲ ਨਯਨ, ਸੁੰਦਰ ਸੁਖਦਾਈ ।
ਮੁਖ ਤੇ ਪਟ ਦੂਰ ਕੀਜੇ ਜਨਨੀ ਕੋ ਦਰਸ ਦੀਜੇ
ਦਧੀ ਖੀਰ ਮਾਂਗ ਲੀਜੇ ਖਾਂਡ ਔਰ ਮਿਠਾਈ
ਭ੍ਰਮਤ ਭ੍ਰਮਤ ਸ਼ਿਆਮ ਰਾਮ ਸੁੰਦਰ ਮੁਖ ਰਵ ਲਲਾਮ
ਬਾਤੀ ਕੀ ਛੂਟ ਕਹੁ ਭਾਨੂੰਦਾਸ ਪਾਈ ॥"

(7) ਤੁਕਾਰਾਮ—ਇਹ ਮਹਾਰਾਸ਼ਟਰ ਦੇ ਪ੍ਰਸਿੱਧ ਸਾਧੂ ਹੋ ਗੁਜ਼ਰੇ ਹਨ । ਮਰਾਠੀ ਵਿਚ ਆਪਦੇ ਅਭੰਗ ਪ੍ਰਸਿੱਧ ਹਨ । ਮਰਾਠੀ ਤੋਂ ਇਲਾਵਾ ਆਪ ਦੀਆਂ ਹਿੰਦੀ ਵਿਚ ਵੀ ਕੁਝ ਰਚਨਾਵਾਂ ਮਿਲਦੀਆਂ ਹਨ—

"ਤੁਕਾ ਬਡੋ ਬਹ ਨਾ ਕੂਠੇ, ਜਾਹਿ ਪਾਸ ਬਹੁ ਦਾਮ ।
ਬਲਿਹਾਰੀ ਵਾ ਬਦਨ ਕੀ, ਜੇਹਿਰੇ ਨਿਕਸੇ ਰਾਮ ॥
ਤੁਕਾ ਕਹੇ [illegible] ਪਗ, ਕਹੀ ਨ ਮਾਨਤ ਕੋਲ ।
ਹਾਥ [illegible] ਕੇ, ਮਾਰ ਭੋਰਹਿ ਹੇ ਭੇਧ ॥"

(8) **ਸ੍ਰੀ ਸਮਰੱਥ ਰਾਮਦਾਸ**—ਆਪ ਮਹਾਰਾਜ ਸ਼ਿਵਾਜੀ ਦੇ ਗੁਰੂ ਸਨ। ਆਪ ਦੀਆਂ ਰਚਨਾਵਾਂ ਤੋਂ ਇਲਾਵਾ ਹਿੰਦੀ ਦੀਆਂ ਰਚਨਾਵਾਂ ਵੀ ਮਿਲਦੀਆਂ ਹਨ। ਕੁਛ ਉਦਾਹਰਣ ਅਸੀਂ ਦੇ ਰਹੇ ਹਾਂ—

**"ਚਾਤੁਰ ਚਤੁਰ ਕੋ ਚਟਕਾਰੇ**
**ਰਸਿਕ ਬਚਨ ਜਨ ਦਰਸ਼ਨ ਮਨ ਮੇ**
**ਆਜਬ ਲਗਤ ਚਟਕਾਰੇ ॥"**

(9) **ਸ੍ਰੀ ਸ਼ਿਵਾਜੀ ਮਹਾਰਾਜ** :—ਮਹਾਰਾਜਾ ਸਿਵਾਜੀ ਆਪ ਵੀ ਕਵੀ ਸਨ ਆਪ ਦੀਆਂ ਮਰਾਠੀ ਵਿਚ ਕੁਝ ਰਚਨਾਵਾਂ ਮਿਲਦੀਆ ਹਨ। ਇਸ ਤੋਂ ਇਲਾਵਾ ਆਪ ਦਾ ਇਕ ਹਿੰਦੀ ਪੱਦ ਵੀ ਮਿਲਦਾ ਹੈ ਜੋ ਇਸ ਤਰ੍ਹਾ ਹੈ :—

**"ਜਖ ਹੋ ਮਹਾਰਾਜ ਗਰੀਬ ਨਿਵਾਜ,**
**ਬੰਦਾ ਕਮੀਨਾ ਕਹਿਲਾਤਾ ਹੂੰ ਸਾਹਿਬ ਤੇਰੀ ਹੀ ਲਾਜ**
**ਮੈਂ ਸੇਵਕ ਬਹੁ ਸੇਵਾ ਮਾਂਗੂ ਇਤਨਾ ਹੈ ਸਬ ਕਾਜ**
**ਛਤਰਪਤੀ ਤੁਮ ਸੇਕਦਾਰ "ਸਿਵਾ" ਇਤਨਾ ਹਮਾਰ**
**ਅਰਜ਼ ॥"**

(10) **ਬਯਾਬਾਈ**—ਇਨ੍ਹਾ ਦਾ ਸਮਾ ਸਨ 1600 ਦੇ ਲੱਗ-ਪੱਗ ਮੰਨਿਆ ਜਾਂਦਾ ਹੈ। ਆਪ ਦੀਆਂ ਵੀ ਹਿੰਦੀ ਰਚਨਾਵਾ ਮਿਲਦੀਆਂ ਹਨ ਜੋ ਇਸਤਰੀ-ਲੇਖਿਕਾਂ ਦੇ ਨਾਤੇ ਖ਼ਾਸ ਮਹੱਤਵ ਵਾਲੀਆਂ ਹਨ :—

**"ਬਾਗ ਰੰਜੀਲਾ ਮਹਲ ਬਨਾ ਹੈ।**
**ਪਹਲ ਕੇ ਬੀਚ ਮੇ ਝੂਲਾ ਪੜਾ ਹੈ**
**ਇਸ ਝੂਲਨੇ ਪਰ ਝੂਲੋ ਰੇ ਭਾਈ**
**ਜਨਮ ਮਰਣ ਕੀ ਯਾਦ ਨਾ ਆਈ**
**ਦਾਸੀ ਬਯਾ ਕਹੇ ਗੁਰੂ ਭੱਯਾ ਨੇ**
**ਮੁਝਕੇ ਝੁਲਾਯਾ ਸੋ ਹੀ ਸੁਲਾਵੇ ॥"**

(11) **ਮੋਰੋਪੰਤ**—ਆਪ ਨੂੰ ਸਾਰਾ ਮਹਾਂ ਰਾਸ਼ਟਰ ਚੰਗੀ ਤਰ੍ਹਾਂ ਜਾਣਦਾ ਹੈ। ਇਨ੍ਹਾਂ ਨੂੰ ਜੇ ਮਰਾਠੀ ਦਾ ਕੇਸ਼ਵਦਾਸ ਕਿਹਾ ਜਾਵੇ ਤਾਂ ਅਤਕਥਨੀ ਨਹੀਂ ਹੋਵੇਗਾ। ਆਪ ਦੀਆਂ ਰਚਨਾਵਾਂ ਵਿਸ਼ਾਲ ਅਤੇ ਉੱਚ ਦਰਜੇ ਦੀਆਂ ਹਨ। ਆਪ ਹਿੰਦੀ ਦੇ ਵੀ ਬੜੇ ਅੱਛੇ ਜਾਣਕਾਰੂ ਸਨ। ਹਿੰਦੀ ਛੰਦ "ਹਰੀ ਗਿਤੀਕਾ" ਦੀ ਆਪ ਨੇ ਹੀ ਸਭ ਤੋਂ ਪਹਿਲਾਂ ਮਰਾਠੀ ਵਿਚ ਵਰਤੋਂ ਕੀਤੀ ਸੀ। ਆਪ ਦੀ ਹਿੰਦੀ ਕਵਿਤਾ ਦਾ ਇਕ ਉਦਾਹਰਣ ਹੇਠ ਲਿਖੇ ਅਨੁਸਾਰ ਹੈ :—

**"ਪੋਕੜੋ ਲਿਖੋ, ਹਲਾਕੋ, ਯੇ ਵਿਸ਼ਵਾਮਿਤਰ ਭਾਗ ਜਾਵੇਗਾ।"**

ਉਪਰੋਕਤ ਮਰਾਠੀ ਸਾਹਿਤ ਦੇ ਪ੍ਰਸਿੱਧ ਕਵੀਆਂ ਤੋਂ ਇਲਾਵਾ ਮਹਾਂਰਾਸ਼ਟਰ ਦੇ ਅਨੇਕ ਸੰਤਾਂ ਅਤੇ ਕਵੀਆਂ ਨੇ ਵੀ ਹਿੰਦੀ ਵਿਚ ਰਚਨਾਵਾਂ ਕੀਤੀਆਂ ਹਨ। ਇਥੇ ਸਭ ਦੇ ਨਾਮ ਅਤੇ ਰਚਨਾਵਾਂ ਦੱਸਣਾ ਔਖਾ ਹੈ। ਸੋਹਿਰੋਬਾ ਆਂਬਿਯੇ ਦੇ ਮਰਾਠੀ ਪਦਾਂ ਤੇ ਮੈਨੇ ਹਫ਼ਤਾਵਾਰੀ "ਆਜ" ਵਿਚ ਲਿਖਿਆ ਸੀ। ਮਰਾਠੀ ਦੇ ਪ੍ਰਸਿੱਧ ਲਾਵਨੀਕਾਰ ਪ੍ਰਭਾਕਰ, ਹੋਨਾ ਜੀ ਵਾਲ, ਰਾਮ ਜੋਸ਼ੀ, ਪਰਸੂ ਰਾਮ ਆਦਿ ਨੇ ਵੀ ਹਿਦੀ ਦੀਆਂ ਰਚਨਾਵਾਂ ਕੀਤੀਆਂ ਹਨ।

ਇਸ ਤਰ੍ਹਾਂ ਹਿੰਦੀ ਦਾ ਅਧੁਨਿਕ ਕਾਲ ਅਰੰਭ ਹੋਣ ਤਕ ਮਹਾਂਰਾਸ਼ਟਰ ਵਿਚ ਹਿੰਦੀ ਵਿਕਾਸ ਦੀ ਪਰੰਪਰਾ ਰਹੀ ਹੈ। ਇਸ ਤੋਂ ਮਗਰੋਂ ਅਧੁਨਿਕ ਕਾਲ ਵਿਚ ਉਸ ਦੀ ਪਰੰਪਰਾ ਜਿਵੇਂ ਦੀ ਤਿਵੇਂ ਤਰੱਕੀ ਕਰ ਰਹੀ ਹੈ। ਅਧੁਨਿਕ ਖੜੀ ਬੋਲੀ ਦਾ ਵੀ ਮਹਾਂਰਾਸ਼ਟਰ ਵਿਚ ਕਾਫੀ ਵਿਕਾਸ ਹੋਇਆ ਹੈ। ਮਰਾਠੀ ਦੇ ਅਨੇਕ ਵਿਦਵਾਨਾਂ ਅਤੇ ਸਾਹਿਤਕਾਰਾਂ ਨੇ ਹਿੰਦੀ ਵਿਚ ਰਚਨਾਵਾਂ ਕਰਕੇ ਉਸ ਨੂੰ ਵਿਕਸਿਤ ਕੀਤਾ ਹੈ। ਉਦਾਹਰਣ ਲਈ ਮਾਨਵ ਰਾਵ ਸਪਰੇ, ਸਵ: ਆਗਰਕਰ. ਸਵ: ਬਾਬੂ ਰਾਵ ਵਿਸ਼ਨੂੰ ਪਰਾੜਕਰ, ਸ੍ਰੀ ਦਾ: ਸਾਤਾਵਲੇਕਰ, ਕਾਕਾ ਕਾਲੇਲਕਰ, ਵਿਨੋਬਾ ਭਾਵੇ, ਅ: ਗੋ: ਸ਼ੇਵਡੇ, ਗ: ਮਾ: ਮੁਕਤੀਬੋਧ, ਮੋਘੇ, ਚਿਤਾਂਬਰੇ, ਵੈਸੰਪਾਯਨ ਆਦਿ, ਥੋੜ੍ਹੇ ਦਿਨਾਂ ਤੋਂ ਮਹਾਂਰਾਸਟਰ ਵਿਚ ਹਿੰਦੀ ਦੀਆਂ ਅਨੇਕ ਪ੍ਰਕਾਰ ਅਤੇ ਪ੍ਰਕਾਸ਼ਨ ਸੰਸਥਾਵਾਂ ਅਰੰਭ ਹੋਈਆਂ ਹਨ, ਜਿਨ੍ਹਾਂ ਰਾਹੀਂ ਮਹਾਂਰਾਸ਼ਟਰ ਵਿਚ ਹਿਦੀ ਦੇ ਵਿਕਾਸ ਨੂੰ ਹੋਰ ਵੀ ਤਾਕਤ ਮਿਲਣ ਦੀ ਆਸ ਕੀਤੀ ਜਾਂਦੀ ਹੈ।

---

# ਪੰਜ ਆਧੁਨਿਕ ਕਵੀ

ਦੁਆਬੇ ਦੇ ਉਪਜਾਊ ਸੂਬੇ ਨੂੰ ਮਹਾਂਰਾਸ਼ਟਰ ਦੀ ਰੁਖੀ ਕਸ਼ਟ-ਪਿਆਰਤਾ ਦੀ ਕਲਪਨਾ ਸ਼ਾਇਦ ਹੀ ਹੋਵੇ। ਜ਼ਿੰਦਗੀ ਦੀ ਕੌੜੀ-ਕਠੋਰ ਜੀਵਨ-ਕਲਹ (ਝੱਗੜੇ) ਦੀ ਪ੍ਰਤੱਖ ਚੇਤਨਾ ਮਹਾਂਰਾਸ਼ਟਰ ਭਾਸ਼ਾ ਅਤੇ ਮਰਾਠੀ ਸਾਹਿਤ ਵਿਚ ਸਦਾ ਇਕ ਵਿਧਾਇਕ (ਪ੍ਰਬੰਧਕ, ਵਿਧਾਨ ਬਨਾਣ ਵਾਲੀ) ਸ਼ਕਤੀ ਦੇ ਰੂਪ ਵਿਚ ਜਾਗਦੀ ਰਹੀ ਹੈ। ਇਕ ਕਾਰਣ ਸ਼ਾਇਦ ਇਹ ਵੀ ਹੋਵੇ ਕਿ ਮਹਾਂਰਾਸ਼ਟਰ ਸੱਤਾਧਾਰੀ ਹੁਕਮਰਾਨ ਰਹਿ ਚੁਕਿਆ ਹੈ। ਪਰ ਹਰਸ਼ਵਰਧਨ ਤੋਂ ਮਗਰੋਂ ਹਿੰਦੀ-ਭਾਸੀ (ਹਿੰਦੀ ਬੋਲਣ ਵਾਲੇ) ਆਪ ਹਕੂਮਤ ਚਲਾਉਣ ਵਾਲੇ ਨਾ ਬਣ ਕੇ ਇਸਲਾਮੀ ਜਾਂ ਬਰਤਾਨਵੀ ਰਾਜ ਦੇ ਅਧੀਨ ਰਹੇ। ਹਿੰਦੀ ਸਾਹਿਤ ਅਤੇ ਹਿੰਦੀ ਕਵਿਤਾ ਲਗਾਤਾਰ ਜਨ-ਜੀਵਨ ਤੋਂ ਬੇਮੁਖ, ਸਬੰਧ ਰਹਿਤ ਬਣਦੀ ਗਈ। ਸਾਹੀ ਸੰਸਕ੍ਰਿਤੀ ਦੀ ਐਸ-ਅਰਾਮ ਪਿਆਰਤਾ ਅਤੇ ਇਸਲਾਮੀ ਕਾਵਿ ਦੀ ਕਲਪਨਾ-ਜੀਵੀ ਰੀਤੀ ਪ੍ਰਧਾਨਤਾ ਹਿੰਦੀ ਵਿਚ ਅਣਜਾਣੇ ਘਰ ਕਰ ਗਈ। ਪਰ ਇਨ੍ਹਾਂ ਸਭਨਾ ਅਸਰਾਂ ਦੇ ਵਿਰੋਧ ਵਿਚ ਅੰਦੋਲਨ ਜਿਹਾ ਲੈ ਕੇ ਚਲ ਪਿਆ। ਮਹਾਰਾਸਟਰ ਜਾਨਦਾਰ ਹਮਲੇ ਲਈ ਤਿਆਰ, ਅਸਲ-ਸੰਲਗਨ (ਲਗਿਆ ਹੋਇਆ ਮਸਰੂਫ) ਅਤੇ ਜੀਵਨ ਦੀਆਂ ਸੰਭਾਵਨਾਵਾਂ ਦਾ ਸਦਾ ਹੀ ਧਿਆਨ ਰੱਖਣ ਵਾਲਾ ਰਿਹਾ। ਮਨੋ ਭੂਮੀਂ ਦੇ ਏਸੇ ਫ਼ਰਕ ਨਾਲ ਮਰਾਠੀ ਅਤੇ ਹਿੰਦੀ ਦੀ ਕਵਿਤਾ ਦਾ ਅੰਦਰੂਨੀ ਫ਼ਰਕ ਪਛਾਣਿਆ ਜਾ ਸਕਦਾ ਹੈ।

ਹਿੰਦੀ ਦੀ ਅੱਜ ਦੀ ਕਵਿਤਾ ਨੇ ਬੋਲਪੁਰ ਤੋਂ ਵੱਗੀ ਭੈਣ-ਬੰਗਾਲੀ ਦੀ ਅਜਿਹੀ ਹੀ ਅਪ੍ਰਤੱਖ ਠੰਡੀ ਸੁਗੰਧਤ ਹਵਾ ਮੰਨਿਆ। ਅਸੀਂ ਇਹ ਨਹੀਂ ਕਹਿੰਦੇ ਕਿ ਇਹ ਅਸਰ ਇਸ਼ਟ ਹੈ ਜਾਂ ਅਨਿਸ਼ਟ, ਅਸੀਂ ਤਾਂ ਕੇਵਲ ਅਸਰ ਦੀ ਹੋਂਦ ਦੀ ਕੇਵਲ ਚੇਤਨਾ ਚਾਹੁੰਦੇ ਹਾਂ। ਮਰਾਠੀ ਵਿਚ ਇਹ ਰਹੱਸਵਾਦ ਦਾ ਅਲੌਕਿਕ ਪਿਆਰਾ ਨਾ ਜਾਗ ਸਕਿਆ, ਕਾਵਿ ਜਨ-ਜੀਵਨ ਨਾਲ ਜੁੜਿਆ ਦੁਨਿਆਵੀ ਵਧੇਰੇ ਰਿਹਾ। ਬ੍ਰਿਜਭਾਸ਼ਾ ਅਤੇ ਖੜੀ ਬੋਲੀ ਜਿਹਾ ਕੋਈ ਫ਼ਰਕ ਮਰਾਠੀ ਵਿਚ ਨਾ ਹੋਣ ਤੇ ਵੀ ਪੁਰਾਣੀ ਅਤੇ ਨਵੀਂ ਪਦ ਰਚਨਾ ਪ੍ਰਣਾਲੀ ਵਿਚ ਅਵੱਸ਼ ਬਹੁਤ ਫ਼ਰਕ ਹੈ। ਹਿੰਦੀ ਤੇ ਜਿਸ ਤਰ੍ਹਾਂ ਨਾਲ ਬੰਗਾਲੀ ਦਾ, ਉਂਜ ਹੀ ਮਰਾਠੀ ਤੇ ਅੰਗਰੇਜ਼ੀ ਦਾ ਘੱਟ ਵੱਧ ਅਸਰ ਪਿਆ ਹੈ। ਹਿੰਦੀ ਕਵਿਤਾ ਦੇ ਇਤਿਹਾਸ ਤੋਂ ਸਾਨੂੰ ਜਾਣਦੇ

ਹੋਣਗੇ ਕਿ ਮਹਾਂਵੀਰ ਪ੍ਰਸਾਦ ਦਿਵੇਦੀ ਕਾਲ ਦੀ ਕਵਿਤਾ ਦਿਵੇਦੀ ਜੀ ਦੇ ਸੰਸਕ੍ਰਿਤ ਅਤੇ ਮਰਾਠੀ ਦੇ ਅਧਿਐਨ ਦਾ ਸਿੱਧਾ ਨਤੀਜਾ ਸੀ । ਮਰਾਠੀ ਵਿਚ ਯਥਾਸੰਭਵ ਤਤਸਮ ਸ਼ਬਦ-ਪ੍ਰਯੋਗ ਦੀ ਰੁਚੀ ਦੀ ਰੀਤੀ ਰਹੀ ਹੈ, ਉਸਦੀ ਭਾਸ਼ਾ ਅਤੇ ਉਸਦੇ ਕਾਵਿ-ਵਿਸ਼ੇ ਸੂਬਾਈ ਰੰਗ ਵਾਲੇ ਰਹੇ ਹਨ । ਜੋ ਹੋਵੇ, ਇਨ੍ਹਾਂ ਸਭਨਾਂ ਦਾ ਵਿਸ਼ਲੇਸ਼ਣ ਨਾਲ ਨਾਲ ਅਤੇ ਸਾਧਾਰਣ ਰੂਪ ਵਿਚ ਨਾ ਕਰਕੇ ਗਈ ਪੀਹੜੀ ਦੀ ਮਰਾਠੀ ਕਵਿਤਾ ਦੇ ਪੰਜ ਪ੍ਰਮਾਣੀਕ ਕਵੀ ਚੁਣ ਕੇ ਉਨ੍ਹਾਂ ਤੇ ਵਿਵੇਚਨਾ ਕਰਨਾ ਉਚਿਤ ਹੋਵੇਗਾ ।

ਉਹ ਇਹ ਕਵੀ ਹਨ—

(1) ਤਾਂਬੇ (2) ਚੰਦਰ ਸ਼ੇਖਰ (3) ਬੀ (4) ਮਾਧਵ ਜੂਲੀਅਨ ਅਤੇ (5) ਯਸ਼ਵੰਤ ।

**ਭਾਸਕਰ ਰਾਮਚੰਦਰ ਤਾਂਬੇ** ਗੁਆਲੀਅਰ ਦੇ ਰਹਿਣ ਵਾਲੇ ਸਨ । ਉਨ੍ਹਾਂ ਦੀ ਸੱਠ ਸਾਲਾ ਜਯੰਤੀ ਧੂਮ ਧਾਮ ਨਾਲ ਮਰਾਠੀ-ਸਾਹਿਤ-ਸੰਸਾਰ ਵਿਚ ਮਨਾਈ ਗਈ । ਕਵੀ ਦੇ ਨਾਲ ਹੀ ਉਹ ਇਕ ਬਹੁਤ ਵੱਧੀਆ ਸੰਗੀਤ ਜਾਣੂ ਵੀ ਸਨ । ਉਨ੍ਹਾਂ ਦੀ ਕਵਿਤਾ ਵਿਚ ਉਨ੍ਹਾਂ ਦੇ ਜੀਵਨ ਦੇ ਛਾਇਆ-ਪ੍ਰਕਾਸ਼ ਦੇ ਟੁੱਟੇ ਫੁੱਟੇ ਰੇਖਾ ਚਿੱਤਰ ਹਨ । ਉਨ੍ਹਾਂ ਨੇ ਆਮ ਤੌਰ ਤੇ ਗੀਤ ਵੀ ਲਿਖੇ । ਬੱਚਪਨ ਵਿਚ ਈਸ਼ਵਰ-ਸਤੁਤੀ ਦੇ, ਜੁਆਨੀ ਵਿਚ ਮਿੱਠੇ ਪਿਆਰ ਦੇ ਤੇ ਵੱਡੀ ਉਮਰ ਵਿਚ ਰਹੱਸਵਾਦੀ ਭਾਵੁਕਤਾ ਦੇ ਨਾਲ ਦੁੱਖ ਭਰੇ ਜੀਵਨ ਦੀ ਚੀਕ ਦੇ । ਆਪਣੇ ਸ੍ਵੈ (ਆਪੇ) ਦੇ ਨੁਕਤੇ ਵਿਚ ਸਾਰੇ ਸੰਸਾਰ ਦੇ ਕਸ਼ਮ-ਮਸ਼ਕ (ਦੁੱਖ, ਪੀੜਾਂ) ਦੇ ਆਤਮ-ਦਰਸ਼ਨ ਦੀ ਸਮਰੱਥਾ ਜਿਨ੍ਹਾਂ ਥੋੜ੍ਹੇ ਜਿਹੇ ਉਂਗਲੀ ਤੇ ਗਿਣੇ ਜਾਣ ਵਾਲੇ ਮਨੁੱਖਾਂ 'ਚ ਹੁੰਦੀ ਹੈ, ਉਨ੍ਹਾਂ ਵਿਚ ਇਕ ਭਾਸਕਰ ਰਾਵ ਸਨ । ਉਹ ਮਹਾਂਰਾਸ਼ਟਰ ਲਈ ਉਨੇ ਹੀ ਪਿਆਰੇ ਹਨ, ਜਿਨੇ ਗੁਜਰਾਤੀ ਵਾਲਿਆਂ ਨੂੰ ਨਾਹਨਾ ਰਾਮ ਦਲਪਤ ਰਾਮ ਜਾਂ ਕਿ ਬੰਗਲਾ ਨੂੰ ਰਵੀ ਠਾਕੁਰ । 'ਤਾਂਬੇ ਦੀ ਕਵਿਤਾ' ਦਾ ਦੂਸਰਾ ਹਿੱਸਾ ਮਰਾਠੀ ਸਾਹਿਤ ਦਾ ਇਕ ਅਮਰ ਹਿੱਸਾ ਹੈ । ਭਾਵ-ਕੋਮਲ, ਗੀਤ ਮਧੁਰ, ਸਰਲ ਸੁੰਦਰ ਅਜਿਹੀ ਉਨ੍ਹਾਂ ਦਾ ਗੀਤ-ਝਰਨਾ ਇਨੀ ਮੱਠੀ ਅਲ੍ਹੜ, ਗੰਭੀਰ ਚਾਲ ਨਾਲ ਮਹਾਂਰਾਸ਼ਟਰ ਦੇ ਪਹਾੜੀ ਇਲਾਕੇ ਵਿਚ ਪ੍ਰਤੀਧੁਨੀ ਗੁੰਜਾਉਂਦੀ ਜੀਵਨ ਸਿੰਜਦੀ ਵਹਿੰਦੀ ਹੈ ਕਿ ਰਸਿਕ ਮੋਹਤ ਹੋਏ ਬਿਨਾਂ ਨਹੀਂ ਰਹਿ ਸਕਦਾ । ਉਹ ਪਰੇਮ ਅਤੇ ਮੌਤ, ਜੀਵਨ ਦੀਆ ਦੋ ਮਿੱਠੀਆਂ ਭੁਲਾ ਦੇ ਗਾਇਕ ਹਨ । ਉਨ੍ਹਾਂ ਦੀ ਕਵਿਤਾ ਦੀ ਵੰਨਗੀ ਤੇ ਰੂਪ ਇਕ ਉਨ੍ਹਾਂ ਦੀ ਨਿਰੀ ਸੁੰਦਰ ਰਚਨਾ '**ਮਰਣਾਂਤ ਖਰੋਖਰ ਜਗ ਜਗਤੇ**'' ''ਹੰਸ'' ਵਿਚ ਛੱਪ ਚੁਕੀ ਹੈ । ਤਿੰਨ ਚਾਰ ਕਵਿਤਾਵਾਂ ਦੀਆਂ ਇਹ ਪਹਿਲੀਆਂ ਲਾਈਨਾਂ, ਗੀਤਾਂ ਦੇ ਧਰੁਪਦ (ਟੇਕ) ਦਿੱਤੇ ਬਿਨਾਂ ਦਿਲ ਨਹੀਂ ਮੰਨਦਾ

(1) ਪ੍ਰੀਤੀ ਨਾ ਵਸੇ ਕਧੀਂਹਿ ਉਂਚ ਤਯਾ ਗਡਾਵਰੀ
ਉਤਰ-ਉਤਰ ਯੇ ਪ੍ਰੀਤੀ ਹਵਿ ਤਰੀ,
ਰੁਚਤਿ ਖਾਲ ਚਯਾਰ ਤਿਲਾ ਮੋਕਲਯਾ ਨਿਲਹਾਂਵਰੀ ।

ਅਰਥਾਤ : ਪ੍ਰੀਤ ਕਦੇ ਉਚੇ ਮਹਿਲ ਵਿਚ ਨਹੀਂ ਵਸਦੀ । ਪ੍ਰੀਤ ਚਾਹੁੰਦੇ ਹੋ ਤਾਂ

ਹੇਠਾਂ ਉਤਰ ਆਓ । ਉਸ ਨੂੰ ਤਾਂ ਇਹ ਉੱਚੀਆਂ ਉੱਚੀਆਂ ਨੀਲੀਆਂ ਚੰਗੀਆਂ ਲਗਦੀਆਂ ਹਨ ।

(2) ਸੰਸਾਰ-ਸਤਾਰੀ ਵਰਤਾਣਾ
ਤੂੰ ਮੀਂਹਿ, ਮਦਨ ਵਾਜਵਿਣਾਰਾ ।
ਮਧੁਰ ਗੁਲਾਬੀ ਰਾਗ ਥਰਥਰੇ ।
ਅਕਾਲ ਯੇ ਜਣੂ ਉਸਾ ਮਦਭਰੇ ।
ਵਾਯੂ ਨਿਜ ਚਾਂਚਲਯਾ ਵਿਸਰੇ ।
ਪ੍ਰਾਣੀ ਹੀ ਵਿਸਰਲਾ ਨਿਜ ਕਾਰਾ ।

ਅਰਥਾਤ :—ਸੰਸਾਰ-ਬੀਨ ਕੇ ਤਾਰ ਦੰਗ
ਮੈਂ ਤੁਮ ਕੇਵਲ, ਵਾਦਕ ਅਲੰਗ ।
ਸਿਹਰਾ ਮਧੁ-ਆਰੁਣ ਰਾਗ ਤੀਰ
ਮਦਭਰ ਊਸ਼ਾ ਅਸਮਯ ਅਧੀਰ
ਭੂਲਾ ਨਿਜ ਚੰਚਲਤਾ ਸਮੀਰ
ਭੂਲਤੇ ਪ੍ਰਾਣ ਬੰਧਕਰ ਅਸੰਗ ।

ਅਜਿਹੀ ਮਸਤੀ ਉਨ੍ਹਾਂ ਦੇ ਗੀਤਾਂ ਵਿਚ ਦੇਰ ਤਕ ਗੂੰਜਦੀ ਰਹੀ ਅਤੇ ਉਮਰ ਦੇ ਛਾਇਆ ਕਾਲ ਤਕ (ਅਖ਼ੀਰੀ ਸਮੇਂ ਤਕ) ਪਹੁੰਚ ਕੇ ਵੀ ਕਾਇਮ ਰਹੀ । ਹਿੰਦੀ, ਸੰਸਕ੍ਰਿਤ, ਅੰਗਰੇਜ਼ੀ ਕਵਿਤਾ ਦਾ ਆਪ ਦਾ ਡੂੰਘਾ ਅਧਿਐਨ ਸੀ ਅਤੇ ਉਨ੍ਹਾਂ ਨੇ ਗੱਦ ਦੇ ਰੂਪ ਵਿਚ ਇਕ ਵੱਡਾ ਨਿਬੰਧ 'ਕਲਾ ਅਤੇ ਨੀਤੀ' ਅਤੇ ਕਿੰਨੀਆਂ ਹੀ ਕਾਵਿ-ਪੁਸਤਕਾਂ ਦੇ ਮੁੱਖ ਬੰਦ ਲਿਖੇ । ਇਨ੍ਹਾਂ ਦੀ ਲੋਕ ਪ੍ਰਿਅਤਾ ਦੇ ਸਬੂਤ ਤਾ ਉਨ੍ਹਾਂ ਦੇ ਸ਼ਿਸ਼ੂਗੀਤ, ਮਿੱਠੀਆਂ ਲੋਰੀਆਂ ਅਤੇ ਰਿਕਾਰਡ ਵਿਚ ਗਾਇਆ ਜਾਣ ਵਾਲਾ ਉਨ੍ਹਾਂ ਦਾ '**ਡੋਲੇ ਹੇ ਜੁਲੁਮੀ ਗੇਡ**' ਵਾਲਾ ਗੀਤ ਕਾਫੀ ਹੈ । ਹਿੰਦੀ ਵਿਚ ਤੁਲਨਾ ਕਰਦਿਆਂ ਉਨ੍ਹਾਂ ਦਾ ਸਾਨੀ ਅਜਿਹਾ ਇਕ ਆਦਮੀ ਨਹੀਂ ਮਿਲੇਗਾ, ਤਾਂ ਵੀ ਪੰਤ ਦੀ ਗੀਤ ਪ੍ਰਧਾਨ ਕੋਮਲ ਭਾਵਨਾ ਵਿਚ ਪ੍ਰਸਾਦ ਦੀ ਸਜੀਲੀ-ਗੰਭੀਰ ਕਲਪਨਾ ਦਾ ਮੇਲ ਕਰਕੇ ਤਾਂਬੇ ਦੇ ਗੀਤ ਤੋਲੇ ਜਾ ਸਕਣਗੇ ।

ਦੂਸਰੇ ਹਨ **ਚੰਦਰ ਸ਼ੇਖਰ** । ਆਪ ਬੜੌਦਾ ਦੇ ਰਾਜ ਕਵੀ ਸਨ, ਬਜ਼ੁਰਗ, ਸਰਲ, ਮਿੱਠ ਬੋਲੜੇ, ਕਾਵਿ-ਅਭਿਆਸੀ । ਪੁਰਾਣੀ ਲੀਹ ਦੇ ਘੇਰੇ ਵਿਚ ਆਪ ਨੇ ਉਹ ਮਧੁਰ ਚਮਤਕਾਰ ਕਰ ਵਿਖਾਇਆ ਜੋ ਸ਼ਾਇਦ ਕੋਈ ਹੋਰ ਕਦੀ ਨਾ ਵਿਖਾ ਸਕਦਾ । ਤਾਂਬੇ ਨਵੀਨ-ਭਾਵਨਾ ਦੇ ਸਮੱਰਥਕ ਕਲਾ ਨੂੰ ਰੂਹੜ ਨੀਤੀ ਨੂੰ ਨਾ ਸਨਮਾਨਣ ਯੋਗ ਕਹਿਣ ਵਾਲੇ ਕਲਾਕਾਰ ਹਨ, ਤਾਂ ਚੰਦਰ ਸ਼ੇਖਰ ਦੀ ਕਵਿਤਾ ਆਪਣੀਆਂ ਹੱਦਾਂ ਸੰਕੋਚ ਵਾਲੀਆਂ ਮਰਿਆਦਾਵਾਂ ਵਿਚ ਭੀ ਬਹੁਤ ਜ਼ਿਆਦਾ ਚਾਰੂ (ਸੁੰਦਰ) ਹੋ ਉਠਦੀ ਹੈ । ਵੈਸੇ ਤਾਂ ਚੰਦਰ ਸ਼ੇਖਰ ਨੇ ਬਹੁਤ ਜ਼ਿਆਦਾ ਲਿਖਿਆ, ਬੜੇ ਬੜੇ ਬੰਦ ਤੇ ਕਸੀਦੇ ਰਚੇ ਹਨ, ਪਰ ਉਨ੍ਹਾਂ ਦਾ ਇਕ ਸੰਗ੍ਰਿਹ ਵੀਹ ਸਾਲ ਪਹਿਲਾਂ "[illegible]" ਨਾਂ ਨਾਲ ਛਪਿਆ ਹੈ । ਉਸ ਵਿਚ ਉਸ ਦੀਆਂ ਉੱਚ ਦਰਜੇ ਦੀਆਂ ਰਚਨਾਵਾਂ

ਸ਼ਾਮਲ ਹਨ । ਚੰਦਰ ਸ਼ੇਖਰ ਨੇ 'ਕਾਯ ਹੇ ਚਮਤਕਾਰ' (ਇਹ ਕੀ ਚਮਤਕਾਰ !) ਨਾਂ ਦਾ ਇਕ ਛੋਟਾ ਜਿਹਾ ਬਹੁਤ ਹੀ ਸੁੰਦਰ ਖੰਡ-ਕਾਵਿ ਲਿਖਿਆ ਹੈ । ਉਸ ਵਿਚ ਪੇਂਡੂ ਪਾਤਰਾਂ ਦੇ ਮੂੰਹੋਂ ਪੇਂਡੂ ਭਾਸ਼ਾ ਹੀ ਬੁਲਵਾਈ ਹੈ । ਜਿਸ ਨਾਲ ਉਸ ਦੀ ਮਿਠਾਸ਼ ਹੋਰ ਵੀ ਪਿਆਰੀ ਹੋ ਜਾਂਦੀ ਹੈ । 'ਸੁੱਗੀ' ਨਾਂ ਦਾ ਇਕ ਕਾਵਿ-ਸੰਗ੍ਰਿਹ ਆਧੁਨਿਕ ਕਵੀਆਂ ਦੇ ਰਚੇ ਹੋਏ ਪੇਂਡੂ—(ਜਨਪਦ ਗੀਤਾਂ) ਅਰਥਾਤ ਪੇਂਡੂ ਵਿਸ਼ਿਆਂ ਤੇ ਬੜੀ ਦਿਲੀ-ਸੁਹਿਰਦਤਾ ਨਾਲ ਲਿਖੇ ਹੋਏ ਗੀਤਾਂ ਦਾ ਖਾਸਾ ਚੰਗਾ ਸੰਗ੍ਰਹਿ ਹੈ । ਉਸ ਵਿਚ ਚੰਦਰ ਸ਼ੇਖਰ ਨੇ ਇਕ ਹੋਰ ਪਦ-ਕਥਾ-ਮਾਤਰ ਪੇਂਡੂ ਭਾਸ਼ਾ ਵਿਚ ਦਿੱਤੀ ਹੈ । ਉਹ ਵੀ ਪ੍ਰਕਿਰਤੀ ਵਰਣਨ, ਸੁਘੜ ਰਚਨਾ ਸ਼ੈਲੀ ਅਤੇ ਮਿੱਠੀ ਸ਼ਬਦ-ਚੋਣ ਦੇ ਲਿਹਾਜ਼ ਨਾਲ ਬਹੁਤ ਸੁਆਦਲੀ ਹੈ । ਚੰਦਰ ਸ਼ੇਖਰ ਦੀ ਇਕ ਕਵਿਤਾ ਹੈ 'ਕਵਿਤਾ ਰਤੀ ।' ਉਹ ਇਸ ਇਕ ਇਕੱਲੀ ਕਵਿਤਾ ਲਿਖ ਕੇ ਹੀ ਸਾਹਿਤ ਵਿਚ ਅਮਰ ਹੋ ਜਾਂਦੇ ਅਜਿਹਾ ਕਈਆਂ ਆਲੋਚਕਾਂ ਦਾ ਕਹਿਣਾ ਹੈ । ਉਸ ਵਿਚ ਕਵਿਤਾ ਦੇਵੀ-ਪ੍ਰਤੀ ਕਵੀ ਨੇ ਦਿਲ ਖੋਹਲਕੇ ਸਤੁਤੀ, ਬੰਦਨਾ, ਉਸ ਲਈ ਕੀਤੀ ਗਈ ਦੀਵਾਨਗੀ ਦਾ ਬੇਜੋੜ ਨਕਸ਼ਾ ਖਿੱਚਿਆ ਹੈ । ਉਸ ਵਿਚ ਨਾ ਕੇਵਲ ਕਵਿਤਾ ਸੁੰਦਰੀ ਦਾ ਅਤਿਅੰਤ ਜਾਨਦਾਰ ਮਾਨਵੀ-ਕਰਣ (ਪਰਸਾਨਿਫਿਕੇਸ਼ਨ) ਹੀ ਹੋਇਆ ਹੈ. ਸਗੋਂ ਉਹ 'ਗ੍ਰੇ' ਦੇ **'ਓਡ ਆਨ ਦੀ ਪ੍ਰੋਗ੍ਰੇਸ ਆਫ਼ ਪੋਇਟਰੀ'** ਜਿਹੀ ਹੀ ਸੰਖੇਪ ਵਿਚ ਕਾਵਿ-ਪਰੀਪਾਟੀ (ਲੀਹ) ਦੇ ਇਤਿਹਾਸ ਦੀ ਰੇਖਾ ਜਿਹੀ ਖਿੱਚਣ ਦੇ ਕਾਰਨ ਵੀ ਅਮੁੱਲ ਹੈ । ਉਸ ਦੇ ਦੋ ਛੰਦ :—

**ਪ੍ਰਸਾਦ ਘੜਤਾਂ ਤੁਝ, ਸਹਜ ਨਾਭਿਮੂਲਾਂਤੁਨੀ ।**
**ਅਨੰਨਯ ਲਹਰੀ ਉਠੇ ਤਨੁਸ ਟਾਕਿਤੇ ਵਯਾਪੁਨੀ ॥**
**ਤਿਚਯਾ ਪ੍ਰਸਰਣਾਸਵੇਂ ਸਕਲ ਦੇਵ ਹੇਲਾਵਤੋ ।**
**ਕਸ਼ਵਣੇਕ ਚਪਲੰਘ ਕੀ ਜਣੂ ਸਿਰਾਂ ਤੁਨੀ ਵਹਤੋ ॥**
**ਮੁਖਾ ਮਧੁਨਿ ਏਕਦਾ ਗਦਗਦਾ ਤਦਾ ਯੇ ਧਵਨੀ ।**
**ਸਵਯੰ ਉਚਮਲੋਨਿ ਯੇ ਹ੍ਰਿਦਯ, ਨੀਰ ਯੇ ਲੋਚਨੀਂ ॥**
**ਨ ਕਾਵਯ-ਵਿਸ਼ਯਾ ਵਿਣਾ ਇਤਰ ਭਾਨਹੀ ਰਾਹਤੇ ॥**
**ਰਸਾਤਮਕ ਪਦਾਵਲੀ ਮਗ ਮਨੋਹਰਾ ਵਾਹਤੇ ॥**

ਅਰਥਾਤ "ਤੇਰਾ ਪ੍ਰਸਾਦ ਹੁੰਦੇ ਹੀ, ਸਹਿਜ, ਨਾਭਿਮੂਲ (ਜੜ੍ਹ) ਵਿਚੋਂ ਲਾਜਵਾਬ ਲਹਿਰਾਂ ਉਠਦੀਆਂ ਹਨ । ਉਹ ਸਾਰੇ ਜਿਸਮ ਵਿਚ ਫੈਲ ਜਾਂਦੀਆਂ ਹਨ । ਉਨ੍ਹਾਂ ਲਹਿਰਾਂ ਦੇ ਪ੍ਰਸਰਣ (ਫੈਲਣ) ਦੇ ਨਾਲ ਹੀ ਸਾਰੀ ਦੇਹ ਜਿਵੇਂ ਹਿਲੋਰਾਂ ਲੈਣ ਲਗਦੀ ਹੈ ਅਤੇ ਮੱਥੇ ਵਿਚ ਛਿਨ ਭਰ ਜਿਵੇਂ ਬਿਜਲੀ ਚਮਕ ਉਠਦੀ ਹੈ । ਤਦ ਉਹ ਵਿਚ ਗਦ ਗਦ ਹੋ ਕੇ (ਪ੍ਰਸੰਨ ਹੋ ਕੇ) ਸ਼ਬਦ ਬਾਹਰ ਨਿਕਲ ਆਉਂਦੇ ਹਨ । ਅਪਣੇ ਆਪ ਹਿਰਦਾ ਉਛਲ ਆਉਂਦਾ ਹੈ । ਅੱਖਾਂ ਭਰ ਆਉਂਦੀਆਂ ਹਨ । ਤਦ ਕਵਿਤਾ ਤੋਂ ਬਿਨਾਂ ਦੂਸਰੀ ਕਿਸੇ ਚੀਜ਼ ਦਾ ਪਤਾ ਨਹੀਂ ਰਹਿੰਦਾ ਅਤੇ ਤਦ ਮਨੋਹਰ (ਮਨ ਨੂੰ ਚੁਰਾਉਣ ਵਾਲੀ) ਰਸ ਵਾਲੀ ਪਦਾਵਲੀ (ਕਵਿਤਾ) ਵਹਿਣ ਲਗਦੀ ਹੈ ।"

ਆਪ ਦੀ ਤੁਲਨਾ ਹਿੰਦੀ ਵਿਚ ਜਗਨ ਨਾਥ "ਰਤਨਾਕਰ" ਨਾਲ ਠੀਕ ਠੀਕ ਹੋ ਸਕਦੀ ਹੈ। ਰਤਨਾਕਰ ਦੀ ਕਵਿਤਾ ਦਾ ਸਿੱਕਾ ਮੰਨਣ ਵਾਲੇ ਲੋਕ ਅਜੇ ਬਹੁਤ ਹਨ। ਉਸੇ ਤਰ੍ਹਾਂ ਚੰਦਰ ਸ਼ੇਖਰ ਨੂੰ ਵੀ ਬਹੁਤ ਲੋਕ ਮੰਨਦੇ ਸਨ। ਸਾਹਿਤ ਸਮੇਲਨ ਦੇ ਕਵਿਤਾ-ਵਿਭਾਗ ਦੇ ਉਹ ਪ੍ਰਧਾਨ ਰਹਿ ਚੁਕੇ ਹਨ। ਮੁਨਸ਼ੀ ਅਜਮੇਰੀ ਜਿਹੇ ਉਹ ਰਾਜ ਕਵੀ ਹੋਣ ਕਰਕੇ ਥੋੜ੍ਹੀ ਬਹੁਤ ਕਵਿਤਾਈ "ਆਰਡਰ ਤੇ ਸਪਲਾਈ" ਕਰਨੀ ਪਈ ਪਰੰਤੂ ਫੇਰ ਵੀ ਉਨ੍ਹਾਂ ਨੇ "ਕਵਿਤਾ-ਰਤੀ" ਵਿਚ ਇਹ ਵੀ ਕਿਹਾ ਹੈ ਕਿ "ਮੈਂ ਗੁਲਾਮ ਬਣਿਆ ਅਤੇ ਬੰਧਨ ਵਿਚ ਫਸਿਆ ਤਾਂ ਵੀ ਤੇਰੇ ਹੀ ਲਈ।"

ਬੀ (Bee) ਤਖੱਲਸ ਨਾਲ ਮਰਾਠੀ ਵਿਚ ਲਿਖਣ ਵਾਲੇ ਕਵੀ ਇਕ ਸੱਚੀ ਪ੍ਰਤਿਭਾ ਸਨ। ਜ਼ਿੰਦਗੀ ਵਿਚ ਉਨ੍ਹਾਂ ਨੇ ਸ਼ਾਇਦ ਕੇਵਲ ਤੀਹ ਜਾਂ ਚਾਲੀ ਤੋਂ ਵੱਧ ਕਵਿਤਾਵਾਂ ਨਹੀਂ ਲਿਖੀਆਂ। ਪਰ ਕੀਰਤੀ (ਸਿਫ਼ਤ) ਤੋਂ ਉਹ ਇਸ ਤਰ੍ਹਾਂ ਬਚਦੇ ਰਹੇ ਅਤੇ ਲੋਕ-ਆਦਰ ਤੋਂ ਇਸ ਤਰ੍ਹਾਂ ਘਬਰਾਉਂਦੇ ਰਹੇ ਕਿ ਗਡਕਰੀ-ਕੇਸ਼ਵਸੁਤ ਦੇ ਸਮੇਂ ਦੇ ਇਹ ਸੱਜਣ ਅਜਿਹੇ ਲੁਕੇ ਲੁਕੇ ਰਹੇ ਕਿ ਅਖੀਰ 1934 ਵਿਚ ਉਨ੍ਹਾਂ ਦੀਆਂ ਕਵਿਤਾਵਾਂ ਦਾ ਇਕ ਸੰਗ੍ਰਹਿ ਬੜੀ ਮੁਸ਼ਕਲ ਨਾਲ ਬਣ ਕੇ ਛੱਪ ਸਕਿਆ। ਅਤਰੇ ਵਲੋਂ ਸੰਪਾਦਤ ਸੰਗ੍ਰਹਿ ਲਈ ਦਾ ਨਾਮ ਹੈ 'ਫੁੱਲਾਂ ਚੀ ਓਂਜਲ' (ਫੁੱਲਾਂ ਦੀ ਅੰਜਲੀ)। ਜਦ ਉਸ ਸੰਗ੍ਰਹਿ ਲਈ ਆਪ ਦੀ ਤਸਵੀਰ ਮੰਗੀ ਗਈ ਤਦ ਖਾਨਦੇਸ਼ ਦੇ ਇਸ ਇਕਾਂਤ ਵਾਸੀ ਪਰੰਤੂ ਅਪ੍ਰਤੱਖ ਰੂਪ ਵਿਚ ਪੁਰਾਣੀ ਕਵਿਤਾ ਵਿਚ ਨਵਯੁਗ ਦੇ ਬਣਾਉਣ ਵਾਲੇ ਕਲਾਕਾਰ ਨੇ ਕਵਿਤਾ ਦੀਆਂ ਦੋ ਲਾਈਨਾ ਲਿਖ ਕੇ ਭੇਜ ਦਿੱਤੀਆਂ :—

**ਕਾਂ ਆਗ੍ਰਹ ? ਰਸਿਕਾ ! ਨਾਂਵ ਸਾਂਗ ਮਜ ਮਹੁਣਸੀ ?**
**ਨਾਂਵਾਂ ਮੋਹਿਨੀ ਭਾਸੋ ਸਾਮਾਨ੍ਯਾਂ ਸੀ !**

ਇਹ ਲਾਈਨਾਂ 'ਬੀ' ਨੇ ਤੀਹ ਸਾਲ ਪਹਿਲਾਂ, ਜਦ ਸਾਹਿਤ-ਸੰਸਾਰ ਉਨ੍ਹਾ ਦੇ 'ਬੇਡ਼ਗਾਣੇ' (ਪਾਗਲ ਦਾ ਗੀਤ) ਤੇ ਸੱਚਮੁੱਚ ਪਾਗਲ ਹੋ ਉਠਿਆ ਸੀ ਅਤੇ ਉਨ੍ਹਾਂ ਦਾ ਅਸਲੀ ਨਾਂ ਕੀ ਹੈ, ਇਸ ਦਾ ਪਤਾ ਲਗਾਉਣ ਲਈ ਕੁਛ ਪੱਤਰ ਲਿਖੇ ਸਨ, ਉਨ੍ਹਾਂ ਦੇ ਉੱਤਰ ਵਿਚ ਲਿਖੀਆਂ ਸਨ। ਉਨ੍ਹਾਂ ਦਾ ਅਰਥ ਹੈ 'ਹੇ ਰਸਿਕ' ਨਾਂ ਦੱਸਣ ਦਾ ਇਨ੍ਹਾਂ ਆਗ੍ਰਹ (ਤਕਾਜ਼ਾ) ਕਿਉਂ ? ਨਾ ਦੀ ਖਿੱਚ ਤਾਂ ਸਾਧਾਰਨ ਲੋਕਾਂ ਦੀ ਹੁੰਦੀ ਹੈ। "ਬੀ" ਦੀ ਕਵਿਤਾ ਤੇ ਸੰਗ੍ਰਹਿ ਦੇ ਮੁੱਖ ਬੰਦ ਲੇਖਕ ਨੇ ਇਕ ਵਾਰ ਲਿਖਿਆ ਹੈ ਕਿ "ਰਸੀਲੀ-ਰਚਨਾ-ਕੁਸ਼ਲਤਾ, ਰਜਣੀਅ ਕਲਪਨਾ-ਵਿਲਾਸ, ਅਸਧਾਰਣ ਭਾਸ਼ਾ-ਪ੍ਰਭੁਤਵ (ਵਡੱਪਣ) ਨਵਾਂ ਵਿਚਾਰ ਦਿਗਦਰਸ਼ਨ ਅਤੇ ਤੇਜੱਸਵੀਂ ਪ੍ਰਤਿਭਾ ਸ਼ਕਤੀ, ਇਨ੍ਹਾਂ ਗੁਣਾਂ ਨਾਲ ਬਹੁਤ ਥੋੜ੍ਹੇ ਸਮੇਂ ਵਿਚ ਅਤੇ ਥੋੜ੍ਹਾ ਜਿਹਾ ਲਿਖਣ ਤੇ ਵੀ ਸਾਹਿਤ ਵਿਚ ਉਨ੍ਹਾਂ ਨੂੰ ਅਹਿਲ ਥਾਂ ਮਿਲ ਗਈ ਹੈ।" ਉਨ੍ਹਾਂ ਦੀਆਂ ਕਵਿਤਾਵਾਂ ਦਾਰਸ਼ਨਿਕ-ਪਿਆਰ-ਰੂਹ ਵਾਲੀਆਂ, ਕੌਮੀਅਤ ਦੀ ਰਾਹ ਤੇ ਦੇਰ ਤਕ ਜਗਣ ਵਾਲੀਆਂ ਮਧੁਰ ਕਲਪਨਾਵਾਂ ਦੀ ਦੀਪਮਾਲਾ ਜਿਹੀ, ਪਰ ਸਾਲਾਂ ਦੀ ਲਾਪਰਵਾਹੀ ਦੀ ਜ਼ਰਾ ਜਿੰਨੀ ਵੀ ਪ੍ਰਵਾਹ ਨਾ ਕਰਨ ਵਾਲੀ, ਉਸ ਆਪਣੇ ਇਕੱਲੇ ਸੁੰਨੇ

ਖੂੰਜੇ ਵਿਚ ਆਪੇ ਵਿਚ ਸੰਤੁਸ਼ਟ ਕਲਾਕਾਰ ਦੀ ਸਫਲਤਾ ਦੀ ਸਭ ਤੋਂ ਉੱਚੀ ਚੋਟੀ ਤੇ ਪਹੁੰਚ ਜਾਂਦੀ ਹੈ। ਉਨ੍ਹਾਂ ਵਿਚ ਚੁਭ ਜਾਣ ਦੀ ਵਿਲੱਖਣ ਸ਼ਕਤੀ, ਉਨ੍ਹਾਂ ਵਿਚ ਸੰਗੀਤ ਦਾ ਅਤੇ ਜਨਾਨਾ ਗਲੇਬਾਜ਼ੀ ਤੋਂ ਵਧ ਕੇ ਉਹ ਸਰਲਤਾ ਨਾਲ ਭਰੀ ਖਿੱਚ ਹੈ, ਜੋ ਚਿੱਤਰ ਕਲਾ ਦੇ ਆਸਰੇ ਕਵਿਤਾ ਵਿਚ ਹੁੰਦਾ ਹੈ। ਜੇ ਕਲਾਕਾਰ ਦੀਆਂ ਕ੍ਰਿਤੀਆਂ ਨੂੰ ਉਸ ਦੇ ਜੀਵਨ ਦੇ ਪੈਮਾਨੇ ਨਾਲ ਨਾਪਣਾ ਕੁਛ ਮਤਲਬ ਰੱਖਦਾ ਹੋਵੇ ਤਾਂ ਮੈਂ ਉਨ੍ਹਾਂ ਨੂੰ ਮਰਾਠੀ ਦਾ ਸਭ ਤੋਂ ਵਧੀਆ ਕਵੀ ਮੰਨਦਾ ਹਾਂ। ਉਨ੍ਹਾਂ ਦੇ ਕਾਵਿ-ਦਰਸ਼ਨ ਤੇ ਮਰਾਠੀ ਮਾਸਕ 'ਮਨੋਹਰ' ਵਿਚ ਮੈਨੇ ਸਨ 40 ਵਿਚ ਲੇਖ ਵੀ ਲਿਖਿਆ ਸੀ। 'ਬੀ' ਜੋ ਕੁਛ ਲਿਖਦੇ ਹਨ ਸੰਜਤ ਸੰਚਿਤ ਅਤੇ ਸੰਵੇਦਨਾ ਮਈ। "ਕਲਾ ਕੇਵਲ ਸਵਯੰਜੀਵੀ ਹੈ ਨਾ ਕੇਵਲ ਸਵਯੰਜੀਵੀ ਸਗੋਂ ਉਹ ਸੰਸਾਰ ਦੀ ਆਦਜਨਨੀ ਹੈ, ਉਸੇ ਤਰ੍ਹਾਂ ਹੀ ਕਵੀ ਪ੍ਰਕਿਰਤੀ ਦਾ ਪਿਆਰਾ, ਦੁਨੀਆਂ ਦੀ ਨਰਾਜ਼ਗੀ ਤੋਂ ਮਗਰੋਂ ਪ੍ਰਕਿਰਤੀ ਦੀ ਸ਼ਾਂਤ ਗੋਦੀ ਵਿਚ ਮੂੰਹ ਵਿਚ ਲੁਕਾ ਕੇ ਆਸ਼ਾਵਾਦੀ ਸੁਰ ਨਾਲ ਸੰਸਾਰ ਜਾਗ੍ਰਤੀ ਦੇ ਗੀਤ ਗਾਉਣ ਵਾਲਾ ਹੁੰਦਾ ਹੈ।" ਇਹ ਉਨ੍ਹਾਂ ਦੀ ਕਵਿਤਾ ਦਾ ਸੁਨੇਹਾ ਹੈ। ਇਕ ਭਾਵ ਕੋਮਲ ਇਤਿਹਾਸਕ ਪ੍ਰੇਮ ਕਥਾ "ਕਮਲਾ" ਆਪ ਨੇ ਆਪਣੇ ਕਵੀ ਜੀਵਨ ਦੇ ਆਰੰਭ ਵਿਚ ਲਿਖੀ ਸੀ, ਪਰ ਹੁਣ ਤਾ ਉਨ੍ਹਾਂ ਦੀ ਬਾਣੀ ਬੇਹੱਦ ਪੱਕੀ, ਉਨ੍ਹਾਂ ਦਾ ਪ੍ਰਗਟਾਅ ਬੇਹੱਦ ਮੁਕਤ ਹੋ ਗਈ ਹੈ। ਮਰਾਠੀ ਕਵਿਤਾ ਦੇ ਇਤਿਹਾਸ ਵਿਚ ਪੁਰਾਣੀ ਪਰਿਪਾਟੀ (ਲੀਹ) ਵਿਚ ਰਹਿ ਕੇ ਵੀ ਨਵੇਂ ਢੰਗ ਨਾਲ ਰਚਨਾ ਕਰਨ ਦਾ ਹੌਸਲਾ ਉਨ੍ਹਾਂ ਨੇ ਹੀ ਦਿੱਤਾ ਸੀ। ਅੰਗਰੇਜ਼ੀ ਕਹਾਵਤ ਦਾ ਸਹਾਰਾ ਲੈ ਕੇ ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਪੁਰਾਣੀਆਂ ਬੋਤਲਾਂ ਵਿਚ ਉਨ੍ਹਾਂ ਨੇ ਨਵਾਂ ਕਾਵਿ-ਮਦ (ਸ਼ਰਾਬ) ਭਰ ਦਿੱਤਾ ਹੈ। ਉਨ੍ਹਾਂ ਦੀਆਂ ਰਹੱਸਵਾਦੀ ਸਭ ਤੋਂ ਵਧੀਆ "ਚੰਪਾ", "ਪਗਲੀ ਦਾ ਗੀਤ" 'ਛਿਨ ਭਰ' 'ਬੁਲਬੁਲ' ਆਦਿ ਹਨ ਅਤੇ ਰਾਸਟਰੀ ਕਵਿਤਾਵਾਂ ਵਿਚ "ਡੰਕਾ" "ਕ੍ਰਾਂਤੀਕਾਰੀ" 'ਭਗਵਾ ਝੰਡਾ' ਆਦਿ ਹਨ। ਇਕ ਹਵਾਲਾ ਦਿੱਤੇ ਬਿਨਾਂ ਨਹੀਂ ਰਿਹਾ ਜਾ ਸਕਦਾ :—

ਹੀ ਦੰਗਲ ਜੇਵ੍ਹਾਂ ਹੋਤੇ
ਨਾਕਲੋਚਿ ਕੋਠੁਨਿ ਕੀਂ ਤੇ
ਯੇਤਾਤ ਬੰਡਵਾਲੇ ਤੇ
ਜਗ ਹਾਲੇ; ਸ੍ਵਾਗਤ ਬੋਲ
ਅਮ੍ਹੀ ਤਯਾ ਦਿਲ੍ਜਾਨਾਂਚੇ
ਸਾਥੀ—ਨਾ ਮੇਲੇਲ੍ਯਾਂਚੇ
ਹੇ ਡੰਕੇ ਝੜਤੀ ਤ੍ਯਾਂਚੇ
ਐਕੋਂਤ ਕਾਨ ਅਸਲੇਲੇ।

ਅਰਥਾਤ :—ਇਹ ਦਵੰਦ (ਦੋ ਦਾ ਟਾਕਰਾ) ਉਦੋਂ ਪਤਾ ਨਹੀਂ ਕਿਥੋਂ ਇਨਕਲਾਬੀ ਆਉਂਦੇ ਹਨ। ਜਗ ਹਿਲਦਾ ਹੈ ਅਤੇ ਸਵਾਗਤ ਕਰਦਾ ਹੈ। ਅਸੀਂ ਤਾਂ ਉਨ੍ਹਾਂ ਬਹਾਦਰਾਂ ਦੇ ਸਾਥੀ ਹਾਂ—ਮਰਿਆਂ ਹੋਇਆਂ ਦੇ ਨਹੀਂ। ਇਹ ਨੌਬਤ ਉਨ੍ਹਾਂ ਦੀ ਹੀ ਵਜ ਰਹੀ ਹੈ, ਜਿਨ੍ਹਾਂ

ਦੇ ਕੌਨ ਹਨ, ਉਹ ਸੁਣਨ।

ਕਾਲ ਦੀ ਸਕਤੀ ਤੇ, ਇਨਕਲਾਬ ਦੇ ਯਥਾਰਥ ਅਰਥ ਤੇ, ਆਜ਼ਾਦੀ ਦੀਆ ਹੱਦਾਂ ਤੇ 'ਬੀ' ਨੇ ਬਹੁਤ ਕੁਛ ਕਿਹਾ ਹੈ। ਚੁਪਰਾਪ ਇਕ ਖੂੰਜੇ ਵਿਚ ਪਏ ਪਏ 'ਬੀ' ਦੀ ਕਲਮ ਨੇ ਉਹ ਜਾਦੂ ਕੀਤਾ ਜਿਸ ਨੇ ਸਮਾਜ ਦੇ ਜੀਵਨ ਵਿਚ ਇਕ ਨਵੀਂ ਚੇਤਨਾ ਦਾ ਅੰਦੋਲਨ ਪੈਦਾ ਕਰ ਦਿੱਤਾ। ਹਿੰਦੀ ਵਿਚ ਤੁਲਨਾ ਕਰਦਿਆ 'ਇਕ ਭਾਰਤੀ ਅ ਤਮਾ' ਨਾਲ ਇਹ ਬਹੁਤ ਕੁਛ ਮਿਲਦੇ ਹਨ ਹਾਲਾ ਕਿ ਦੋਹਾਂ ਦੇ ਪ੍ਰੇਮ-ਦਰਸਨ ਵਿਚ ਫਰਕ ਹੈ। ਨਾਲ ਹੀ ਮਹਾਦੇਵੀ ਦਾ ਰਹੱਸ-ਪ੍ਰੇਮ ਵੀ 'ਬੀ' ਵਿਚ ਹੈ।

**ਮਾਧਵ ਜਿਊਲੀਅਨ**:—ਹੋਰ ਵੀ ਦਿਲਚਸਪ ਆਦਮੀ ਸਨ। ਬੀ. ਏ. ਤਕ ਆਪ ਸੰਸਕ੍ਰਿਤ ਦੇ ਵਿਦਿਆਰਥੀ ਸਨ ਅਤੇ ਐਮ. ਏ. ਵਿਚ ਨਿਜੀ ਕਾਰਨਾ ਕਰਕੇ ਆਪਨੇ ਫ਼ਾਰਸੀ ਲੈ ਲਈ ਅਤੇ ਫ਼ਾਰਸੀ ਦੇ ਮਹਾਨ ਵਿਦਵਾਨ ਹੋ ਗਏ। ਓਦੋਂ ਰਾਜਰਾਮ ਕਾਲਜ ਕੋਹਲਾ ਪੁਰ ਵਿਚ ਫਾਰਸੀ ਦੇ ਪ੍ਰੋਫੈਸਰ ਸਨ। ਰਸੀਏ ਕਵੀ ਸਨ। ਜੀਵਨ ਦਾ ਪ੍ਰੇਮਰਮਣ ਖਾਸ ਉਤਮਤਾ ਦੇ ਨਾਲ ਗਜ਼ਲਾਂ ਵਿਚ ਉਤਾਰਦੇ ਰਹੇ। ਪਰ ਨਾਲ ਹੀ ਤੇਜ ਅਕਲ ਦੀ ਦੇਣ ਪ੍ਰਮਾਤਮਾ ਨੇ ਉਨ੍ਹਾ ਨੂੰ ਦਿੱਤੀ, ਇਸ ਨਾਲ ਉਨ੍ਹਾ ਦੇ ਸਿੰਗਾਰ ਗੀਤ ਸਾਹਿਤ ਦੀ ਇਕ ਚੰਗੀ ਸਵਸਥ ਜਾਇਦਾਦ ਬਣ ਗਏ। ਇਨ੍ਹਾ ਦੀ ਭਾਵੁਕਤਾ ਉਰਦੂ ਫ਼ਾਰਸੀ ਦੀ ਇਸਕ ਦੀ ਬਿਮਾਰੀ ਤੋਂ ਪ੍ਰਭਾਵਤ ਤਣਿਆ ਹੋਇਆ ਬਾਈ ਰੌਨਕ ਅਤੇ ਸੰਸਕ੍ਰਿਤ ਦੀ ਕੋਮਲ-ਸਜਾਵਟ ਅਤੇ ਕਲਪਨਾ ਵਿਲਾਸ ਨਾਲ ਪ੍ਰਸੰਨ ਹੋਕੇ ਮਧੁਰ ਹੋ ਗਈ। ਤੇਜ ਅਤੇ ਮਧੁਰਤਾ ਦੇ ਇਸ ਪ੍ਰੇਮ ਵਿਚ ਕਾਵਿ ਦਾ ਤੀਸਰਾ ਗੁਣ ਪ੍ਰਸਾਦ ਉਹ ਭੁੱਲ ਗਏ। ਪਰ ਅਜਿਹੇ ਸੁੰਦਰ ਪਦ-ਚਿੱਤਰ ਖਿੱਚਣ ਵਿਚ ਉਹ ਚਤੁਰ ਸਨ ਕਿ ਇਹ ਸਭ ਨਿਕੇ ਮੋਟੇ ਦੋਸ ਉਨ੍ਹਾ ਦੇ ਸਾਹਮਣੇ ਢਕ ਜਾਂਦੇ ਹਨ। ਡਾਕਟਰ ਮਾਧਵ ਤ੍ਰਿਅੰਬਕ ਪਟਵਰਧਨ—ਜਿਹਾ ਕਿ ਉਨ੍ਹਾ ਦਾ ਪੂਰਾ ਨਾਮ ਹੈ—ਮਰਾਠੀ ਵਿਚ ਨਾ ਕੇਵਲ ਆਪਣੀ ਕਿਸਮ ਦੇ ਇਕੱਲੇ ਕਵੀ ਦੇ ਨਾਤੇ ਨਿਰਾਲੇ ਹੋਣ ਕਾਰਨ ਪ੍ਰਸਿਧ ਹਨ। ਪਰ 'ਅ' ਵਿਚ ਹੀ ਸਭ ਸੁਰ (ਜਿਵੇਂ ਈ. ਏ.) ਲਿਖਣ ਵਾਲੇ ਬੀਰ ਸਾਵਰਕਰ ਦੇ ਨਾਲ ਇਸ ਲਿਪੀ ਦਾ ਸਹਾਰਾ ਤਕਣ ਵਾਲੇ ਗਦ ਦੇ, ਖ਼ਾਸ ਕਰ ਛੰਦ-ਸਾਸਤਰ ਅਤੇ ਕਾਵਿ-ਸਮਾਲੋਚਨਾ ਦੇ ਆਚਾਰੀਆ, ਆਲੋਚਕ ਮੰਨੇ ਜਾਂਦੇ ਹਨ। ਪੂਨਾ ਵਿਚ ਸਤ ਨਵੀਨ ਕਵੀਆ ਦੀ ਇਕ ਛੋਟੀ ਜਿਹੀ ਸੰਸਥਾ 'ਰਵੀ ਕਿਰਣ ਮੰਡਲ' ਦਾ ਨਿਰਮਾਣ (ਉਸਾਰੀ) ਇਨ੍ਹਾ ਦੀ ਹੀ ਹਿੰਮਤ ਦਾ ਨਤੀਜਾ ਸੀ ਅਤੇ ਨਿੱਕੇ ਮੋਟੇ ਅਜ ਤਕ ਉਥੋਂ ਪੱਚੀ ਤੋਂ ਵੱਧ ਕਵਿਤਾ ਗ੍ਰੰਥ ਛੱਪ ਚੁੱਕੇ ਹਨ। ਆਪ ਦਾ ਦੂਸਰਾ ਕਾਵਿ ਸੀ ਇਕ ਕਥਾਤਮਕ ਸਮਾਜ ਸੁਧਾਰ ਤੇ ਵਿਅੰਗ ਦੇ ਰੂਪ ਵਿਚ "ਸੁਧਾਰਕ" ਖੰਡਕਾਵਿ, ਜੋ ਖਾਸ ਲੋਕਪ੍ਰਿਆ ਹੋਇਆ। ਉਸ ਤੋਂ ਪਹਿਲਾ ਉਹ ਇਕ ਪ੍ਰੇਮ ਕਥਾ, ਪੂਰੀ ਤਰ੍ਹਾਂ ਯਥਾਰਥਵਾਦੀ, 'ਵਿਰਹ ਤਰੰਗ' ਦੇ ਨਾਂ ਨਾਲ ਪ੍ਰਕਾਸ਼ਤ ਕਰ ਚੁੱਕੇ ਸਨ। ਜੋ ਉਨ੍ਹਾਂ ਦੇ ਜੀਵਨ ਦੀ ਮਰਾਠੀ ਸਾਹਿਤ ਨੂੰ ਇਕ ਸਜਾਈ ਦੇਣ ਹੈ। ਉਸ ਵਿਚ ਇਕ ਵਿਦਿਆਰਥੀ ਦੂਸਰੀ ਜਾਤੀ ਦੀ ਵਿਦਿਆਰਥਨ ਦੇ ਪਿਆਰ-ਪੇਚੇ ਵਿਚ ਪੈਕੇ ਵਿਆਹ ਕਰਾ ਹੈ ਸਕਣ ਕਾਰਨ ਜੋ ਵਿਛੋੜੇ ਦਾ

ਦੁੱਖ ਝਲਦਾ ਹੈ, ਉਹ ਬੜੀ ਖੂਬੀ ਨਾਲ ਬਿਆਨ ਕੀਤਾ ਗਿਆ ਹੈ । ਉਨ੍ਹਾਂ ਦਾ ਹੋਰ ਸੁੰਦਰ ਸੰਗ੍ਰਹਿ ਜੋ 1933 ਵਿਚ ਨਿਕਲਿਆ, ਨਾਮ ਸੀ 'ਗਜ਼ਲਾਂ ਜਲੀ' ਅਰਥਾਤ "ਗ਼ਜ਼ਲਾਂ ਦੀ ਅੰਜਲੀ" । ਇਸ ਨਾਮ ਵਿਚ ਹੀ ਉਨ੍ਹਾਂ ਦੇ ਪੰਡਤਾਈ ਪ੍ਰਧਾਨ ਸੰਸਕ੍ਰਿਤ, ਫ਼ਾਰਸੀ ਆਧ-ਮਿਲੀ ਜਲੀ ਸਖਸ਼ੀਅਤ ਦਾ ਨਿਚੋੜ ਆ ਗਿਆ ਸੀ । ਇਸ ਵਿਚ ਕਵੀ ਨੇ ਅਰਬੀ ਫ਼ਾਰਸੀ ਦੇ ਛੰਦ ਨੂੰ ਮਰਾਠੀ ਵਿਚ ਚਾਲੂ ਕਰਨ ਦੇ ਉਦੇਸ਼ ਨਾਲ 108 ਗ਼ਜ਼ਲਾਂ ਲਿਖੀਆਂ । ਜਵਾਨੀ ਦੀਆਂ ਬੇਲਗਾਮ ਭਾਵਨਾਵਾਂ ਦੇ ਹਾਵੇ ਹੌਕੇ ਗੁੰਜਾਇਮਾਨ ਹਨ, ਉਨ੍ਹਾਂ ਵਿਚ ਕੁਛ ਬੜੇ ਮਾਰਮਿਕ ਅੰਤ ਸੁੰਦਰ ਭਾਵ ਵਾਲੇ ਹਨ । ਸੁੰਦਰ ਕੁਦਰਤ-ਚਿੱਤਰ, ਛਵੀ ਚਿੱਤਰ, ਸੁੰਦਰੀਆਂ ਦੇ ਯਥਾਰਥਵਾਦੀ ਵਿਚ, ਚੁਣੇ ਹੋਏ ਸ਼ਬਦਾਂ ਵਿਚ ਉਹ ਖਿੱਚ ਕੇ ਰਖ ਦਿੰਦੇ ਹਨ । 'ਗ਼ਜ਼ਲਾਂ ਜਲੀ' ਤੇ 'ਪ੍ਰਤਿਭਾ' ਦੇ ਸੰਪਾਦਕ ਅਤੇ ਜਨਤਾ ਵਿਚ 'ਮਹਾਤਮਾ' ਚਿੱਤਰਪਟ ਦੇ ਕਹਾਣੀ ਲੇਖਕ ਦੇ ਨਾਤੇ ਵਧੇਰੇ ਜਾਣੇ ਜਾਂਦੇ ਮਰਾਠੀ ਦੇ ਨਿਰਪੱਖ ਸਮਾਲੋਚਕ ਕੇ: ਨਾਰਾਇਣ ਕਾਲੇ ਨੇ ਲਿਖਿਆ ਸੀ ਕਿ ਭਾਵੇਂ ਕਿਤੇ ਕਿਤੇ ਜਾਣ ਬੁੱਝ ਕੇ ਉਨ੍ਹਾਂ ਦੇ ਭਾਵ ਦੀ ਉਤਮਤਾ ਰਸ ਨੂੰ ਖ਼ਤਮ ਕਰਨ ਵਾਲੀ ਬਣ ਜਾਂਦੀ ਹੈ ਤਾਂ ਵੀ ਸਬਦਾਂ ਦੇ ਨਾਲ ਅਰਥ ਗੁੰਜਾਉਣ ਦੀ ਉਨ੍ਹਾਂ ਦੀ ਬੇਜੋੜ ਤਾਕਤ ਦੇ ਅਤੇ ਉਰਦੂ ਫਾਰਸੀ ਜਿਹਾ ਇਕੋ ਇਕ ਪ੍ਰੇਮ ਵਿਸ਼ੇ ਦੀ ਬਹੁਲਤਾ ਐਨੀ ਨਹੀਂ ਖਟਕਦੀ । 'ਸੁਵਪਨ-ਰੰਜਨ' ਉਨ੍ਹਾਂ ਦੀ ਇਕ ਕਾਵਿ-ਪੁਸਤਕ ਹੈ । ਇਸ ਵਿਚ ਉਨ੍ਹਾਂ ਦੀਆਂ ਹੋਰ ਫੁੱਟਕਲ ਰਚਨਾਵਾਂ ਇਕੱਤਰ ਹਨ, ਉਸ ਵਿਚ ਸੁੰਦਰ ਬਾਲਗੀਤ ਹਨ, ਦਾਰਸ਼ਨਿਕ ਕਵਿਤਾਵਾਂ ਹਨ, ਪ੍ਰੌੜ੍ਹ ਰਚਨਾਵਾਂ ਹਨ, ਬਾਲਕਾਲ ਦੀਆਂ ਰਚਨਾਵਾਂ ਹਨ, ਜਵਾਨੀ ਦੇ ਅਧੂਰੇ ਜਜ਼ਬਾਤ ਹਨ । ਉਹ ਵੀ ਮਰਾਠੀ ਸਾਹਿਤ ਸਮੇਲਨ ਦੀ ਕਾਵਿ-ਸੰਸਥਾ ਦੇ ਮੁੱਖੀ ਰਹਿ ਚੁੱਕੇ ਹਨ ਅਤੇ ਉਨ੍ਹਾਂ ਦੇ ਲੈਕਚਰ (ਉਹ ਇਕ ਚੰਗੇ ਵਕਤਾ ਵੀ ਹਨ) ਹਮੇਸ਼ਾਂ ਬੜੇ ਵਿਦਵਤਾ ਪੂਰਣ ਅਤੇ ਗੰਭੀਰ ਹੁੰਦੇ ਹਨ । ਭਾਵੇਂ ਨੀਂਹ 'ਬੀ' ਜਿਹੇ ਲੋਕਾਂ ਨੇ ਰਖੀ ਤਾਂ ਵੀ ਕਵਿਤਾ ਦੇ ਨਵਯੁਗ ਦਾ ਮੂੰਹ ਮੱਥਾ ਘੜਨ ਵਿਚ ਪ੍ਰਮੁੱਖ ਸ਼ਿਲਪੀ ਮਾਧਵ-ਜਯੂਲੀਅਨ ਹਨ । ਉਨ੍ਹਾਂ ਦੀ ਉਪਮਾ ਹਿੰਦੀ ਵਿਚ ਇਕੋ ਇਕ ਸੂਰਯਕਾਂਤ ਤ੍ਰਿਪਾਠੀ 'ਨਿਰਾਲਾ' ਨਾਲ ਕੀਤੀ ਜਾ ਸਕਦੀ ਹੈ । ਮਸਤੀ ਵਿਚ, ਪੰਡਤਾਈ ਵਿਚ, ਸ਼ਿੰਗਾਰ ਲਿਖਣ ਵਿਚ ਉਹ ਨਿਰਾਲਾ ਜੀ ਜਿਹੇ ਹੀ ਨਿਰਾਲੇ, ਨਾਮੀ ਅਤੇ ਬਦਨਾਮ, ਜੋ ਕਹਿ ਲਵੋ, ਰਹੇ । ਮਾਧਵ-ਜਯੂਲੀਅਨ ਨੇ ਇਕ "ਮੈਂ ਔਰ ਤੁਮ" ਲਿਖਿਆ ਹੈ । ਉਹ ਨਿਰਾਲਾ ਦੇ "ਮੈਂ ਔਰ ਤੁਮ" ਤੋਂ ਕੁਛ ਘਟ ਨਹੀਂ । ਉਨ੍ਹਾਂ ਦੀ ਕਵਿਤਾ ਦੇ ਹਵਾਲੇ ਐਨੇ ਜ਼ਿਆਦਾ ਹ ਸਕਦੇ ਹਨ ਕਿ ਕਿਹੜੇ ਕਿਹੜੇ ਦਿੱਤੇ ਜਾਣ !

**ਯਸ਼ਵੰਤ ਦਿਨਕਰ ਪੇਂਢਾਰਕਰ** :—"ਰਵੀ ਕਿਰਣ ਮੰਡਲ" ਦੇ ਦੂਸਰੇ ਸੁਖਿਆਤ ਮੈਂਬਰ, ਯਰਵਦਾ ਦੀ ਬੱਚਿਆਂ ਦੀ ਜੇਲ (ਰਿਫਾਰਮੇਟਰੀ) ਦੇ ਮੁੱਖ ਅਧਿਆਪਕ ਸਨ । ਮਗਰੋਂ ਬੜੋਦਾ ਦੇ ਰਾਜ ਕਵੀ ਬਣੇ । ਇਸ ਬਾਗੀ ਕਵੀ ਨੇ ਇਕ ਖੰਡਕਾਵਿ "ਜਯਮੰਗਲਾ" ਪ੍ਰਕਾਸ਼ਤ ਕੀਤਾ ਸੀ । ਇਹ ਇਕ ਅਜਿਹੀ ਪਦ-ਕਥਾ ਸੀ ਜੋ ਕੇਵਲ ਫੁੱਟਕਲ ਮੁਕਤਕ ਭਰਮਾਲੀ ਗੀਤਾਂ ਵਿਚ ਬਿਆਨ ਹੋ ਗਈ ਸੀ, ਪਰ ਰੀਤੀ ਦੇ ਚਮਤਕਾਰ ਤੋਂ ਇਲਾਵਾ ਉਸ ਵਿਚ ਜੋ ਚੀਜ਼ ਸੀ ਉਹ "ਰਾਜ ਤਰੰਗਿਣੀ" ਦੇ ਕਵੀ ਬਿੱਲ੍ਹਣ ਦਾ ਕਸ਼ਮੀਰ ਦੇ ਰਾਜੇ ਦੀ

ਲੜਕੀ ਦੇ ਨਾਲ ਕਾਵਿ ਸਾਸ਼ਤਰ ਅਧਿਆਪਕ ਦੇ ਨਾਤੇ ਤੋਂ ਪ੍ਰੇਮ ਪੈਦਾ ਹੋਇਆ ਸੀ ਉਸ ਦੇ ਅਧਾਰਤ ਇਕ ਰੋਮਾਂਟਿਕ ਚੀਜ਼ ਸੀ। ਉਂਜ ਉਨ੍ਹਾਂ ਦੀਆਂ ਅਨੇਕ ਕਾਵਿ-ਪੁਸਤਕਾਂ ਵਿਚੋਂ ਮੈਨੂੰ "ਜਯਮੰਗਲਾ" ਬੜੀ ਸੁੰਦਰ ਲਗਦੀ ਹੈ। ਪਰ ਇਸ ਨਾਲ ਕਲੇਵਰ ਵਿਚ ਵਡਾ ਇਕ ਖੰਡ-ਕਾਵਿ ਹੈ "ਬੰਦੀ ਸ਼ਾਲਾ" ਜਿਸ ਵਿਚ ਉਨ੍ਹਾਂ ਦੇ ਯਰਵਦਾ ਸੁਧਾਰ ਸਕੂਲ ਦੇ ਮਨੋ-ਵਿਗਿਆਨਕ ਅਧਿਐਨ ਛਾਇਆ ਦੇ ਨਾਲ ਸਮਾਜ ਦੀ ਇਕ ਮਰਮ ਸਪਰਸ਼ੀ (ਮਨ ਨੂੰ ਛੂਹ ਲੈਣ ਵਾਲੀ) ਸਮੱਸਿਆ ਬਾਲ ਕੈਦੀਆਂ ਤੇ ਨਵੀਂ ਰੌਸ਼ਨੀ ਪਾਈ ਗਈ ਹੈ। ਉਸ ਦੇ ਅਰੰਭ ਵਿਚ ਹੀ ਸ਼ਾਰਦਾ ਦੀ ਸਤੁਤੀ ਵਿਚ ਕਵੀ ਆਖਦਾ ਹੈ:—

"ਦਾਗ ਲਗਾ ਹੋ ਤੋ ਵੀ ਮੇਰਾ ਫੂਲ ਤੁਝੇ ਭਾ ਜਾਵੇ।
ਉਦਾਰ ਹ੍ਰਿਦਯ ਸਵੀਕ੍ਰਿਤ ਮੇਰੀ ਭੇਂਟ ਹੋ ਨਾ ਮੁਰਝਾਏ।"

ਅਤੇ ਉਸ ਦੇ ਵਿਚ ਥਾਂ ਥਾਂ ਇਹੋ ਲਾਈਨ ਦੁਹਰਾਈ ਜਾਂਦੀ ਹੈ ਕਿ "ਜੀਵਨ ਯਾਨੀ ਏਕ ਓਰ ਹੈ ਵਿਸਤ੍ਰਿਤ ਬੰਦੀ ਸ਼ਾਲਾ" (ਯਾਨੀ ਜ਼ਿੰਦਗੀ ਇਕ ਪਾਸੇ ਵਿਸ਼ਾਲ ਜੇਲਖਾਨਾ ਹੈ।) ਇਹ "ਜਯਮੰਗਲਾ" ਤੋਂ ਪਹਿਲਾਂ ਦੀ ਕਿਰਤ ਸੀ। ਇਨ੍ਹਾਂ ਦੋ ਖੰਡਕਾਵਾਂ ਨੂੰ ਛਡਕੇ "ਭਾਵ ਲਹਿਰੀ" "ਯਸ਼ਵੰਤੀ" "ਯਸ਼ੋਧਨ" "ਯਸ਼ੋਗੰਧ" ਆਦਿ ਇਨ੍ਹਾਂ ਦੀਆਂ ਫੁੱਟਕਲ ਕਵਿਤਾਵਾਂ ਦੇ ਗ੍ਰੰਥਾਂ ਦੇ ਕ੍ਰਮ ਅਨੁਸਾਰ ਨਾਮ ਹਨ। "ਭਾਵ ਲਹਿਰੀ" ਉਸ ਵਿਚ ਸਭ ਤੋਂ ਕੋਮਲ ਹੈ। "ਯਸ਼ੋਧਨ" ਸਭ ਤੋਂ ਲੋਕਪ੍ਰਿਅ। ਯਸ਼ਵੰਤ ਨੇ, ਜਿਹਾ ਕਿ ਉਨ੍ਹਾਂ ਦਾ ਕਵਿਤਾ ਖੇਤਰ ਵਿਚ ਨਾਮ ਹੈ, ਕੁਛ ਪੇਂਡੂ ਗੀਤ ਵੀ ਲਿਖੇ ਹਨ ਅਤੇ ਇਕ ਦੋ ਤਾਂ ਰਿਕਾਰਡ ਵੀ ਉਨ੍ਹਾਂ ਨੇ ਗਾਏ ਹਨ। ਇਸ ਤਰ੍ਹਾਂ ਨਾਲ ਹਿੰਦੀ ਕਵੀ ਜਨਤਾ ਤਕ ਕਦੋਂ ਪਹੁੰਚ ਸਕਣਗੇ, ਇਹ ਸਵਾਲ ਮੈਨੇਸਨ 38 ਵਿਚ ਹੰਸ ਵਿਚ ਉਠਾਇਆ ਸੀ। ਸਰਲ ਪ੍ਰੇਮਗੀਤਾਂ ਦੇ, ਤੇਜ਼ ਰਾਸ਼ਟਰੀ ਗੀਤਾਂ ਦੇ ਕਵੀ ਯਸ਼ਵੰਤ ਦਾ ਸਭ ਤੋਂ ਵੱਡਾ ਗੁਣ ਸਰਲਤਾ ਹੈ, ਪ੍ਰਸਾਦ (ਗੁਣ) ਉਸ ਦੇ ਨਾਲ ਚਲਦਾ ਹੈ। ਅੰਗ੍ਰੇਜ਼ੀ ਨਾਟਕਾਂ ਦੇ ਖੇਤਰ ਵਿਚ, ਜੋ ਫ਼ਰਕ ਸ਼ਾਅ ਅਤੇ ਗਾਰਲਜ਼ਵਰਦੀ ਵਿਚ ਅਸੀਂ "ਵੇਖਦੇ ਹਾਂ, ਯਾਨੀ ਓਹੋ ਹੀ ਮੂਰਤੀ ਦੀਆਂ ਚਿੰਗ੍ਹਾਰੀਆਂ ਪੂਰੀ ਸੁਭਾਵਕ ਚਾਲ ਨਾਲ ਸ਼ਾਅ ਵਿਚ ਚਮਕਦੀਆਂ ਹਨ ਪਰ ਗਾਰਲਜ਼ਵਰਦੀ ਵਿਚ ਜਗ-ਜੀਵਨ ਤੋਂ ਮਾਨਵਤਾ ਵਾਦੀ ਨਰਮੀ (ਚਿਤ ਦੀ ਕੋਮਲਤਾ) ਲੈਕੇ ਉਨ੍ਹਾਂ ਦੀ ਤੇਜ਼ੀ ਘਟ ਹੋ ਜਾਂਦੀ ਹੈ। ਉਂਜ ਹੀ ਸਮਾਜ ਸੁਧਾਰ ਅਤੇ ਪ੍ਰੇਮ ਦੀ ਭਾਵਨਾ ਮਾਧਵ ਜੂਲੀਅਨ ਵਿਚ ਜਿਸ ਤਰ੍ਹਾਂ ਫੁਹਾਰੇ ਵਾਂਗ ਹਿਰਦੇ ਵਿਚੋਂ ਨਿਕਲਦੀ, ਉਹੀ ਅਸੀਂ ਯਸ਼ਵੰਤ ਵਿਚ ਮਧਮ ਫੁਹਾਰ ਵਿਚ ਬਦਲੀ ਹੋਈ ਵੇਖਦੇ ਹਾਂ। ਯਸ਼ਵੰਤ ਦੀ ਵਿਸ਼ੇਸ਼ਤਾ ਉਨ੍ਹਾਂ ਦੀ ਸਰਲ ਭਾਸ਼ਾ ਤੇ ਅਧਿਕਾਰ ਵਿਚ ਸਮਾਈ ਹੈ। ਯਸ਼ਵੰਤ ਕਦੀ ਪੰਡਤਾਈ ਦੇ ਬੋਝ ਨੂੰ ਕਵਿਤਾ ਦੀ ਪਰੀ ਦੇ ਖੰਭਾਂ ਤੇ ਨਹੀਂ ਲਦਣਾ ਚਾਹੁੰਦੇ।

ਮਰਾਠੀ ਪ੍ਰੇਮ ਕਵਿਤਾ ਦੀ ਇਹ ਪ੍ਰੰਪਰਾ ਅਗੇ "ਅਨਿਲ" ਦੇ "ਪ੍ਰੇਮ ਆਣਿ ਮਰਣ" ਵਿਚ, ਕੁਸਮਾਗ੍ਰਜ ਦੇ ਪ੍ਰਿਥਵੀ ਦੇ ਪ੍ਰੇਮ ਗੀਤ ਵਿਚ ਅਤੇ ਬੋਰਕਰ ਦੇ "ਖੁਸੌਲਿਆ ਲਾਖ ਕਲਿਆ" ਵਿਚ ਮਿਲਦੀ ਹੈ। ਇਸੇ ਪ੍ਰੰਪਰਾ ਵਿਚ ਹੋਰ ਅਧੁਨਿਕਾਂ ਵਿਚ ਸੰਜੀਵਨੀ ਮਰਾਠੇ,

ਇੰਦਰਾ ਸੰਤ; ਪਦਮਾ ਆਦਿ ਕਵਿੱਤਰੀਆਂ ਨੇ ਅਤੇ ਵਾ. ਰਾ. ਕਾਂਤ, ਬਸੰਤ ਬਾਪਟ, ਮੰਗੇਸ਼ ਪਾਡਵਾਂਵਕਰ, ਵਿੰਦਾ-ਕਰੰਦੀਕਰ ਆਦਿ ਕਵੀਆਂ ਨੇ ਮਨੁੱਖੀ ਸੰਵੇਦਨਾਵਾਂ ਅਤੇ ਸੂਖਮ ਛਟਾਵਾਂ ਅਤੇ ਬਰੀਕਿਆਂ ਨੂੰ ਅੰਕਿਤ ਕੀਤਾ ਹੈ। ਹੁਣ ਵਿਆਕਤਿਕ ਪਿਆਰ ਅਤੇ ਵਿਸ਼ਾਲ ਸਮਾਜ-ਜੀਵਨ ਦੇ ਸਵਾਲ ਜਿਵੇਂ ਇਕ ਰਸ ਹੋ ਉਠੇ ਹਨ। ਸ਼ਿੰਗਾਰ ਲਈ ਸ਼ਿੰਗਾਰ ਕੋਈ ਮਤਲੱਬ ਨਹੀਂ ਰਖਦਾ। ਮਸ਼ੀਨੀ ਯੁੱਗ ਵਿਚ ਆ ਕੇ ਉਸ ਦੇ ਰਸ-ਰਾਜਾਪਨ ਵਿਚ ਸ਼ੱਕ ਪੈਦਾ ਹੋ ਗਿਆ ਹੈ।

---

## ਆਧੁਨਿਕ ਸਾਹਿਤ–ਵਿਕਾਸ ਰੇਖਾ

1818 ਈਸਵੀ ਵਿਚ ਪਾਣੀਪਤ ਵਿਚ ਪੇਸਵਾ ਰਾਜ ਦਾ ਪੂਰੀ ਤਰ੍ਹਾਂ ਪਤਨ ਹੋਇਆ ਅਤੇ ਮਹਾਰਾਸ਼ਟਰ ਵਿਚ ਬਰਤਾਨਵੀ ਰਾਜ ਦਾ ਅਰੰਭ ਵੀ। ਅੰਗਰੇਜ਼ਾਂ ਦੀ ਪੂਰੀ ਜਾਣ ਪਛਾਣ ਹੋਣ ਤੋਂ ਪਹਿਲਾਂ ਅਰੰਭਕ ਸੰਭ੍ਰਮ (ਭੁਲੇਖੇ) ਤਨਾਤਣੀ, ਵਿਰੋਧ, ਸੁਧਾਰਵਾਦੀਆਂ ਦੀ ਸੰਪੂਰਣ ਅੰਗਰੇਜ਼ੀ ਨਕਲ ਦਾ ਝੁਕਾਓ, ਅਪੱਕ ਰਾਸਟਰੀ ਵਿਰੋਧ ਆਦਿ ਕਈ ਹਾਲਤਾਂ ਵਿਚੋਂ ਦੀ ਸਾਡੇ ਅਤੇ ਅੰਗਰੇਜ਼ਾਂ ਦੇ ਸਬੰਧ ਗੁਜ਼ਰੇ। ਨਾ ਕੇਵਲ ਇਤਿਹਾਸਕ ਦ੍ਰਿਸਟੀ ਤੋਂ ਸਗੋਂ ਇਸ ਸਾਰੀ ਦੁਖਾਂਤ ਕਹਾਣੀ ਦਾ ਪਿਛੋਕੜ ਸਮਝਣ ਦੀ ਦ੍ਰਿਸਟੀ ਤੋਂ ਨ. ਚਿ. ਕੇਲਕਰ ਦੀ 'ਮਰਾਠੇ ਅਣਿ ਇੰਗ੍ਰਜ਼' ਪੁਸਤਕ ਬਹੁਤ ਹੀ ਮਹੱਤਵ ਪੂਰਣ ਹੈ। ਅਰੰਭ ਵਿਚ ਮਰਾਠੀ ਬੋਲਣ ਵਾਲੇ ਅੰਗ੍ਰੇਜ਼ੀ ਵੱਲ ਝੁਕਣ ਦੀ ਬਜਾਏ ਇਕ ਤੇ ਅਨੇਕ ਕਾਰਨਾਂ ਕਰਕੇ ਸੰਸਕ੍ਰਿਤ ਵੱਲ ਝੁਕੇ ਸਨ। 1810 ਈਸਵੀ ਵਿਚ ਸੀਰਾਮਪੁਰ ਵਿਚ ਡਾਕਟਰ ਵਿਲਿਅਮ ਕਰੇ ਨੇ 'ਮਿਰਾਠੀ ਅੰਗ੍ਰੇਜ਼ੀ ਕੋਸ਼' ਛਪਾਇਆ। ਇਸ ਸਮੇਂ ਗਣਪਤ ਕ੍ਰਿਸ਼ਨ ਜੀ ਨੇ ਬੰਬਈ ਵਿਚ ਪਹਿਲਾ ਪ੍ਰੈਸ ਚਾਲੂ ਕੀਤਾ। 1820 ਵਿਚ ਬੰਬਈ ਸੂਬਾ ਅੰਗ੍ਰੇਜ਼ਾਂ ਦੇ ਹੱਥ ਵਿਚ ਆਇਆ ਮਾਉਂਟ-ਸਟੂਅਰਟ-ਏਲਫਿੰਨਸਟਨ ਬੰਬਈ ਦੇ ਗਵਰਨਰ ਬਣਾਏ ਗਏ। ਆਪ ਨੇ ਵਿਦਿਆ ਦਾ ਪਸਾਰਾ ਕੀਤਾ। ਤੰਨਿਮਿਤ ਗ੍ਰੰਥ ਉਲਥਾ ਕਰਵਾਏ। ਮੋਲਸਵਰਥ, ਕੈਂਡੀ, ਜਰਵਿਸ ਆਦਿ ਅੰਗ੍ਰੇਜ਼ ਅਤੇ ਜਗਨ ਨਾਥ, ਸ਼ੰਕਰਸ਼ੇਟ ਸਦਾਸ਼ਿਵ ਕਾਸ਼ੀ ਨਾਥ ਛਤਰੇ, ਬਾਲ ਸ਼ਾਸਤਰੀ ਜਾਂਭੇਕਰ ਆਦਿ ਵਿਦਵਾਨ ਉਸ ਗ੍ਰੰਥ ਉਤਪਾਦਨ ਸੰਸਥਾ ਵਿਚ ਕੰਮ ਕਰਦੇ ਸਨ। ਵਿਆਕਰਣ, ਅੰਕ ਗਣਿਤ, ਭੂਮਿਤਿ, ਪਦਾਰਥ ਵਿਗਿਆਨ, ਆਦਿ ਵਿਸ਼ਿਆਂ ਤੇ ਬੇ ਓੜਕ ਗ੍ਰੰਥ ਰਚਨਾ ਕੀਤੀਆਂ ਗਈਆਂ। ਮਰਾਠੀ-ਗੱਦ ਦਾ ਅਤੇ ਵਿਗਿਆਨਕ ਸਾਹਿਤ ਦਾ ਇਸ ਤਰ੍ਹਾਂ ਨਾਲ ਅਰੰਭ ਹੋਇਆ। 1856 ਵਿਚ ਬੰਬਈ ਯੂਨੀਵਰਸਿਟੀ ਦੀ ਸਥਾਪਨਾ ਤਕ ਇਹ ਅਰਣੌਉਦੇ (ਟਿਨੇਸਾਂ) ਚਲਦਾ ਰਿਹਾ।

ਬੰਬਈ ਯੂਨੀਵਰਸਿਟੀ ਦੀ ਸਥਾਪਨਾ ਨਾਲ "ਨਿਬੰਧਮਾਲਾ" ਨਾਂ ਦੇ ਮਾਸਕ ਪੱਤਰ ਦੇ ਉਦੇ ਤਕ (1857 ਤੋਂ 1874) ਦਾ ਸਮਾਂ ਪ੍ਰਾਚੀਨ ਅਤੇ ਨਵੀਨ ਦੇ ਸੰਘਰਸ਼ ਦਾ ਸਮਾਂ ਹੈ। ਇਕ ਪਾਸੇ ਸੰਸਕ੍ਰਿਤ-ਗਿਆਨ-ਪ੍ਰੰਪਰਾ ਦੇ ਸ਼ਾਸਤਰੀ-ਪੰਡਤਜਨ, ਦੂਸਰੇ ਪਾਸੇ ਅੰਗ੍ਰੇਜ਼ੀ

ਵਿਦਿਆ ਅਤੇ ਵਾਕਆ ਤਮਮਕਤਾ ਦੇ ਸੰਪਰਕ (ਨੇੜ) ਵਿਚ ਆਏ ਹੋਏ ਨਵੀਨ ਵਿਦਵਾਨ। 1856 ਤਕ ਦਾ ਸਾਹਿਤ ਵਧੇਰੇ ਸਾਲੇਯ (ਸਕੂਲ ਉਪਯੋਗੀ) ਸੀ। ਪਰੰਤੂ ਹੁਣ ਸਾਹਿਤਕਾਰਾਂ ਦੇ ਮਨਾ ਵਿਚ ਇਹ ਭਾਵਨਾ ਕੰਮ ਕਰਨ ਲੱਗੀ ਕਿ ਸਾਹਿਤ ਦਾ ਪ੍ਰਚਾਰ ਆਤਮਕ ਅਤੇ ਕਲਾਮਈ ਪੱਖ ਵੀ ਉਨ੍ਹਾ ਹੀ ਮਹੱਤਵਪੂਰਨ ਹੈ। ਨਤੀਜੇ ਦੇ ਤੌਰ ਤੇ ਜਿਥੇ ਪਰਸ਼ੂ-ਰਾਗਪੰਤ ਭਾਤਯੇ ਗੋਡਬੋਲੇ ਨੇ ਸੰਸਕ੍ਰਿਤ ਨਾਟਕਾ ਦੇ ਅਨੁਵਾਦ ਕੀਤੇ ਸਨ, ਉਸੇ ਪ੍ਰੰਪਰਾ ਨੂੰ ਕ੍ਰਿਸ਼ਨ ਸਾਸਤਰੀ ਰਜਵਾੜੇ ਨੇ ਅੱਗ ਚਲਾਇਆ। ਹੁਣੇ ਪਿੱਛੇ ਜਿਹੇ ਹੀ ਕਿਤੇ ਹਿੰਦੀ ਅਨੁਵਾਦ ਹਿੰਦੀ ਵਿਚ ਛਪੇ ਹਨ। ਮਰਾਠੀ ਵਿਚ ਇਹ ਕੰਮ 50 ਸਾਲ ਪਹਿਲਾਂ ਪੂਰਾ ਹੋ ਚੁਕਿਆ ਸੀ। ਗਣੇਸ ਸਾਸਤਰੀ ਲੇਲੇ ਨੇ ਵੀ ਬਹੁਤ ਸਾਰੇ ਅਨਵਾਦ ਅੰਗ੍ਰੇਜ਼ੀ ਅਤੇ ਸੰਸਕ੍ਰਿਤ ਵਿਚੋਂ ਕੀਤੇ। ਇਸ ਸਮੇ ਦੇ ਸਭ ਤੋਂ ਪ੍ਰਸਿੱਧ ਲੇਖਕ ਹਨ ਪਿਤਾ-ਪੁੱਤਰ ਕ੍ਰਿਸ਼ਨ ਸਾਸਤਰੀ, ਅਤੇ ਵਿਸਨੂੰ ਸਾਸਤਰੀ ਚਿਪਲੂਣਕਰ। ਦੋਹਾ ਦੇ ਅਰੰਭ ਕਾਲ ਵਿਚ 25 ਸਾਲਾਂ ਦਾ ਫਰਕ ਸੀ। ਪਰੰਤੂ ਦੋਹਾ ਦਾ ਆਦਰਸ ਇਕ ਸੀ। ਕ੍ਰਿਸਨ ਸਾਸਤਰੀ ਨੇ ਮਿਸਨਰੀਆਂ ਦੇ ਵਿਰੋਧ ਵਿਚ "ਵਿਚਾਰ ਲਹਿਰੀ" ਅਖ਼ਬਾਰ 1852 ਵਿਚ ਸੁਰੂ ਕੀਤਾ। ਡਾਕਟਰ ਜਾਨਸਨ ਦੇ "ਰਯੇਲਸ" ਦਾ ਅਨੁਵਾਦ ਅਤੇ "ਅਨੇਕ ਵਿਦਿਆ ਮੂਲ ਤੱਤਵ ਸੰਗ੍ਰਹਿ" ਨਾਂ ਦਾ ਫੁਟਕਲ ਲੇਖਾ ਦਾ ਗ੍ਰੰਥ 1861 ਵਿਚ ਪ੍ਰਕਾਸਤ ਕੀਤਾ। 'ਮੇਘਦੂਤ' ਅਤੇ ਜਗਨਨਾਥ ਪੰਡਤ ਦੇ 'ਕਰੁਣ-ਵਿਲਾਸ' ਦੇ ਪਤ੍-ਅਨੁਵਾਦ ਅਤੇ ਸੁਕਰਾਤ ਦੀ ਜੀਵਨੀ ਆਦਿ ਹੋਰ ਕਈ ਗ੍ਰੰਥ ਲਿਖੇ ਉਨ੍ਹਾ ਦਾ ਅਧੂਰਾ ਕੰਮ ਦੁਗਣੇ ਜੋਸ਼ ਨਾਲ ਉਨ੍ਹਾਂ ਦੇ ਪੁੱਤਰ ਵਿਸਨੂੰ ਸਾਸਤਰੀ ਨੇ ਚਲਾਇਆ। ਨਾ ਸਿਰਫ ਉਨ੍ਹਾ ਦੇ ਪਿਤਾ ਦੇ ਅਧੂਰੇ ਲਿਖੇ ਹੋਏ "ਅਰੇਬੀਅਨ ਨਾਈਟਸ" (ਸੋ-ਰਜਨੀ-ਚਿਤਰ ਅਰਬ ਉਪਨਿਆਸ) ਦਾ ਅਨੁਵਾਦ ਪੂਰਾ ਕੀਤਾ। ਸਗੋਂ ਆਪਣੀ "ਨਿਬੰਧਮਾਲਾ" ਰਾਹੀਂ ਮਿਸਨਰੀਆ ਤੇ ਆਪਣਾ ਸਬਦ-ਸਾਸਤਰ-ਹਮਲਾ ਹੋਰ ਵੀ ਤੇਜ ਰੂਪ ਵਿਚ ਪ੍ਰਗਟ ਕੀਤਾ। "ਆਮਚਯਾ ਦੇਸਾਚੀ ਸਥਿਤੀ" ਨਾ ਦਾ ਨਿਬੰਧ ਸਰਕਾਰ ਨੇ ਜ਼ਬਤ ਕਰ ਲਿਆ ਸੀ ਅਤੇ ਕਾਂਗ੍ਰਸ ਰਾਜ ਵਿਚ ਉਸ ਉਤੋਂ ਪਾਬੰਦੀ ਹਟੀ। ਆਪਣੇ ਹੀ ਪ੍ਰਾਚੀਨ ਏਤਹਾਸਕ ਸਾਹਿਤ ਪ੍ਰਕਾਸਤ ਕਰਨ ਲਈ "ਕਾਵਯੇਤਿਹਾਸ ਸੰਗ੍ਰਹਿ" ਨਾਂ ਦਾ ਮਾਸ, 'ਨਿਬੰਧ ਮਾਤਾ" ਨਾਂ ਦੀ ਪਤਰਿਕਾ, "ਚਿੱਤਰਸਾਲਾ" ਅਤੇ "ਕਿਤਾਬ ਖ਼ਾਨਾ" ਨਾਂ ਦੀਆਂ ਪ੍ਰਕਾਸਕ ਸੰਸਥਾਵਾ ਅਤੇ ਤਿਲਕ ਆਗਰਕਾਰ ਦੇ ਸਹਿਯੋਗ ਨਾਲ 'ਕੇਸਰੀ' ਅਤੇ 'ਮਰਾਠਾ' ਨਾਂ ਦੇ ਮਰਾਠੀ ਅੰਗਰੇਜ਼ੀ ਅਖ਼ਬਾਰ ਅਰੰਭ ਕੀਤੇ। ਨਿਬੰਧਮਾਲਾ ਦੇ ਕੁੱਲ 84 ਅੰਕ ਮਿਲਦੇ ਹਨ ਜੋ ਕਿ ਪੂਰੇ ਵਿਸਨੂੰ ਸਾਸਤਰੀ ਨੇ ਲਿਖੇ ਹਨ। ਉਨ੍ਹਾਂ ਦੇ ਹੋਰ ਸਾਹਿਤ ਦਾ ਸੁੰਦਰ ਸੰਕਲਨ ਅਤੇ ਸੰਪਾਦਨ ਨਾਰਪੁਰ ਦੇ ਇਤਹਾਸਕਾਰ ਅਤੇ ਸਾਹਿਤ-ਸਿਖਿਅਕ ਸ਼੍ਰੀ ਵਨਹੱਟੀ ਨੇ "ਵਿਸਨੂੰਪਦੀ" ਨਾ ਦੇ ਗ੍ਰੰਥ ਵਿਚ ਕੀਤਾ ਹੈ। ਵਿਸਨੂੰ ਸਾਸਤਰੀ ਦੀ ਭਾਸ਼ਾ ਸੈਲੀ ਸੁਡੌਲ ਰਸਮਈ ਅਤੇ ਤੇਜਮਈ ਹੈ। ਵਿਰੋਧੀ ਦਾ ਵਿਰੋਧ ਕਰਦੇ ਸਮੇਂ ਹਾਸਾ ਵਿਅੰਗ ਆਦਿ ਅਸਤਰਾਂ ਦੀ ਉਨ੍ਹਾ ਨੇ ਬਹੁਤ ਵਰਤੋਂ ਕੀਤੀ ਹੈ। ਇਹ ਪ੍ਰਭਾਵਸਾਲੀ ਲੇਖਕ ਕੇਵਲ 32 ਸਾਲ ਜਿਉਂਦਾ ਰਿਹਾ। ਪਰੰਤੂ ਭਾਰਤੇਂਦੂ ਹਰੀਸਚੰਦਰ ਵਾਂਗ ਹੀ ਉਹ ਯੁਗ-ਨਿਰਮਾਤਾ ਲੇਖਕ ਮੰਨਿਆ ਜਾਂਦਾ ਹੈ।

ਅੰਗ੍ਰੇਜ਼ੀ ਦੇ ਸੰਪਰਕ ਵਿਚ ਵਿਗਿਆਨਕ ਸੁਧਾਈ ਦੇ ਵਿਕਾਸ ਯੁੱਗ ਵਿਚ ਛਾਪੇਖਾਨੇ ਦੀ ਤਰੱਕੀ ਦੇ ਨਾਲ ਨਾਲ ਸਾਹਿਤਕ ਵਿਚ ਪ੍ਰਚਾਰਮਈ ਅੰਗ ਦੀ ਮੁੜ ਪੁਸ਼ਟੀ ਦੇ ਸਮੇਂ ਵਿਚ ਮਰਾਠੀ ਸਾਹਿਤ ਪ੍ਰਵਾਹ (ਵਹਾਓ) ਹੁਣ ਤੇਜ਼ੀ ਨਾਲ ਅੱਗੇ ਵਧਿਆ। ਬੀਤੀ ਸਦੀ ਵਿਚ ਸਾਹਿਤ ਦਾ ਕੋਈ ਅਜਿਹਾ ਅੰਗ ਖ਼ਾਸ ਨਹੀਂ ਹੈ, ਜਿਸ ਵਿਚ ਮਰਾਠੀ ਨੇ ਲੋੜੀਂਦਾ ਕੰਮ ਨਾ ਕੀਤਾ ਹੋਵੇ। ਹੁਣ ਅਗਲੇਰੇ ਕਾਲ-ਖੰਡ ਵਿਚ ਨਾਵਾਂ ਨਾਲ ਨਾਂ ਚਲ ਕੇ ਝੁਕਾਵਾਂ ਦੇ ਵਿਚਾਰ ਨਾਲ ਚੱਲਣਾ ਠੀਕ ਰਹੇਗਾ ਕਿਉਂਕਿ ਨਾਮ ਤਾਂ ਐਨੇ ਜ਼ਿਆਦਾ ਹਨ ਕਿ ਸਭਨਾਂ ਦਾ ਜ਼ਿਕਰ ਕਰਨਾ ਸੰਭਵ ਨਹੀਂ ਹੋ ਸਕਦਾ। ਇਸ ਲਈ ਕੇਵਲ ਪ੍ਰਮੁੱਖ ਨਾਵਾਂ ਦਾ ਹੀ ਜ਼ਿਕਰ ਕਰਾਂਗੇ। ਵਿਸ਼ਨੂੰ ਸ਼ਾਸਤਰੀ ਚਿਪਲੂਣਕਰ ਦੀ ਯਯੁਤਸੂ (ਯੁੱਧ ਦਾ ਇੱਛਕ) ਗਦ ਸ਼ੈਲੀ ਨੂੰ ਨਿਭਾ ਕੇ ਪੱਤਰਕਾਰੀ ਦੀ ਪਰੰਪਰਾ ਨੂੰ ਚਲਾਉਣ ਵਾਲਿਆਂ ਵਿਚ ਪ੍ਰਮੁੱਖ ਹਨ :—

| ਪੱਤਰ | ਪੱਤਰਕਾਰ |
|---|---|
| 'ਸੁਧਾਰਕ' | ਆਗਰਕਰ |
| 'ਕੇਸਰੀ' | ਬਾਲ ਗੰਗਾਧਰ ਤਿਲਕ |
| 'ਕਾਲ' | ਸ਼ਿ. ਵ. ਪਰਾਂਜਪੇ |
| 'ਚਾਬੁਕ' | ਅਚਯੁਤ ਬਲਵੰਤ ਕੋਲਹਟਕਰ |

ਇਨ੍ਹਾਂ ਪੁਰਾਣੇ ਪੱਤਰਕਾਰਾਂ ਤੋਂ ਪਿੱਛੋਂ ਪ੍ਰਮੁੱਖ ਸਨ ਅਤੇ ਹਨ—"ਨਵਾਕਾਲ" ਦੇ ਖਾਡਿਲਕਰ, "ਗਿਆਨ ਪ੍ਰਕਾਸ਼" ਦੇ ਲਿਮਯੇ, ਚਿੱਤਰਾਂ ਦੇ ਡਾ. ਬ. ਯ. ਚਿਟਣੀਸ, "ਮਹਾਰਾਸ਼ਟਰ" ਦੇ 'ਮਾਡਖੋਲਕਰ' 'ਲੋਕਮਾਨਯ' ਦੇ ਗਾਡਗਿਲ ਆਦਿ।

ਆਗਰਕਰ ਦੀ ਮਾਨਤਾ ਸੀ ਕਿ ਸਿਆਸੀ ਅੰਦੋਲਨ ਨੂੰ ਅਪ੍ਰਮੁੱਖ ਥਾਂ ਦੇ ਕੇ ਸਮਾਜ ਸੁਧਾਰ ਪਹਿਲਾਂ ਹੋਵੇ। ਤਿਲਕ ਇਸ ਤੋਂ ਬਿਲਕੁਲ ਉਲਟੀ ਗੱਲ ਕਰਦੇ ਸਨ। ਨਤੀਜੇ ਦੇ ਤੌਰ ਤੇ ਦੋਹਾਂ ਵਿਚ ਬਹੁਤ ਸਮੇਂ ਤਕ ਵਿਵਾਦ (ਝਗੜਾ) ਰਿਹਾ। ਆਗਰਕਰ ਦਰਸ਼ਨ-ਸ਼ਾਸਤਰ ਦੇ ਪ੍ਰੋਫੈਸਰ ਸਨ ਅਤੇ ਫਰਗੂਸਨ ਕਾਲੇਜ ਨੂੰ ਬਣਾਉਣ ਵਾਲੇ। ਆਪ ਦੀ ਲਿਖਤ ਵਧੇਰੇ ਕਰਕੇ ਵਿਰੋਧੀ ਤੇ ਵਾਰ ਕਰਨ ਹੇਤੂ (ਲਈ) ਹੋਈ। ਪਰੰਤੂ ਹਿੰਦੂ ਸਮਾਜ ਦੀਆਂ ਕੁਰੀਤੀਆਂ ਦੂਰ ਕਰਨ ਵਿਚ ਆਪ ਦਾ ਬਹੁਤ ਵੱਡਾ ਹੱਥ ਰਿਹਾ। ਤਿਲਕ 'ਗੀਤਾ ਰਹੱਸਯ' 'ਓਰਾਯਨ' **'ਆਰਕਟਿਕ ਹੋਮ ਇਨ ਦੀ ਵੇਦਾਜ਼'** ਨਾਂ ਦੇ ਗ੍ਰੰਥਾਂ ਦੇ ਲੇਖਕ ਦੇ ਨਾਤੇ ਸਾਹਿਤ ਵਿਚ ਜਿਸ ਤਰ੍ਹਾਂ ਪ੍ਰਸਿੱਧ ਹਨ, ਭਾਰਤ ਦੇ ਕੌਮੀ ਸੰਗਰਾਮ ਵਿਚ ਇਕ ਸੈਨਾਪਤੀ ਦੇ ਨਾਤੇ ਸਿਆਸੀ ਖੇਤਰ ਵਿਚ ਵੀ ਭੁਲਾਏ ਨਾ ਜਾ ਸਕਣ ਵਾਲੇ ਹਨ। ਦੋਹਾਂ ਨੇ ਜੋ ਪਰੰਪਰਾ—ਅਖ਼ਬਾਰ-ਇਤਿਹਾਸ ਵਿਚ ਚਲਾਈ ਉਸ ਦੇ ਪੈਰੋਕਾਰ ਅੱਜ ਵੀ ਸਾਹਿਤ ਵਿਚ ਮਿਲ ਜਾਣਗੇ ਅਤੇ ਉਸ ਵਿਚ ਇਹ ਯੁੱਗ ਤਾਂ ਸਮਾਚਾਰ ਪੱਤਰ ਦਾ ਸਾਹਿਤ ਯੁੱਗ ਵੀ ਮੰਨਿਆ ਜਾਂਦਾ ਹੈ।

ਗੰਭੀਰ ਗੱਦ ਦੇ ਹੋਰਨਾਂ ਖੇਤਰਾਂ ਵਿਚ (ਜਿਵੇਂ ਇਤਿਹਾਸ ਸੁਧਾਈ, ਜੀਵਨੀ, ਘੋ. ਰਚਨਾਤਮਕ, ਆਲੋਚਨਾਤਮਕ, ਵਿਗਿਆਨਕ, ਰਾਜਨੀਤਕ ਆਦਿ) ਮਰਾਠੀ ਨੇ ਤਿਲਕ ਦੇ

ਅਖੀਰੀ ਸਮੇਂ ਵਿਚ ਲੋੜੀਂਦੀ ਤਰੱਕੀ ਕੀਤੀ ਹੈ। ਜੇ ਜੈ ਚੰਦਰ ਵਿਦਿਆਲੰਕਾਰ ਅਤੇ ਓਝਾ ਜੀ ਨੂੰ ਹਿੰਦੀ ਜਗਤ ਨਹੀਂ ਭੁਲੇਗਾ ਤਾਂ ਗੋ. ਸ. ਸਰਦੇਸਾਈ, ਪਾਰਸਨੀਸ, ਖਰੇ ਰਾਜਵਾੜੇ ਆਦਿ ਇਤਹਾਸ ਸੋਧਕਾਂ ਦਾ ਕੰਮ ਵੀ ਮਰਾਠੀ ਵਿਚ ਬੇਜੋੜ ਹੈ। ਜੀਵਨੀ ਸਾਹਿਤ ਵਿਚ ਲੋੜੀਂਦੀ ਤਾਦਾਦ ਵਿਚ ਖ਼ੁਸ਼ਹਾਲ ਹੈ। ਕੇਲਕਰ ਵੱਲੋਂ ਲਿਖੀ ਤਿਲਕ ਦੀ ਜੀਵਨੀ, ਧਰਮਾਨੰਦ ਕੋਸੰਭੀ ਦਾ 'ਨਿਵੇਦਕ' ਕਰਵੇ ਦੀ 'ਆਤਮਕਥਾ', ਲਖਸ਼ਮੀ ਬਾਈ ਤਿਲਕ ਦੀ 'ਸਮ੍ਰਿਤੀ ਚਿਤਰੇ', ਦਾ. ਨ. ਸ਼ਿਖਰੇ ਦੀ 'ਗਾਂਧੀ ਜੀ ਦੀ ਜੀਵਨੀ' ਅਤੇ ਸ਼ਿ. ਲ. ਕ. ਦੀਕਰ ਦਾ 'ਸਵਰਕਰ ਚਰਿਤਰ' ਇਸ ਵਿਭਾਗ ਦੇ ਅਜਿਹੇ ਗ੍ਰੰਥ ਹਨ ਜੋ ਕਿਸੇ ਵੀ ਸਾਹਿਤ ਵਿਚ ਮਾਣ ਵਾਲੀ ਥਾਂ ਪ੍ਰਾਪਤ ਕਰਨਗੇ।

ਸਾਹਿਤ-ਸਮਾਲੋਚਨਾ ਬਾਰੇ ਕੁਛ ਮਹੱਤਵ ਪੂਰਣ ਗ੍ਰੰਥ ਹੇਠਲੇ ਕਹੇ ਜਾਂਦੇ ਹਨ :—

| ਗ੍ਰੰਥ | ਲੇਖਕ |
|---|---|
| (1) ਪ੍ਰਤਿਭਾ ਸਾਧਨ | ਪ੍ਰੋ. ਨ. ਸੀ. ਫੜਕੇ |
| (2) ਛੰਦੋ ਰਚਨਾ | ਡਾ. ਮ. ਤ੍ਰਿ. ਪਟਵਰਧਨ |
| (3) ਹਾਸਯ ਵਿਨੋਦ ਮੀਮਾਨਸਾ | ਨਾ. ਚਿ. ਕੇਲਕਰ |
| (4) ਅਭਿਨਵ ਕਾਵਯ ਪ੍ਰਕਾਸ | ਰਾ. ਸ੍ਰੀ. ਜੋਗ. |
| (5) ਸੌਂਦਰਯ ਸ਼ੋਧ ਵ ਅਨੰਦਕਧ | ਰਾ. ਸ੍ਰੀ. ਜੋਗ |
| (6) ਕਾਵਯ ਚਰਚਾ | ਅਨੇਕ ਲੇਖਕ |
| (7) ਵਾਗਮਯੀਨ ਮਹਾਤਮਤਾ | ਬਾ: ਸੀ. ਮਰਧੇਕਰ |
| (8) ਕਲੇਚੀ ਖਸਿਤਜੇ | ਪ੍ਰਭਾਕਰ ਪਾਧਯੇ |
| (9) ਰਸ ਵਿਮਰਸ | ਡਾ. ਕੇ. ਨਾ. ਵਾਟਵੇ |
| (10) ਚਰਿੱਤਰ ਆਤਮਚਰਿਤ | ਟੀਕਾ . ਸ੍ਰੀ ਜੋਸ਼ੀ ਅਤੇ ਪ੍ਰਭਾਕਰ ਮਾਚਵੇ |

ਇਸ ਸੂਚੀ ਤੋਂ ਮਗਰੋਂ, ਜੋ ਦਸ ਸਾਲ ਪੁਰਾਣੀ ਹੈ, ਸ੍ਰੀ ਕੇ. ਖਸ਼ੀਰ ਸਾਗਰ, ਵ. ਲ. ਕੁਲਕਰਣੀ, ਦਿ. ਕੇ. ਬੇਡੇਕਰ, ਗ. ਤ੍ਰੰ. ਦੇਸ਼ਪਾਂਡੇ, ਕੁਸਮਾਵਤੀ ਦੇਸ਼ਪਾਂਡੇ ਆਦਿ ਮੰਨੇ ਪ੍ਰਮੰਨੇ ਆਲੋਚਕਾ ਦੇ ਬਹੁਤ ਅੱਛੇ ਸਿਧਾਤ-ਚਰਚਾ ਵਾਲੇ ਗ੍ਰੰਥ ਛੱਪੇ ਹਨ।

ਸਾਹਿਤ ਦੇ ਇਤਹਾਸ ਸਬੰਧੀ ਕਈ ਗ੍ਰੰਥ ਛੱਪ ਚੁਕੇ ਹਨ । ਫੇਰ ਵੀ ਕੋਈ ਇਕ ਅਜਿਹੀ ਕਿਤਾਬ ਨਹੀਂ ਜਿਸ ਵਿਚ ਮਰਾਠੀ ਸਾਹਿਤ ਦਾ ਪੂਰਾ ਇਤਿਹਾਸ ਸੰਖੇਪ ਵਿਚ ਮਿਲ ਜਾਵੇ। ਉਂਜ 'ਮਰਾਠੀ ਵਾਂਗਮਯਾਚਾ ਇਤਿਹਾਸ (3 ਭਾਗ)' ਲ. ਰਾ. ਪਾਂਗਾਰਕਰ, 'ਅਰਵਾ-ਚੀਨ ਮਰਾਠੀ'—ਕੁਲਕਰਣੀ ਪਾਰਸਨੀਸ, "ਮਹਾਂਰਾਸ਼ਟਰ ਸਾਰਸ੍ਵਤ" ਵਿ. ਲ. ਭਾਵੇ 'ਅਰਵਾਚੀਨ ਮਰਾਠੀ ਵਾਂਗਮਯ ਸੇਵਕ' ਗੰ. ਦੇ. ਖਾਨੋਲਕਰ, 'ਮਰਾਠੀ ਸਾਹਿਤ ਸਮਾਲੋਚਨ, ਵਿ. ਹ. ਸਰਵਟੇ ਆਦਿ ਗ੍ਰੰਥ ਅਮੁੱਲੇ ਹਨ ਅਤੇ ਇਨ੍ਹਾਂ ਦੀ ਮਦਦ ਨਾਲ ਇਹ ਅਧਿਆਏ ਲਿਖਿਆ ਗਿਆ ਹੈ। ਏਧਰ ਡਾਕਟਰ ਦਾਂਡੇਕਰ ਅਤੇ ਪ੍ਰੋ. ਅ. ਨਾ. ਦੇਸ਼ਪਾਂਡੇ ਨੇ ਦੋ ਇਤਹਾਸ

ਛਾਪੇ ਹਨ ।

ਇਨ੍ਹਾਂ ਤੋਂ ਇਲਾਵਾ ਮਰਾਠੀ ਸਾਹਿਤ ਵਿਚ ਗੰਭੀਰ ਗਦ ਦੇ ਚੰਗੀ ਤਰ੍ਹਾਂ ਸੁਡੌਲ ਅੰਗ ਹਨ ਰਾਜਨੀਤੀ, ਸਮਾਜ-ਸ਼ਾਸਤਰ, ਮਨੋਵਿਗਿਆਨ, ਸਿਖਸ਼ਾ-ਸ਼ਾਸਤਰ ਅਤੇ ਇਤਹਾਸ ਸੰਸ਼ੋਧਨ (ਖੋਜ) ਸਬੰਧੀ ਗ੍ਰੰਥ । ਇਨ੍ਹਾਂ ਸਭਨਾਂ ਦੀ ਜਾਣ ਪਛਾਣ ਇਸ ਛੋਟੇ ਜਿਹੇ ਅਧਿਆਏ ਵਿਚ ਸੰਭਵ ਨਹੀਂ । ਕੁਛ ਵਰਣਨ ਯੋਗ ਗ੍ਰੰਥ ਹਨ :—'ਅਧੁਨਿਕ ਭਾਰਤ'—ਜਾਵਡੇਕਰ, ਲਿਢਾਊ ਰਾਜਕਾਰਣ :—ਕਰੰਦੀਕਰ, ਪਾਕਿਸਤਾਨ'—ਪ੍ਰਭਾਕਰ ਪਾਧੇਯ, 'ਭਾਰਤੀਯ ਸਮਾਜ ਸ਼ਾਸਤਰ'—ਡਾ. ਕੇਲਕਰ, 'ਗਿਆਨਵਾਚੇ ਅਰਥ—ਸ਼ਾਸਤਰ'—ਗਾਡਗਿਲ, 'ਅਰਥ ਸ਼ਾਸਤਰ ਕੀ ਅਨਰਥ-ਸ਼ਾਸਤਰ'—ਅਚਾਰੀਆ ਜਾਵਡੇਕਰ । ਮਨੋਵਿਗਿਆਨ ਤੇ ਸ਼ਿਖਸ਼ਾ ਸ਼ਾਸਤਰ ਤੇ ਆਠਵਲੇ, ਭਾ. ਘੋ. ਕਰਵੇ, ਵਾਡੇਕਰ, ਪ੍ਰੋ. ਫੜਕੇ, ਕਾਰਖਾਨੀਸ, ਆਦਿ ਦੇ ਗ੍ਰੰਥ ਬਹੁਤ ਉਪਯੋਗੀ ਹਨ । ਇਤਿਹਾਸ ਖੋਜ ਦੇ ਖੇਤਰ ਵਿਚ ਪ੍ਰੋ. ਰਾਜਵਾਡੇ, ਪਾਰਸਨੀਸ, ਡਾ. ਭੰਡਾਰਕਰ, ਕਾਸੀਨਾਥ ਪੰਤਲੇਲੇ ਅਤੇ ਗੋਬਿੰਦ ਸਖਾਰਾਮ ਸਰਦੇਸਾਈ ਇਹ ਨਾਂ ਸਭੈ ਪ੍ਰਕਾਸ਼ੀ (ਪ੍ਰਸੰਸ਼ਕ, ਚਮਕਣ ਵਾਲੇ) ਮਰਾਠੀ ਦੇ ਗਾਂਧੀਵਾਦੀ ਲੇਖਕਾਂ ਦੀ ਜਾਣ ਪਛਾਣ ਇਕ ਸੁਤੰਤਰ ਵਿਸ਼ਾ ਹੋਵੇਗਾ । ਫੇਰ ਵੀ ਉਨ੍ਹਾਂ ਵਿਚ ਪ੍ਰਮੁੱਖ ਵਿਨੋਬਾ ਭਾਵੇ, ਕਾਕਾ ਕਾਲੇਲਕਰ, ਅਚਾਰੀਆ ਭਾਗਵਤ, ਸਾਨੇ ਗੁਰੂਜੀ, ਅੱਣਾ ਸਾਹਿਬ ਸਹੱਸਰਬੁੱਧੇ, ਸ਼ੰਕਰ-ਰਾਵ ਦੇਵ, ਦੂੰਦਰ ਦਿਵਾਣ, ਪ੍ਰੇਮ ਕੰਟਕ ਆਦਿ ਹਨ । ਇਨ੍ਹਾਂ ਦਾ ਬਹੁਤਾ ਮਹੱਤਵ-ਪੂਰਣ ਸਾਹਿਤ ਹਿੰਦੀ ਵਿਚ ਆ ਚੁਕਿਆ ਹੈ ।

ਸਾਹਿਤ ਦੇ ਕੋਮਲ ਅੰਗ (ਕਾਵਿ-ਨਾਟਕ, ਨਾਵਲ, ਕਹਾਣੀ ਆਦਿ) ਦਾ ਖ਼ਾਸ ਤੌਰ ਤੇ ਵਿਕਾਸ ਹੋਇਆ ਹੈ । ਇਨ੍ਹਾਂ ਦਾ ਵਿਸਥਾਰ ਨਾਲ ਵਿਸ਼ਲੇਸ਼ਣ ਨਵਾਜਬ ਨਹੀਂ ਹੋਵੇਗਾ । ਅਗਲੇ ਅਧਿਆਵਾਂ ਵਿਚ ਮਰਾਠੀ ਦੇ ਆਧੁਨਿਕ ਸਾਹਿਤ-ਵਹਾਉ ਅਤੇ ਪ੍ਰਮੁੱਖ ਲੇਖਕਾਂ ਅਤੇ ਉਨ੍ਹਾਂ ਦੀਆਂ ਰਚਨਾਵਾਂ ਦਾ ਯਥਾਸਥਾਨ ਵਰਣਨ ਕੀਤਾ ਜਾਵੇਗਾ ।

— — — —

## ਮਰਾਠੀ ਵਾਰਤਕ ਦਾ ਵਿਕਾਸ

ਉਂਜ ਤਾਂ ਕੁਛ ਪ੍ਰਾਚੀਨ ਕਾਗਜ਼ ਪੱਤਰਾਂ ਵਿਚ, ਏਕਨਾਥ ਦੇ ਭਾਰੂੜਾਂ ਵਿਚ ਅਤੇ ਕਈ ਇਤਹਾਸਕ 'ਬਖਰਾਂ' ਅਤੇ ਪੱਤਰਾਂ ਵਿਚ ਗੱਦ ਦਾ ਪੁਰਾਣਾ ਰੂਪ ਮਿਲਦਾ ਹੈ। ਪਰੰਤੂ ਉਸਨੂੰ ਆਧੁਨਿਕ ਅਰਥ ਵਿਚ ਸਾਹਿਤਕ ਗੱਦ ਨਹੀਂ ਕਿਹਾ ਜਾ ਸਕਦਾ । ਸੰਨ 1761 ਵਿਚ ਪਾਣੀਪਤ ਦੀ ਲੜਾਈ ਮਗਰੋਂ ਅਤੇ ਸਨ 1818 ਵਿਚ ਅੰਗ੍ਰੇਜ਼ਾਂ ਨਾਲ ਮਰਾਠਿਆਂ ਦੀ ਸੰਧੀ ਮਗਰੋਂ ਅਧੁਨਿਕ ਕਾਲ ਸੁਰੂ ਹੁੰਦਾ ਹੈ। ਜਿਸ ਵਿਚ ਮਿਸ਼ਨਰੀਆਂ ਦਾ ਕੰਮ ਬਹੁਤ ਮਹੱਤਵ ਪੂਰਨ ਹੈ। ਇਤਹਾਸ-ਅਰਾਰੀਆ ਰਾਜਵਾੜੇ ਸੰਵਤ 1685—1735 ਅਤੇ 1785 ਦੇ ਤਿੰਨ ਪਤਰਾਂ ਦੀ ਤੁਲਨਾ ਕਰਕੇ ਇਸ ਨਤੀਜੇ ਤੇ ਪਹੁੰਚੇ ਹਾਂ ਕਿ ਮਰਾਠੀ-ਗੱਦ ਵਿਚ 1885 ਵਿਚ 80 ਫੀ ਸਦੀ, 1735 ਵਿਚ 31 ਫੀ ਸਦੀ ਅਤੇ 1785 ਵਿਚ 6 ਫੀ ਸਦੀ ਉਰਦੂ ਸਬਦਾਂ ਦੀ ਵਰਤੋਂ ਮਿਲਦੀ ਹੈ। ਇਸਾਈ ਮਿਸ਼ਨਰੀਆਂ ਨੇ ਮਰਾਠੀ ਗੱਦ ਨੂੰ ਉਰਦੂਦਾਨੀ ਤੋਂ ਬਚਾਇਆ ਅਤੇ 'ਖਰਿਸਤ ਪੁਰਾਣ' ਆਦਿ ਗ੍ਰੰਥਾਂ ਵਿਚ ਮਰਾਠੀ ਨੂੰ ਸੰਸਕ੍ਰਿਤ ਮਈ ਬਣਾਇਆ। 'ਬਖਰ' ਕਹਿੰਦੇ ਹਨ ਇਤਹਾਸਕ ਹਿਸਾਬ ਕਿਤਾਬ ਨੂੰ। ਇਨ੍ਹਾਂ ਬਖਰਾਂ ਦੇ ਰੂਪ ਵਿਚ ਕੁਛ ਅੱਛੇ ਨਮੂਨੇ ਮਧਯੁੱਗ ਦੇ ਮਰਾਠੀ ਸਾਹਿਤ, ਵਿਚ ਮਿਲ ਜਾਂਦੇ ਹਨ। ਸਭ ਤੋਂ ਪੁਰਾਣੀ ਬਖਰ ਸੰ: 1621 ਦੀ 'ਤਾਲੀਕੋਟ ਅੱਚਯਾ ਲਢਾਈਚੀ' ਬਖਰ ਹੈ। ਦੂਸਰੀ ਸਭਾਸਦ ਬਖਰ ਸਨ 1751 ਦੀ ਹੈ ਅਤੇ ਤੀਸਰੀ 'ਭਾਊਸਨਹੇਬਾਂਚੀ ਬਖਰ' ਹੈ ਸੰਨ 1818 ਦੀ। ਇਨ੍ਹਾਂ ਬਖਰਾਂ ਵਿਚ ਅਤੇ ਸਿਵਾ ਜ਼ੀ ਮਹਾਰਾਜ ਦੇ ਸਮੇਂ ਵਿਚ ਬਣੇ 'ਰਾਜ ਵਿਵਹਾਰਕੋਸ਼' ਸ਼ਬਦਕੋਸ਼ ਵਿਚ ਹਕੂਮਤ ਸਬੰਧੀ ਬਹੁਤ ਸਾਰੀ ਉਪਯੋਗੀ ਸ਼ਬਦਾਵਲੀ ਮਿਲਦੀ ਹੈ। ਉਸਦਾ ਉਪਯੋਗ ਮਗਰੋਂ ਸਯਾਜੀਰਾਵ ਗਾਇਕਵਾੜ ਨੇ ਬੜੌਦਾ ਵਿਚ ਪੰਜ ਭਾਸ਼ਾਵਾਂ ਦੇ (ਸੰਸਕ੍ਰਿਤ, ਹਿੰਦੀ, ਮਰਾਠੀ, ਗੁਜਰਾਤੀ, ਅੰਗਰੇਜ਼ੀ) ਕੋਸ਼ ਵਿਚ ਕੀਤਾ ਸੀ।

ਸੰਨ 1862 ਵਿਚ ਡਾਕਟਰ ਵਿਲੀਅਮ ਕਰੀ ਦੀਆਂ ਕੋਸ਼ਿਸ਼ਾਂ ਨਾਲ ਸ੍ਰੀ ਰਾਮਪੁਰ ਵਿਚ 'ਮਰਾਠੀ ਭਾਸ਼ਾ ਦਾ ਵਿਆਕਰਣ' ਅਤੇ 1867 ਵਿਚ 'ਮਰਾਠੀ ਅੰਗ੍ਰੇਜ਼ੀ ਕੋਸ਼' ਵੀ ਪ੍ਰਕਾਸ਼ਤ ਹੋਇਆ। ਬੰਬਈ ਦੇ ਗਵਰਨਰ ਐਲ-ਫਿਸਿੰਟਨ (1877—84) ਨੇ ਮਰਾਠੀ ਦੀ ਉੱਨਤੀ ਲਈ 'ਨੇਟਿਵ ਸਕੂਲ-ਬੁਕਸ ਐਂਡ ਸੋਸਾਇਟੀ' ਕਾਇਮ ਕੀਤੀ। ਇਸ ਰਾਹੀਂ ਸ਼ਿਖਸ਼ਾ

ਸਬੰਧੀ ਅਨੇਕ ਗ੍ਰੰਥ ਛਪਵਾਏ । ਦਾਦੋਬਾ ਪਾਂਡੂਰੰਗ (ਸੰ. 1861—1939) ਨੇ ਪ੍ਰਸਿੱਧ ਮਰਾਠੀ ਵਿਆਕਰਣ ਛਪਵਾਇਆ । ਇਹ ਵਿਆਕਰਣ ਕਾਮਤਾ ਪ੍ਰਸਾਦ ਗੁਰੂ ਦੇ 'ਹਿੰਦੀ ਵਿਆਕਰਣ' ਵਾਂਗ ਅਰੰਭਕ ਅਤੇ ਅਧਿਕਾਰ ਪੂਰਣ ਰਚਨਾ ਹੈ । ਮਰਾਠੀ ਗੱਦ ਦੇ ਅਰੰਭਕ ਨਿਰਮਾਤਾਵਾਂ ਵਿਚ ਸਰਬ ਸ੍ਰੀ ਬਾਲ ਸ਼ਾਸਤਰੀ ਜਾਂਭੇਕਰ, ਹਰੀਕੇਸ਼ਵ ਅਤੇ ਪਰਸੂ-ਰਾਮ ਪੰਤ ਗੋਡਬੋਲੇ ਪ੍ਰਮੁੱਖ ਹਨ । ਇਨ੍ਹਾਂ ਦੀਆਂ ਹੀ ਕੋਸ਼ਿਸਾਂ ਨਾਲ ਅਖ਼ਬਾਰਾਂ ਦੀ ਨੀਂਹ ਧਰੀ ਗਈ ਅਤੇ ਨਿਬੰਧ, ਸਮਾਲੋਚਨਾ, ਕਹਾਣੀ, ਨਾਵਲ ਆਦਿ ਸਾਹਿਤ-ਕਿਸਮਾਂ ਛੱਪੀਆਂ ।

ਮਰਾਠੀ ਦੇ ਨਿਬੰਧ-ਸਾਹਿਤ ਦੇ ਵਿਕਾਸ ਤੇ ਅੰਗਰੇਜ਼ੀ ਨਿਬੰਧ ਦੇ ਵਿਕਾਸ ਦਾ ਬਹੁਤ ਅਸਰ ਪਿਆ ਹੈ । ਅਰੰਭਕ ਕੋਸਿਸ਼ਾਂ ਕ੍ਰਿਸ਼ਨ ਸ਼ਾਸਤਰੀ ਚਿਪਲੂਣਕਰ ਅਤੇ ਲੋਕਹਿਤਵਾਦੀ (ਗ਼. ਬ. ਗੋਪਾਲ ਹਰੀ ਦੇਸ਼ਮੁਖ) ਨੇ ਕੀਤੇ । 'ਵਿਵਿਧ ਗਿਆਨ ਵਿਸਤਾਰ' ਅਤੇ 'ਵਿਚਾਰ ਲਹਿਰੀ' ਨੇ ਨਿਬੰਧ ਦੇ ਵਿਕਾਸ ਵਿਚ ਬੜਾ ਹਿੱਸਾ ਪਾਇਆ । ਬਾਵਾ ਪਦਮਨਜੀ, ਵਿਸ਼ਣੂਵਾ ਬ੍ਰਹਮਚਾਰੀ, ਜਯੋਤੀਕਰ ਫੁਲੇ ਆਦਿ ਨੇ ਇਸ ਪਾਸੇ ਹੋਰ ਅੱਗੇ ਕਦਮ ਵਧਾਏ । ਤਿਲਕ ਅਤੇ ਆਗਰਕਰ ਨੇ ਨਿਬੰਧ ਦੀ ਚਾਲ ਨੂੰ ਹੋਰ ਸਮਾਜ ਦੀ ਉੱਨਤੀ ਦਾ ਬਣਾਇਆ ਅਤੇ ਉਨ੍ਹਾਂ ਤੋਂ ਪਿੱਛੋਂ ਦੇ ਪ੍ਰਮੁੱਖ ਗਦਕਾਰ ਹਨ ਨ. ਚਿ. ਕੇਲਕਰ, ਸ਼ਿ. ਮ. ਪਰਾਂਜਪੇ ਨਾ. ਸੀ. ਫੜਕੇ ਆਦਿ । ਅਵਧ-ਨਾਰਾਇਣ ਦਵੇਦੀ ਨੇ ਮਰਾਠੀ ਦੀਆਂ ਵੱਖ ਵੱਖ ਨਿਬੰਧ (ਸਰਣੀਆਂ) ਮਾਰਗਾਂ ਦਾ ਅਧਿਐਨ ਪੇਸ਼ ਕਰਦਿਆਂ ਇਕ ਲੇਖ ਵਿਚ ਲਿਖਿਆ ਹੈ :—

(1) **ਵਿਨੋਦੀ ਨਿਬੰਧ**—ਮਰਾਠੀ ਦੇ ਹਾਸਰਸ ਪ੍ਰਧਾਨ ਨਿਬੰਧਾਂ ਨੂੰ ਵਿਨੋਦੀ ਨਿਬੰਧ ਕਹਿੰਦੇ ਹਨ । ਇਸ ਤਰ੍ਹਾਂ ਦੇ ਨਿਬੰਧ ਦੇ ਜਨਕ (ਪਿਤਾ) 'ਸ੍ਰੀ ਪਾਦ ਕ੍ਰਿਸ਼ਨ ਕੋਲਹਟਕਰ' ਮੰਨੇ ਜਾਂਦੇ ਹਨ । ਅੱਗੇ ਚੱਲਕੇ ਪ੍ਰਸਿੱਧ ਨਾਟਕਕਾਰ ਸ੍ਰੀ 'ਗਡਕਰੀ' ਜੀ ਨੇ ਇਨ੍ਹਾ ਦੀ ਬੜੀ ਸਫਲ ਪੈਰਵੀ ਕੀਤੀ । ਮਰਾਠੀ ਦੇ ਹੋਰਨਾਂ ਵਿਨੋਦੀ ਲੇਖਕਾ ਵਿਚ ਸੂਰਬ ਸ੍ਰੀ ਪ੍ਰ. ਕੇ. ਅਤਰੇ, ਕੈਪਟਨ ਲਿਮਯੇ, ਸੰਕੁਤਲਾਬਾਈ ਪ੍ਰਾਂਜਪੇ, ਕਮਤ-ਨੂਰਕਰ, ਚਿੰ. ਵਿ. ਜੋਸੀ, ਸ਼ਾਮਰਾਵ ਓਕ, ਵਿ. ਮਾ. ਦੀ. ਪਟਵਰਧਨ, ਪੁ. ਲ. ਦੇਸ਼ਪਾਂਡੇ ਖਾਸ ਯਸਵਾਨ ਹਨ ।

(2) **ਲਲਿਤ-ਨਿਬੰਧ**—ਇਸਨੂੰ ਮਰਾਠੀ ਵਿਚ 'ਗੁਜਗੋਸ਼ਠ' ਅਤੇ 'ਲਘੂਨਿਬੰਧ' ਵੀ ਕਹਿੰਦੇ ਹਨ । ਨਿਬੰਧ ਲਿਖਣ ਦੀ ਇਹ ਨਵੀਂ ਕਿਸਮ ਮਰਾਠੀ ਵਿਚ ਪਿੱਛਲੇ 25-30 ਸਾਲਾਂ ਤੋਂ ਹੀ ਪ੍ਰਚੱਲਤ ਹੋਈ ਹੈ । ਇਸਨੂੰ ਚਲਾਉਣ ਵਾਲੇ ਪ੍ਰੋਫੈਸਰ ਨ. ਸੀ. ਫੜਕੇ ਮੰਨੇ ਜਾਂਦੇ ਹਨ । ਲਲਿਤ ਨਿਬੰਧ ਅੰਗਰੇਜ਼ੀ ਦੇ "ਪਰਸਨਲ ਐਸੇ" ਜਾਂ 'ਲਿਟਰੇਰੀ ਐਸੇ ਦੇ ਢੰਗ ਤੇ ਲਿਖੇ ਜਾਂਦੇ ਹਨ । ਇਸ ਖੇਤਰ ਵਿਚ ਸ੍ਰੀ ਫੜਕੇ ਤੋਂ ਇਲਾਵਾ ਸ੍ਰੀ ਵਿ. ਸ. ਖਾਂਡੇਕਰ ਅਤੇ ਸ੍ਰੀ ਅਨੰਤ ਕਾਣੇਕਰ ਪ੍ਰਤੀਨਿੱਧੀ ਮੰਨੇ ਜਾਂਦੇ ਹਨ । ਭਾਵੇਂ ਲਲਿਤ ਨਿਬੰਧ ਵਿਚ ਪੰਡਤਾਈ ਦੀ ਨੁਮਾਇਸ਼ ਲਈ ਮੌਕਾ ਨਹੀਂ ਹੁੰਦਾ ਤਾਂ ਵੀ ਉਸ ਨਾਲ ਲੇਖਕ ਦੇ ਲੰਬੇ ਸਮੇਂ ਦੇ ਤਜਰਬੇ, ਸੂਖਮ ਘੋਖ ਅਤੇ ਬੁੱਧੀ ਵਿਲੱਖਣਤਾ ਆਦਿ ਗੁਣਾਂ ਦੀ ਜਾਣਕਾਰੀ ਮਿਲ ਜਾਂਦੀ ਹੈ । ਅਜਿਹੇ ਹੋਰ ਨਿਬੰਧਕਾਰਾਂ ਵਿਚ ਸਰਬ ਸ੍ਰੀ ਵਿ. ਲ. ਬਰਵੇ, ਮਾ. ਕਾ. ਦੇਸ਼-ਪਾਂਡੇ, ਵਿ. ਪਾਂ. ਦਾਂਡੇਕਰ, ਸ੍ਰੀ ਸ. ਭਾਵੇ, ਵਾ. ਭਾ. ਪਾਠਕ, ਗੋ. ਭਾ. ਨਿਰੰਤਰ, ਨਾ. ਮਾ.

ਸੰਤ,' ਵਿ. ਲ. ਏਵਧਰ, ਰ. ਗੋ. ਸਰਦੇਸਾਈ, ਗੋ. ਰ, ਦੇਸ਼ਕੇ, ਆਦਿ ਖ਼ਾਸ ਤੌਰ ਤੇ ਵਰਣਨ ਯੋਗ ਹਨ ।

**(3) ਵਿਅਕਤੀ ਚਿੱਤਰਾਤਮਕ ਨਿਬੰਧ**—ਅੰਗ੍ਰੇਜ਼ੀ ਵਿਚ 'ਕਰੈਕਟਰ ਐਸੇ' ਨਿਬੰਧ ਸਾਹਿਤ ਦੀ ਇਕ ਹੋਰ ਨਵੀਨ ਸ਼ੈਲੀ ਹੈ । ਇਸਨੂੰ ਮਰਾਠੀ ਵਿਚ "ਵਿਅਕਤੀ ਚਿਤਰੇ" ਨਾਂ ਦਿੱਤਾ ਗਿਆ ਹੈ । ਅੰਗ੍ਰੇਜ਼ੀ ਦੇ ਪ੍ਰਸਿੱਧ ਲੇਖਕ ਏ. ਜੀ. ਗਾਰਡਰ ਨੇ ਇਸ ਤਰ੍ਹਾਂ ਦੇ ਬਹੁਤ ਸਾਰੇ ਨਿਬੰਧ ਲਿਖੇ ਹਨ । ਉਨ੍ਹਾਂ ਨੇ ਆਪਣੀਆਂ ਪੁਸਤਕਾਂ ਵਿਚ—'ਦਿ ਪਿਲਰਜ਼ ਆਫ਼ ਦਿ ਸੋਸਾਇਟੀ' 'ਫ੍ਰੈ-ਫੇਟਸ, ਪ੍ਰਿਸਟਸ ਐਂਡ ਕਿੰਗਜ਼'—ਸਮਕਾਲੀ ਕਿੰਨੇ ਹੀ ਆਦਮੀਆਂ ਦੇ ਸੁਭਾ ਚਿੱਤਰ ਕਲਾਮਈ ਢੰਗ ਨਾਲ ਖਿੱਚੇ ਹਨ । ਅਜਿਹੇਂ ਨਿਬੰਧਾਂ ਦਾ ਇਕ ਖ਼ਾਸ ਵਿਧਾਨ ਹੁੰਦਾ ਹੈ । ਜਾਣ ਪਛਾਣ ਕਰਾਉਣ ਵਾਲੇ ਲਖੇ ਜਾਂ ਚਰਿੱਤਰ ਚਿਤਰਣ ਨਾਲੋਂ ਇਹ ਨਿਬੰਧ ਵੱਖ ਹੁੰਦੇ ਹਨ । ਜਿਸ ਵਿਅਕਤੀ ਦਾ ਸੁਭਾ ਚਿਤਰਨਾ ਹੁੰਦਾ ਹੈ ਉਸ ਆਦਮੀ ਦੇ ਜੀਵਨ ਦਾ ਉਦੇਸ ਉਸ ਦੇ ਜੀਵਨ ਦੀ ਕੰਮ-ਪ੍ਰੇਰਕ-ਸ਼ਕਤੀ ਉਸਨੂੰ ਕਿਸ ਪਾਸੇ ਲੈ ਜਾ ਰਹੀ ਹੈ, ਉਸ ਆਦਮੀ ਦੀ ਬੌਧਿਕ ਜਾਂ ਮਾਨਸਕ ਖ਼ਾਸੀਅਤ ਕਿਸ ਤਰ੍ਹਾਂ ਦੀ ਹੈ, ਇਨ੍ਹਾਂ ਸਭ ਗਲਾ ਨੂੰ ਲੇਖਕ ਆਪਣੇ ਸਬਦ-ਚਿੱਤਰਾ ਰਾਂਹੀ ਚਿੱਤਰਦਾ ਹੈ।

## ਕੁਛ ਪ੍ਰਮੁੱਖ ਗੱਦਕਾਰ

**ਲੋਕਮਾਨਯ ਬਾਲ ਗੰਗਾਧਰ ਤਿਲਕ** (1856—7920) .—

ਸਿਆਸਤ ਵਿਚ ਲੋਕਮਾਨਯ ਜਿੰਨੇ ਲੋਕਮਾਨਯ ਹਨ, ਸਾਹਿਤ ਵਿਚ ਉਨ੍ਹਾਂ ਦਾ ਕੰਮ ਉਨਾਂ ਹੀ ਮਹੱਤਵਪੂਰਨ ਹੈ । ਰਤਨਾਗਿਰੀ ਵਿਚ ਆਪ ਦਾ ਜਨਮ ਹੋਇਆ । ਡੇਕੱਨ ਕਾਲਿਜ ਤੋ 1877 ਵਿਚ ਆਪਨੇ ਬੀ. ਏ. ਕੀਤਾ ਅਤੇ 1879 ਵਿਚ ਵਕਾਲਤ ਦੀ ਡਿੱਗਰੀ ਹਾਸਲ ਕੀਤੀ । ਇਸੇ ਦੌਰਾਨ ਆਪ ਹਿੰਦੂ ਧਰਮ-ਸਾਸਤਰ ਅਤੇ ਦਰਸਨ ਦਾ ਗੰਭੀਰ ਅਧਿਐਨ ਕਰਦੇ ਰਹੇ । ਵਕਾਲਤ ਦੀ ਪਰੀਖਿਆ ਤੋਂ ਮਗਰੋਂ ਆਪ ਵਕਾਲਤ ਅਰੰਭ ਨਾ ਕਰਕੇ ਨਿਬੰਧ-ਮਾਲਾਕਾਰ ਵਿਸਨੂੰ-ਸਾਸਤਰੀ ਚਿਪਲੂਣਕਰ ਦੇ ਸਕੂਲ ਵਿਚ ਸਿਖਿਅਕ ਦੇ ਤੌਰ ਤੇ ਕੰਮ ਕਰਦੇ ਰਹੇ । 1880 ਵਿਚ ਇਹ ਸਕੂਲ ਬਣਿਆ, ਉਸ ਵਿਚ ਆਪ ਪੜ੍ਹਾਉਂਦੇ ਰਹੇ । ਅਗਲੇ ਸਾਲ 'ਕੇਸਰੀ' ਅਤੇ 'ਮਰਾਠਾ' ਅਖ਼ਬਾਰ ਪੂੰਨੇਂ ਤੋਂ ਪ੍ਰਕਾਸ਼ਤ ਹੋਏ । ਆਗਰਕਰ 'ਕੇਸਰੀ' ਦੇ ਅਤੇ ਤਿਲਕ 'ਮਰਾਠਾ' ਦੇ ਸੰਪਾਦਕ ਬਣਾਏ ਗਏ । 1882 ਵਿਚ ਚਾਰ ਮਹੀਨੇ ਦੀ ਸਜ਼ਾ ਆਪ ਨੂੰ ਹੋਈ ਇਕ ਸੰਪਾਦਕੀ ਲਿਖਣ ਬਦਲੇ । ਮਗਰੋਂ 1884 ਵਿਚ 'ਡੇਕਨ ਐਜੂਕੇਸਨ ਸੁਸਾਇਟੀ' ਦੀ ਸਥਾਪਨਾ ਪਿੱਛੋਂ ਤਿਲਕ ਫਰਗੂ-ਸਨ ਕਾਲਜ ਵਿਚ ਹਿਸਾਬ ਅਤੇ ਸੰਸਕ੍ਰਿਤ ਪੰਜ ਸਾਲ ਤਕ ਪੜ੍ਹਾਉਂਦੇ ਰਹੇ । 'ਮੇਘਦੂਤ' ਅਤੇ 'ਨੀਤੀ ਸਤਕ' ਉਹ ਬਹੁਤ ਅਛਾ ਪੜ੍ਹਾਉਂਦੇ ਸਨ । ਤਿਲਕ ਨੇ ਮਗਰੋਂ ਕਾਲਜ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਕੇਸਰੀ ਤੇ ਮਰਾਠਾ ਅਖ਼ਬਾਰ ਆਪਣੇ ਹੱਥ ਵਿਚ ਲੈ ਲਏ ਅਤੇ ਉਨ੍ਹਾਂ ਰਾਹੀਂ ਆਪਣੀ ਸਿਆਸੀ ਵਿਚਾਰਧਾਰਾ ਦਾ ਸਬਲ (ਤਾਕਤਵਾਰ) ਲੇਖਨੀ ਰਾਹੀਂ

ਪ੍ਰਚਾਰ ਕੀਤਾ । 1885 ਵਿਚ ਤਿਲਕ ਕੌਂਸਲ ਲਈ ਚੁਣੇ ਗਏ । 1897 ਵਿਚ ਤਿਲਕ ਤੇ ਸਰਕਾਰ ਨੇ ਮੁਕੱਦਮਾ ਚਲਾਇਆ ਅਤੇ ਉਨ੍ਹਾਂ ਨੂੰ ਇਕ ਸਾਲ ਦੀ ਸਜ਼ਾ ਹੋਈ । 1905 ਵਿਚ ਬੰਗ ਭੰਗ (ਬੰਗਾਲ ਵੰਡ) ਦੇ ਅੰਦੋਲਨ ਮਗਰੋਂ ਤਿਲਕ ਦੇ ਭੜਕਾਊ, ਇਨਕਲਾਬੀ, ਬਾਗੀ ਵਿਚਾਰ-ਪ੍ਰਚਾਰ ਕਾਰਨ ਉਨ੍ਹਾਂ ਤੇ 1908 ਵਿਚ ਰਾਜਧਰੋਹ ਦਾ ਇਲਜ਼ਾਮ ਲਗਾਇਆ ਗਿਆ ਅਤੇ ਉਨ੍ਹਾਂ ਨੂੰ ਛੇ ਸਾਲ ਮਾਂਡਲੇ ਜੇਲ੍ਹ ਵਿਚ ਗੁਜ਼ਾਰਨੇ ਪਏ । 1914 ਵਿਚ ਉਹ ਰਿਹਾ ਹੋਏ ਅਤੇ 1916 ਵਿਚ ਉਹ ਕਾਂਗਰਸ ਵਿਚ ਸ਼ਾਮਲ ਹੋਏ । 61 ਸਾਲ ਦੀ ਉੱਮਰ ਵਿਚ ਉਨ੍ਹਾਂ ਨੂੰ ਇਕ ਲੱਖ ਰੁਪਿਆਂ ਦੀ ਥੈਲੀ ਦਿੱਤੀ ਗਈ । ਜੋ ਉਨ੍ਹਾਂ ਨੇ ਕੌਮੀ ਕੰਮ ਵਿਚ ਲਗਾ ਦਿੰਤੀ । ਮੌਤ ਤੋਂ ਪਹਿਲਾਂ ਤਿਲਕ ਨੇ 'ਕਾਂਗਰਸ ਡੈਮੋਕਰੇਟਿਕ ਦਲ' ਦੀ ਸਥਾਪਨਾ ਵੀ ਕੀਤੀ ਸੀ । ਇਸ ਤਰ੍ਹਾਂ ਤੇ ਰੁਝੇਵੇਂ ਭਰੇ ਜੀਵਨ ਵਿਚ ਵੀ ਤਿਲਕ ਨੇ ਨਾ ਸਿਰਫ਼ ਅਖ਼ਬਾਰਾਂ ਰਾਹੀਂ ਸਗੋਂ ਆਪਣੇ ਗ੍ਰੰਥਾਂ ਰਾਹੀਂ ਵੀ ਸਾਹਿਤ ਦੀ ਅਮੁੱਲ ਸੇਵਾ ਕੀਤੀ ਹੈ । ਉਨ੍ਹਾਂ ਦਾ ਸਭ ਤੋਂ ਪ੍ਰਸਿੱਧ ਗ੍ਰੰਥ ਹੈ 'ਗੀਤਾ ਰਹੱਸਯ' । ਇਸਦਾ ਅਨੁਵਾਦ ਪੰਡਤ ਮਾਧਵ ਰਾਵ ਸਪਰੇ ਨੇ ਹਿੰਦੀ ਵਿਚ ਪ੍ਰਕਾਸ਼ਤ ਕੀਤਾ । 1910—11 ਵਿਚ ਤਿਲਕ ਨੇ ਇਸ ਗ੍ਰੰਥ ਦੀ ਯੋਜਨਾ ਬਣਾਈ ਅਤੇ 1915 ਵਿਚ ਉਸਨੂੰ ਪ੍ਰਕਾਸ਼ਤ ਕੀਤਾ । ਇਸ ਗ੍ਰੰਥ ਵਿਚ ਤਿਲਕ ਨੇ "ਭਗਵਤਗੀਤਾ" ਵਿਚ ਵਰਣਨ ਕੀਤੇ ਕਰਮਯੋਗ ਸਿਧਾਂਤ ਦੀ ਨਵੇਂ ਸਿਰਿਓਂ ਖੋਜ ਕੀਤੀ । ਇਸਦੇ ਵਾਸਤੇ ਪਹਿਲਾਂ ਦੇ ਦਰਸ਼ਨ-ਢੰਗਾਂ ਦਾ ਤੁਲਨਾਤਮ ਅਧਿਐਨ ਵੀ ਪੇਸ਼ ਕੀਤਾ । ਇਸ ਗ੍ਰੰਥ ਤੋਂ ਇਲਾਵਾ "ਓਰਾਇਨ" ਅਤੇ "ਆਰਕਟਿਕ ਹੋਮ ਇਨ ਦੀ ਵੇਦਾਜ਼" ਇਹ ਦੋ ਅੰਗਰੇਜ਼ੀ ਗ੍ਰੰਥ ਵੀ ਬਹੁਤ ਮਹੱਤਵਪੂਰਣ ਹਨ । ਤਿਲਕ ਦੇ ਕੇਸਰੀ ਵਿਚ ਲਿਖੇ ਸਭ ਲੇਖ ਚਾਰ ਭਾਗਾਂ ਵਿਚ 1922 ਤੋਂ 1930 ਵਿਚ ਛਪੇ । ਤਿਲਕ ਦੀ ਭਾਸ਼ਾ ਸ਼ੈਲੀ ਬਹੁਤ ਵਿਦਵਤਾ ਪੂਰਨ ਬਾ-ਦਲੀਲ ਕਠੋਰ, ਤਿਖੇ ਵਿਅੰਗਾਂ ਦੇ ਕਸ਼ਾਘਾਤਾਂ (ਮਾਰੂ ਹਮਲਿਆਂ) ਭਰਪੂਰ ਅਤੇ ਵਿਚਾਰਾਂ ਨੂੰ ਟੁੰਬਣ ਵਾਲੀ ਸੀ । ਤਿਲਕ ਦੇ ਹੋਰ ਮਰਾਠੀ ਗ੍ਰੰਥ ਇਹ ਹਨ :—

(1) ਵੇਦਕਾਲ ਨਿਰਣਯ (1908)

(2) ਆਰੀਆ ਲੋਕਾਂ ਚੇ ਮੂਲ ਸਥਾਨ (ਆਰੀਆ ਲੋਕਾਂ ਦਾ ਮੂਲ ਸਥਾਨ) 1910

(3) ਮਦਰਾਸ, ਸੀਲੋਨ, ਬ੍ਰਹਮਦੇਸ਼, ਯੋਥੀਲ ਪ੍ਰਵਾਸ (ਇਨ੍ਹਾਂ ਤਿੰਨਾਂ ਸਥਾਨਾਂ ਦਾ ਪ੍ਰਵਾਸ) 1900

(4) ਤਿਲਕ-ਸੂਕਤੀ-ਸੰਗ੍ਰਹਿ (1926)

(5) ਹਿੰਦੂ ਧਰਮਾਚੇ ਸ੍ਵੈ ਰੂਪ ਲਕਸ਼ਣ (ਹਿੰਦੂ ਧਰਮ ਦਾ ਸਰੂਪ ਲੱਛਣ) 1928.

**ਲੋਕਹਿਤਵਾਦੀ** (1823—1892)—ਸਰਕਾਰੀ ਨੌਕਰ ਹੋਣ ਕਰਕੇ ਗੋਪਾਲ ਹਰੀ ਦੇਸ਼ਮੁਖ ਨਾਂ ਦੇ ਪ੍ਰਸਿੱਧ ਸਮਾਜ-ਸੁਧਾਰਕ ਲੇਖਕ ਨੇ ਲੋਕਹਿਤਵਾਦੀ ਉਪਨਾਮ ਨਾਲ ਗ੍ਰੰਥ-ਰਚਨਾ ਕੀਤੀ । ਆਪਦਾ ਜਨਮ ਪੂੰਨੇ ਵਿਚ ਸਰਦਾਰ ਘਰਾਣੇ ਵਿਚ ਹੋਇਆ । "ਸਿਧਯੇ" ਆਪਦਾ ਮੂਲ ਘਰੇਲੂ-ਨਾਮ ਸੀ । 21 ਸਾਲ ਦੀ ਉੱਮਰ ਵਿਚ ਆਪਨੇ ਇਤਿ-

ਹਾਸ ਅਤੇ ਅੰਗਰੇਜ਼ੀ ਵਿਸ਼ੇ ਲੈਕੇ ਆਖਰੀ ਅੰਗਰੇਜ਼ੀ ਪ੍ਰੀਖਿਆ ਪਾਸ ਕੀਤੀ। 1852 ਵਿਚ ਉਹ ਵਾਈ ਵਿਚ ਮੁਨਸਫ਼ ਹੋਏ। ਮਗਰੋਂ ਬੰਬਈ ਹਾਈਕੋਰਟ ਵੱਲੋਂ 'ਹਿੰਦੂ ਧਰਮ ਸ਼ਾਸਤਰ ਦਾ ਸਾਰ' (ਡਾਇਜੈਸਟ) ਜੋ ਬਣ ਰਿਹਾ ਸੀ ਉਸ ਕੰਮ ਤੇ ਆਪ ਲਗਾਏ ਗਏ। 1862 ਵਿਚ ਆਪ ਅਹਿਮਦਾਬਾਦ ਵਿਚ ਅੰਸਿਸਟੈਂਟ ਜੱਜ ਬਣਾਏ ਗਏ। ਮਗਰੋਂ ਨਾਸਕ ਅਤੇ ਅਹਿਮਦਾਬਾਦ ਵਿਚ ਆਪ ਸਮਾਲ ਕਾਜ ਕੋਰਟ ਦੇ ਜੱਜ ਰਹੇ। 1876 ਵਿਚ ਆਪ ਨੂੰ ਰਾਏ ਬਹਾਦੁਰ ਬਣਾਇਆ ਗਿਆ ਅਤੇ 1878 ਵਿਚ ਉਹ ਰਿਟਾਇਰ ਹੋਏ। ਪੈਨਸ਼ਨ ਲੈਣ ਮਗਰੋਂ ਉਨਾਂ ਨੇ ਆਪਣਾ ਲਿਖਣਾ ਹੋਰ ਵੀ ਜ਼ੋਰ ਸ਼ੋਰ ਨਾਲ ਸ਼ੁਰੂ ਕੀਤਾ। ਆਰੀਆ ਸਮਾਜ ਨਾਲ ਆਪਦਾ ਬੜਾ ਨੇੜੇ ਦਾ ਸਬੰਧ ਸੀ। ਦਯਾਨੰਦ ਦੇ ਮਗਰੋਂ ਦੇ ਟ੍ਰਸਟੀਆਂ ਵਿਚੋਂ ਉਹ ਇਕ ਸਨ। 'ਲੋਕਹਿਤ-ਵਾਦੀ' ਮਾਸਕ ਪੱਤਰਕਾ ਵੀ ਆਪਨੇ ਚਲਾਈ।

ਆਪਦੀਆਂ ਪ੍ਰਮੁੱਖ ਰਚਨਾਵਾਂ ਹਨ—(1) ਜਾਤੀ ਭੇਦ 1877 (2) 'ਗੀਤਾਤੱਤਵ' 1818, (3) ਇਤਿਹਾਸਕ ਗੋਸ਼ਟੀ-ਵ-ਉਪਯੁਕਤ ਮਾਹਿਤੀ ਭਾਗ 1-3 (ਇਤਿਹਾਸਕ ਕਹਾਣੀਆਂ ਅਤੇ ਉਪਯੋਗੀ ਜਾਣਕਾਰੀ ਭਾਗ 1 ਤੋਂ ਤਿੰਨ) (4) ਆਗਮ ਪ੍ਰਕਾਸ਼ 1884, (5) 'ਆਸ਼ਵਲਾਯਨ ਗ੍ਰਿਹਸੂਤਰ' 1880 (6) 'ਗ੍ਰਾਮ-ਰਚਨਾ, ਤਯਾਂਤੀਸੀ ਵਿਆਵਸਾ ਯ ਵ ਤਯਾਂਚੀ ਹੱਲੀਂਚੀ ਸਥਿਤੀ' (ਗ੍ਰਾਮ ਰਚਨਾ, ਉਸ ਦੇ ਕਿੱਤੇ ਅਤੇ ਅੱਜ ਦੀ ਹਾਲਤ')1883, (7) 'ਰਾਜਿਸਥਾਨ ਦਾ ਇਤਿਹਾਸ' (10) 'ਸੁਰਾਸ਼ਟਰ ਦੇਸ਼ ਦਾ (ਦਾ) ਸੰਖੇਪ ਇਤਿਹਾਸ' ਗੁਜਰਾਤ ਦੇਸ਼ ਦਾ (ਦਾ) ਇਤਿਹਾਸ, 'ਲੰਕੇਚਾ (ਲੰਕਾ ਦਾ) ਇਤਿਹਾਸ' (11) ਹਿੰਦੁਸਤਾਨ ਚਾ (ਦਾ) ਇਤਿਹਾਸ ਪੂਰਵਾਰਧ, (12) 'ਸਵਾ ਧਿਆਏ' (13) ਸੁਭਾਸ਼ਿਤ ਅਥਵਾ ਸੁਬੋਧ ਵਚਨੇ, (14) ਪ੍ਰਿਥਵੀ ਰਾਜ ਚੋਹਾਨ ਇਤਿਹਾਸ, (15) ਸ਼ਤ ਪਖਤਰੇਂ (16) ਨਿਬੰਧ ਸੰਗ੍ਰਹਿ, (17) ਹਿੰਦੁਸਥਾਨਾਸ ਦਾ ਰਿਦ੍ਰਯ ਯੇਣ ਯਾਂਚੀ ਕਾਰਣੇ ਆਦਿ ਤਯਾਂਚਾ ਪਰਿਹਾਰਵ ਵਯਾਪਾਰ ਵਿਸ਼ਯਕ ਵਿਚਾਰ (ਹਿੰਦੁਸਤਾਨ ਦੀ ਗ਼ਰੀਬੀ ਦੇ ਕਾਰਨ ਅਤੇ ਉਸ ਦੇ ਦੂਰ ਕਰਨ ਦੇ ਵਪਾਰ ਸਬੰਧੀ ਵਿਚਾਰ) (18) ਭਿਕਸ਼ੁਕ (19) 'ਕਲਿਯੁੱਗ' (20) ਨਿਵਡਕ ਪਤਰੇਂ, ਨਵਯੁਗ, ਅਗਸਤ 1922, (21) 'ਪਾਨੀਪਤ ਦੀ (ਦੀ) ਲੜਾਈ'।

ਲੋਕ ਹਿਤਵਾਦੀ ਨੇ ਮਹਾਂਰਾਸ਼ਟਰ ਵਿਚ ਬਹੁਜਨ ਸਮਾਜ ਦੀ ਦ੍ਰਿਸ਼ਟੀ ਨਾਲ ਪ੍ਰਾਚੀਨ ਨੂੰ ਛਾਣਿਆ ਅਤੇ ਉਸ ਦੀ ਸਮਝ ਆ ਸਕਣ ਵਾਲੀ ਮੀਮਾਨਸਾ ਪੇਸ਼ ਕੀਤੀ। ਉਨ੍ਹਾਂ ਦਾ ਵਿਅੰਗ-ਅਸਤਰ ਬੜਾ ਤਿੱਖਾ ਸੀ। ਉਨ੍ਹਾਂ ਨੇ ਲਿਖਿਆ ਹੈ—"ਧਰਮ ਦੇ ਨਾਂ ਤੇ ਸਭ ਹਾਲ ਦੁਹਾਈ ਪਾਉਂਦੇ ਹਨ, ਪਰੰਤੂ ਧਰਮ ਕੀ ਹੈ ? ਇਹ ਪੁੱਛਣ ਤੇ ਉਹ ਰੀਤਾਂ ਰਸਮਾਂ ਨੂੰ ਹੀ ਧਰਮ ਮੰਨਦੇ ਹਨ ਇਹ ਪਤਾ ਲਗੇਗਾ। "ਕਾਸ਼ੀ ਖੇਤਰ ਦੇ ਬਰਾਹਮਣਾਂ ਨੂੰ ਹਿੱਸਾ ਮਿਲਦੇ ਹੀ ਉਹ ਅੰਮ੍ਰਿਤਰਾਵ ਦੀ ਲੁੱਟ ਦੇ ਪੈਸੇ ਨੂੰ ਵੀ ਪਵਿੱਤਰ ਮੰਨਣ ਲਗੇ।" "ਇਕ ਵਾਰ ਸਮਾਜ ਵਿਚ ਜਦ ਪਾਗਲਪਨ ਵੱਧ ਜਾਂਦਾ ਹੈ ਤਦ ਉਹ ਵਿਚਾਰਵਾਨਾ ਦੀ ਵੀ ਕੁਝ ਨਹੀਂ ਚੱਲਣ ਦਿੰਦੇ। ਉਲਟੇ ਉਸ ਪਾਗਲਪਨ ਵਿਚ ਵਿਚਾਰਵਾਨ ਲੋਕ ਵੀ ਸ਼ਾਮਲ ਹੋ ਜਾਂਦੇ ਹਨ

ਅਤੇ ਉਸਨੂੰ ਹਲਾ ਸ਼ੇਰੀ ਦਿੰਦੇ ਹਨ ।" ਵਿਦੇਸ਼ ਜਾਣ ਬਾਰੇ ਉਨ੍ਹਾਂ ਨੇ ਲਿਖਿਆ ਹੈ—'ਮਲੇਛਾਂ ਦੇ ਦੇਸ਼ ਵਿਚ ਜਾਣ ਤੇ ਪਾਬੰਦੀ ਸੀ, ਪਰ ਹੁਣ ਤਾਂ ਤੁਹਾਡਾ ਦੇਸ਼ ਹੀ ਮਲੇਛਾਂ ਦਾ ਹੋ ਗਿਆ। ਹੁਣ ਪਾਬੰਦੀ ਕਿਹੀ ?" 'ਲੋਕ ਹਿਤਵਾਦੀ' ਦੀਆਂ ਸਪੱਸ਼ਟ ਰਾਵਾਂ ਕਾਰਨ ਉਨ੍ਹਾਂ ਦੇ ਜਿਉਂਦੇ ਜੀ ਉਨ੍ਹਾਂ ਦੀ ਵੱਡੀ ਤਿੱਖੀ ਅਲੋਚਨਾ ਹੋਈ ।

**ਧਨੁਰਧਾਰੀ**—(1862-1907)—ਰਾਮਚੰਦਰ ਵਿਨਾਯਕ ਟਿਕੇਕਰ ਨਾਂ ਦੇ ਸੱਜਣ ਨੇ ਇਸ ਉਪਨਾਮ ਤੇ ਲੱਗ-ਪੱਗ 40 ਗ੍ਰੰਥ ਮਰਾਠੀ ਸਾਹਿਤ ਨੂੰ ਦਿੱਤੇ । ਇਤਿਹਾਸ ਅਰਥ-ਸ਼ਾਸਤਰ, ਵਪਾਰ, ਬਾਲਾਂ ਸਬੰਧੀ, ਧਰਮ ਨੀਤੀ, ਜੀਵਨੀ, ਨਾਵਲ, ਨਿਬੰਧ ਆਦਿ ਅਨੇਕ ਵਿਸ਼ਿਆਂ ਤੇ 'ਧਨੁਰਧਾਰੀ' ਨੇ ਲਿਖਿਆ ਹੈ । ਆਪਦੀ ਅਰੰਭਕ ਸਿਖਸ਼ਾ ਬਹੁਤ ਘਟ ਹੋਈ ਸੀ । ਪਰੰਤੂ ਧਾਰਵਾੜ ਵਿਚ ਆਪਨੇ ਭਾਸ਼ਾ ਅਤੇ ਇਤਿਹਾਸ ਦਾ ਬਹੁਤ ਡੂੰਘਾ ਅਧਿਐਨ ਕੀਤਾ ਸੀ । ਜ਼ਿੰਦਗੀ ਭਰ ਗ਼ਰੀਬੀ ਨਾਲ ਲੜਦੇ ਹੋਏ ਧਨੁਰਧਾਰੀ ਨੇ ਕਈ ਤਰ੍ਹਾਂ ਦੇ ਕੰਮ ਕੀਤੇ, ਪਰ ਲਿਖਣ ਪ੍ਰਤੀ ਆਪਦਾ ਪਿਆਰ ਅਖੰਡ ਰਿਹਾ । ਜ਼ਿੰਦਗੀ ਦੇ ਅਖੀਰੀ ਦਿਨਾਂ ਵਿਚ ਉਹ ਸਾਧੂ ਬਣ ਗਏ ਸਨ ਅਤੇ 'ਕਿਰਾਤ' ਨਾਂ ਦੇ ਉਪਨਾਮ ਨਾਲ ਜਿਸ ਤਰ੍ਹਾਂ ਉਨ੍ਹਾਂ ਲਿਖਿਆ, ਉਸੇ ਤਰ੍ਹਾਂ 'ਰਾਘਵਾਨੰਦ' ਨਾਮ ਨਾਲ ਵੀ ਉਨ੍ਹਾਂ ਲਿਖਿਆ । ਆਪਨੇ ਅਪਣੀ ਰੋਜ਼ਾਨਾ ਡਾਇਰੀ 'ਕਲਮ ਕੁਦਾਲੀ' ਨਾਂ ਨਾਲ ਲਿਖੀ ਸੀ । ਜਿਸ ਦਾ ਮਹੱਤਵ 'ਪੇਪੀਸ' ਦੀ ਡਾਇਰੀ ਵਾਂਗ ਬਹੁਤ ਸੀ । ਪਰ ਉਹ ਡਾਇਰੀ ਹੁਣ ਨਹੀਂ ਮਿਲਦੀ । ਆਪਨੇ ਕਈ ਜੀਵਨੀਆਂ ਲਿਖੀਆਂ । ਕਈ ਉੱਲਥੇ ਕੀਤੇ, ਜਿਨ੍ਹਾਂ ਵਿਚ ਗੋਲਡਸਮਿਥ ਦੇ 'ਵਿਕਾਰ ਆਫ਼ ਵੇਕਫ਼ੀਲਡ' ਦਾ ਉੱਲਥਾ 'ਵਾਂਈਕਰ ਭਟ੍ ਜ' ਬਹੁਤ ਪ੍ਰਸਿੱਧ ਹੈ । ਧਨੁਰਧਾਰੀ ਦੇ ਵਰਣਨਾਂ ਵਿਚ ਸੂਖਮ ਵਰਣਨ ਏਨੇ ਮਿਲਦੇ ਹਨ ਕਿ ਮਰਾਠੀ ਵਿਚ ਯਥਾਰਥਵਾਦ ਦੀ ਪਰੰਪਰਾ ਨੂੰ ਚਲਾਉਣ ਵਾਲੇ ਇਹ ਪਹਿਲੇ ਲੇਖਕ ਕਹੇ ਜਾ ਸਕਦੇ ਹਨ । 'ਵਯਾਪਾਰੀ ਭੁਗੋਲ' 'ਨੀਤੀ ਧਰਮ ਪਾਠ ਆਰੀਆ ਧਰਮ ਦਾ ਇਤਿਹਾਸ' ਜਿਹੇ ਵਿਸਿਆਂ ਤੇ ਜਿਥੇ ਉਨ੍ਹਾਂ ਨੇ ਗ੍ਰੰਥ ਲਿਖੇ ਉਥੇ 'ਬਹਾਦਰ ਰਾਧਾਬਾਈ,' 'ਤੰਟਯਾ ਭਿੱਲ' ਆਦਿ ਕਈ ਜੀਵਨੀਆਂ ਵੀ ਲਿਖੀਆਂ ।

**ਸ਼ਿਵਰਾਮ ਮਹਾਦੇਵ ਪ੍ਰਾਂ-ਜਪੇ** (1864—1929) :—ਆਪ ਵਿਆਜ ਉਕਤੀ (ਪ੍ਰਤਿਭਾਵਨ) ਕੁਸਲ ਲੇਖਕ ਅਤੇ ਵਕਤਾ ਸਨ । ਆਪ ਦੀ ਸਿਖਸ਼ਾ ਮਹਾਡ, ਰਤਨਾ ਗਿਰੀ ਅਤੇ ਪੂੰਨਾਂ ਵਿਚ ਹੋਈ । 1892 ਵਿਚ ਡੇਕਨ ਕਾਲਜ ਤੋਂ ਐਮ. ਏ. ਕੀਤੀ । ਆਪ ਨੂੰ ਵੇਦਾਂਤ ਇਨਾਮ ਮਿਲਿਆ । ਉਹ ਮਹਾਂਰਾਸ਼ਟਰ ਕਾਲਜ ਵਿਚ ਸੰਸਕ੍ਰਿਤ ਦੇ ਅਧਿਆਪਕ ਬਣੇ । ਇਹ ਕਾਲਜ 1897 ਵਿਚ ਬੰਦ ਹੋਇਆ । 1898 ਵਿਚ ਆਪਨੇ 'ਕਾਲ' ਨਾਂ ਦਾ ਪੱਤਰ ਜਾਰੀ ਕੀਤਾ ਇਹ ਬਹੁਤ ਓਜੱਸਵੀ ਪਰਚਾ ਸੀ । 1908 ਵਿਚ ਇਸ ਪਰਚੇ ਤੇ ਰਾਜਧਰੋਹ ਦਾ ਮੁਕੱਦਮਾ ਚਲਾਇਆ ਗਿਆ । ਉਹ ਆਪ ਇਸਦੇ ਵਕੀਲ ਬਣੇ । ਪਰ ਆਪ ਨੂੰ 19 ਮਹੀਨੇ ਦੀ ਸਖ਼ਤ ਸਜ਼ਾ ਹੋਈ । 1910 ਵਿਚ ਇਹ ਅਖ਼ਬਾਰ ਪ੍ਰੈਸ ਐਕਟ ਅਧੀਨ ਬੰਦ ਕਰ ਦਿੱਤਾ ਗਿਆ । ਮਗਰੋਂ ਆਪਨੇ "ਸਵੈਰਾਜ" ਨਾਂ ਦਾ ਪਰਚਾ ਕੱਢਿਆ । ਪਰ ਇਹ ਖ਼ਾਸ ਨਹੀਂ ਚਲਿਆ । 1937 ਵਿਚ ਕਾਂਗ੍ਰਸ ਸਰਕਾਰ

ਸਮੇਂ "ਕਾਲ" ਦੇ ਚੁਣੇ ਹੋਏ ਨਿਬੰਧਾਂ, ਤੋਂ ਪਾਬੰਦੀ ਚੁਕ ਲਈ ਗਈ। ਆਪਨੇ ਨਿਬੰਧਾਂ ਤੋਂ ਇਲਾਵਾ ਕੁਛ ਨਾਵਲ ਅਤੇ ਨਾਟਕ ਵੀ ਲਿਖੇ।

**ਗੋਪਾਲ ਗਣੇਸ਼ ਆਗਰਕਰ** (1956-1895)—ਨਿਬੰਧਕਾਰ ਅਤੇ ਸਮਾਜ ਸੁਧਾਰਕ ਦੇ ਨਾਤੇ ਆਗਰਕਰ ਦਾ ਨਾਮ ਤਿਲਕ ਦੇ ਨਾਂ ਨਾਲ ਲਿਆ ਜਾਂਦਾ ਹੈ। ਆਪ 'ਕੇਸਰੀ' ਦੇ ਆਦੀ ਸੰਸਥਾਪਕ (ਚਲਾਉਣ ਵਾਲੇ) ਅਤੇ ਫਰਗੂਸਨ ਕਾਲਜ ਦੇ ਪ੍ਰਿੰਸੀਪਲ ਸਨ। ਆਪ ਦਾ ਜਨਮ ਸਤਾਰਾ ਜ਼ਿਲੇ ਵਿਚ ਟੇਂਭੂ ਪਿੰਡ ਵਿਚ ਹੋਇਆ ਸੀ। ਕਹਾੜ ਵਿਚ ਆਪਦੇ ਨਾਨਾ ਰਹਿੰਦੇ ਸਨ। ਵਡੇਰਿਆਂ ਦਾ ਮੂਲ ਸਥਾਨ (ਜੱਦੀ ਥਾਂ) ਅਗਰੀ ਹੋਣ ਕਾਰਨ ਆਪਦਾ ਇਹ ਨਾਮ ਰਖਿਆ ਗਿਆ। ਆਪਦੇ ਪਿਤਾ ਨੂੰ ਕਾਫੀ ਦੁੱਖਾਂ ਵਿਚ ਜ਼ਿੰਦਗੀ ਗੁਜ਼ਾਰਨੀ ਪਈ। 6 ਸਾਲ ਦੀ ਉੱਮਰ ਵਿਚ ਹੀ ਮਾਤਾ ਪਿਤਾ ਨੂੰ ਛਡਕੇ ਆਪ ਨੂੰ ਸਿਖਸ਼ਾ ਲਈ ਨਾਨਾ ਦੇ ਕੋਲ ਜਾਣਾ ਪਿਆ। ਇਨ੍ਹਾਂ ਦਾ ਵਿਦਿਆਰਥੀ ਜੀਵਨ ਬੜੇ ਦੁੱਖਾਂ ਵਿਚ ਬੀਤਿਆ ਸੀ। 1875 ਵਿਚ ਇਤਿਹਾਸ, ਤਰਕ ਸ਼ਾਸਤਰ, ਅਤੇ ਦਰਸ਼ਨ ਲੈਕੇ ਆਪ ਨੇ ਬੀ. ਏ. ਕੀਤੀ। ਬੁੱਧੀਵਾਦ ਦੀ ਜੋ ਹਿਮਾਇਤ ਆਪਦੀਆਂ ਰਚਨਾਵਾਂ ਵਿਚ ਅਗੇ ਮਿਲਦੀ ਹੈ। ਮਗਰੋਂ ਆਪ 'ਕੇਸਰੀ' ਦੇ ਸੰਪਾਦਕ ਬਣੇ। ਭਾਵੇਂ ਸਜ਼ਾ ਦੋਹਾਂ ਨੂੰ ਇਕੋ ਸਮੇਂ ਹੋਈ ਫੇਰ ਵੀ ਆਗਰਕਰ ਅਤੇ ਤਿਲਕ ਵਿਚਕਾਰ ਮੱਤਭੇਦ ਵਧ ਗਏ। ਆਗਰਕਰ ਨੇ ਆਪਣਾ ਸੁਤੰਤਰ ਅਖ਼ਬਾਰ ਚਾਲੂ ਕੀਤਾ। ਆਪ ਅਛੂੱਤ ਉਧਾਰ, ਵਿਧਵਾ ਵਿਆਹ ਆਦਿ ਕਈ ਸਮਾਜ ਸੁਧਾਰਾਂ ਦੇ ਹਿਮਾਇਤੀ ਸਨ। ਅਖ਼ਬਾਰਾਂ ਦੇ ਨਿਬੰਧਾਂ ਦੇ ਤਿੰਨ ਸੰਗ੍ਰਿਹਾਂ ਤੋਂ ਇਲਾਵਾ ਵਾਕਯ ਮੀਮਾਨਸਾ ਨਾਂ ਦੀ ਵਿਆਕਰਣ ਸਬੰਧੀ ਕਿਤਾਬ ਅਤੇ ਸ਼ੇਕਸ਼ਪੀਅਰ ਦੇ ਹੈਮਲਟ ਦਾ ਉੱਲਥਾ ਆਪਨੇ ਕੀਤਾ।

ਆਗਰਕਰ ਲੋਕ ਰਾਜ ਦੇ ਬੜੇ ਸਮਰਥਕ ਅਤੇ, ਵਿਅਕਤੀ ਸੁਤੰਤਰਤਾ ਦੇ ਮਹਾਂ-ਰਾਸ਼ਟਰ ਵਿਚ ਪਹਿਲੇ ਸਨ। ਪੱਛਮ ਦਾ ਜੋ ਵਿਚਾਰ ਪ੍ਰਵਾਹ (ਵਹਾਓ) ਦੇਸ਼ ਤੇ ਆਇਆ ਉਸ ਦਾ ਸਵੀਕਾਰ ਸਹੀ ਸਪਿਰਟ ਕਰਨ ਦਾ ਆਪਦਾ ਵਿਚਾਰ ਸੀ ਅਤੇ ਇਸੇ ਕਰ ਕੇ ਸੰਸਕ੍ਰਿਤ ਨੂੰ ਮੁੜ ਜਿਵਾਉਣ ਵਾਲਿਆਂ ਨਾਲ ਆਪ ਨੂੰ ਤਿੱਖਾ ਵਾਦ-ਵਿਵਾਦ ਅਤੇ ਵਿਚਾਰ-ਸੰਘਰਸ਼ (ਜਦੋ-ਜਹਿਦ) ਕਰਨਾ ਪਿਆ। ਆਗਰਕਰ ਦੇ ਕੰਮ ਦੀ ਮਹੱਤਤਾ ਮਹਾਂਰਾਸ਼ਟਰ ਨੇ ਬਹੁਤ ਸਾਲਾਂ ਮਗਰੋਂ ਜਾਣੀ।

**ਡਾਕਟਰ ਸ੍ਰੀਧਰ ਵਿਅੰਕਟੇਸ਼ ਕੇਤਕਰ**—ਆਧੁਨਿਕ ਸਾਹਿਤਕਾਰਾਂ ਵਿਚ ਜਿਨ੍ਹਾਂ ਨੂੰ ਸੱਚੇ ਅਰਥਾਂ ਵਿਚ ਧੁਰੰਦਰ ਵਿਦਵਾਨ ਕਿਹਾ ਜਾ ਸਕਦਾ ਹੈ, ਉਹ ਸਨ ਡਾਕਟਰ ਕੇਤਕਰ। ਉਨ੍ਹਾਂ ਦੇ ਨਾਲ ਮਰਾਠੀ ਸਾਹਿਤ ਵਿਚ ਇਕ 'ਕੋਸ਼ਯੁੱਗ' ਅਰੰਭ ਹੋਇਆ। ਜ਼ਿੰਦਗੀ ਦੇ 12 ਸਾਲ ਲਗਾਤਾਰ ਤੇਈ ਕਿਸ਼ਤਾਂ ਵਿਚ (ਹਰ ਕਿਸ਼ਤ ਵੱਡੇ ਸਾਈਜ਼ ਦੇ ਲੱਗ-ਪੱਗ 500 ਸਫ਼ਿਆਂ ਦੀ) ਮਹਾਂਰਾਸ਼ਟਰ ਗਿਆਨ ਕੋਸ਼ ਦਾ ਸੰਪਾਦਨ, ਲੇਖਨ, ਪ੍ਰਕਾਸ਼ਨ-ਵੰਡ ਇਕੱਲੇ ਕੇਤਕਰ ਜੀ ਨੇ ਕੀਤਾ। ਇਹ ਗਿਆਨ ਕੋਸ਼ ਹੁਣ ਨਹੀਂ ਮਿਲਦਾ। ਪਹਿਲਾਂ ਇਸ ਦਾ ਮੁਲ 140 ਰੁਪਏ ਸੀ। ਇਸ ਮਹਾਂ ਗ੍ਰੰਥ ਵਿਚ ਕੇਵਲ ਦੋ ਉਨ੍ਹਾਂ ਦੇ ਸਾਥੀ ਸਨ। ਇਕ ਸ੍ਰੀ ਯ. ਰਾ. ਦਾਤੇ ਅਤੇ ਦੂਸਰੇ ਚਿ. ਗ. ਕਰਵੇ। ਇਸ ਗ੍ਰੰਥ ਤੇ ਲੱਗ-ਪੱਗ ਚਾਰ ਲੱਖ ਰੁਪਏ ਖ਼ਰਚ

ਹੋਏ । ਇਹ ਰਕਮ ਮਹਾਂਰਾਸ਼ਟਰ ਦੀ ਮਧਵਰਗੀ ਜਨਤਾ ਨੇ ਦਿੱਤੀ । ਇਹ ਗਿਆਨ ਕੋਸ਼ ਕੇਵਲ ਅਨੁਵਾਦ ਹੀ ਨਹੀਂ ਹੈ । ਮਹਾ ਮਹੋਪਾਧਯ ਦੱਤੋ ਵਾਮਨ ਪੋਤਦਾਰ ਦੇ ਸ਼ਬਦਾਂ ਵਿਚ "ਕੇਤਕਰ ਨਿਰੇ ਸੰਯੋਜਕ ਜਾਂ ਸੰਗ੍ਰਹਿ ਕਰਤਾ ਹੀ ਨਹੀਂ ਸਨ ਉਹ ਵਿਚਾਰ ਪ੍ਰਵਰਤਕ ਵੀ ਸਨ । ਕੇਤਕਰ ਤੋਂ ਪਹਿਲਾਂ ਰਾਨਾਡੇ, ਤਿਲਕ ਅਤੇ ਰਾਜਵਾਡੇ ਜਿਹੇ ਪ੍ਰਚੰਡ ਵਿਦਵਾਨ ਮਹਾਂਰਾਸ਼ਟਰ ਵਿਚ ਹੋ ਗਏ ਹਨ । ਰਾਨਾਡੇ ਦਾ ਅਨੇਕ ਵਿਸ਼ਿਆਂ ਦਾ ਗਿਆਨ ਦੂਰ ਅੰਦੇਸ਼ੀ ਅਤੇ ਧਾਰਨਾ ਤਿਲਕ ਦੀ ਅਸਧਾਰਣ ਬੁਧੀਮਾਨੀ ਦੇਸ਼ ਭਗਤੀ ਅਤੇ ਹੌਸਲਾ ਅਤੇ ਰਾਜਵਾਡੇ ਦੀ ਸਾਧੂ ਵਿਰਤੀ, ਪ੍ਰਤਿਭਾ, ਅਤੇ ਖੋਜ ਪੁਣੇ ਕਾਰਨ ਉਨ੍ਹਾਂ ਦੇ ਨਾਮ ਮਹਾਂਰਾਸ਼ਟਰ ਵਿਚ ਅਮਰ ਹੋ ਗਏ । ਕੇਤਕਰ ਇਸੇ ਪ੍ਰੰਪਰਾ ਦੇ ਮਹਾਂਪੁਰਸ਼ ਸਨ । ਕੇਤਕਰ ਅਤੇ ਕੰਮ ਇਕ ਦੂਸਰੇ ਦਾ ਅਰਥ ਦੇਣ ਵਾਲੇ ਸ਼ਬਦ ਸਨ ।

ਉਨ੍ਹਾਂ ਦੇ ਜੀਵਨ ਦਾ ਮੂਲ ਨਿਸ਼ਾਨਾ ਸੀ ਗਿਆਨ ਭੁੱਖ ਅਤੇ ਗਿਆਨ ਸੰਗ੍ਰਹਿ ਦੀ ਅਖੁਟ ਲਾਲਸਾ । ਉਨ੍ਹਾਂ ਦੀ ਸਭ ਤੋਂ ਯਾਦ ਰੱਖਣ ਵਾਲੀ ਕਿਰਤ ਹੈ "ਗਿਆਨ-ਕੋਸ਼" ਦਾ ਪਹਿਲਾ ਖੰਡ 'ਹਿੰਦੁਸਤਾਨ ਅਤੇ ਸੰਸਾਰ'। ਦੂਸਰੇ ਤੀਸਰੇ ਖੰਡਾਂ ਵਿਚ 'ਵੇਦ ਵਿਦਿਆ' ਅਤੇ 'ਬੁੱਧ ਪੂਰਵ ਜਗ' ਤੇ ਉਨ੍ਹਾਂ ਨੇ ਬਹੁਤ ਸਾਰੀ ਖੋਜ ਸਮੱਗਰੀ ਦਿੱਤੀ ਹੈ । 'ਵੈਦਿਕ ਸੰਸੋਧਨ' ਪਰ ਡਾਕਟਰ ਪ. ਲ. ਵੈਦ ਨੇ ਲਿਖਿਆ ਸੀ—ਜਦ ਡਾ. ਕੇਤਕਰ ਨੇ ਇਹ ਲਿਖਿਆ ਓਦੋਂ ਪ੍ਰੋ. ਰੂਈ ਰੇਨੂਲੀ ਦੀ 'ਬਿਬਲਿਯੋਗ੍ਰਾਫੀ ਵੈਦਿਕ' ਨਾਂ ਦੀ ਫਰਾਂਸੀਸੀ ਵੇਦ-ਸੂਚੀ ਪ੍ਰਕਾਸ਼ਤ ਨਹੀਂ ਹੋਈ ਸੀ । ਫੇਰ ਵੀ ਇਸ ਖੰਡ ਦੇ ਦੂਸਰੇ ਤੋਂ ਨੌਵੇਂ ਅਧਿਆਏ ਤਕ 'ਵੇਦ ਪ੍ਰਵੇਸ਼' ਨਾਓਂ ਨਾਲ ਅਜਿਹਾ ਚਿੰਤਨ ਕੇਤਕਰ ਨੇ ਕੀਤਾ । 'ਵੇਦ ਪ੍ਰਵੇਸ਼' ਦੇ 165 ਸਫ਼ਿਆਂ ਵਿਚ ਕਈ ਦਿਲਚਸਪ ਹਿੱਸੇ ਹਨ । ਘੋਰਧਵ ਵੈਦਿਕ ਸੰਸਕਾਰਾਂ ਵਿਚ ਵੇਦ ਕਾਲ ਵਿਚ ਮੁਰਦਿਆਂ ਨੂੰ ਦਬਾਉਣ ਅਤੇ ਜਲਾਉਣ ਦੋਵੇਂ ਤਰ੍ਹਾਂ ਦੇ ਰਿਵਾਜ ਸਨ । ਦੱਬਣ ਦਾ ਰਿਵਾਜ ਇੰਡੋ-ਜਰਮਨ ਲੋਕਾਂ ਵਿਚ ਓਦੋਂ ਤੋਂ ਹੁਣ ਤਕ ਪ੍ਰਚੱਲਤ ਹੈ । 'ਵੇਦ ਪ੍ਰਵੇਸ਼' ਵਿਚ ਇਕ ਪ੍ਰਕਰਣ ਹਜਾਮਤ ਬਣਾਉਣ ਤੇ ਵੀ ਹੈ । 'ਗ੍ਰਿਹ ਸੂਤਰਾਂ ਦੇ ਸਮਾਲੋਚਨ' ਵਿਚ ਪ੍ਰਾਚੀਨ ਭਾਰਤੀ ਸੰਸਕਾਰਾਂ ਦੀ ਤੁਲਨਾ ਹੈ । 'ਵੇਦ-ਵਿਦਿਆ' ਦਾ ਦੂਸਰਾ ਮਹੱਤਵ ਵਾਲਾ ਵਿਸ਼ਾ ਹੈ । 'ਵੇਦਕਾਲੀਨ ਇਤਿਹਾਸ' । ਇਸ ਤੇ ਕੇਤਕਰ ਨੇ ਦੋ ਸੌ ਸਫ਼ੇ ਲਿਖੇ ਹਨ । ਇਸ ਵਿਚ ਯਗ ਸੰਸਥਾ ਦੀ ਭਰਪੂਰ ਜਾਣਕਾਰੀ ਹੈ । ਯਗਾਂ ਨਾਲ ਸੰਹਿਤੀਕਰਨ ਇਕ ਸਾਥ ਰੱਖਣ ਦਾ ਇਤਿਹਾਸ ਕੇਤਕਰ ਨੇ ਖੋਜਿਆ ਹੈ । 'ਵੈਦਿਕਦੇਵਤੇ ਤਿਹਾਸ' ਨਾਂ ਦਾ ਇਕ ਹੋਰ ਬਹੁਤ ਵੱਡਾ ਅਧਿਆਏ ਹੈ । ਇਸ ਵਿਚ ਪ੍ਰੋਫੈਸਰ ਮਕਡੋਨੇਲ ਦਾ ਅੰਗ੍ਰੇਜ਼ੀ ਅਤੇ ਪ੍ਰੋ: ਹਿਲੇਬ੍ਰਾਂਟ ਤੇ ਜਰਮਨ ਗ੍ਰੰਥਾਂ ਦੀ ਮਦਦ ਡਾਕਟਰ ਕੇਤਕਰ ਨੇ ਲਿਆ ਹੈ । 'ਵੇਦ ਵਿਦਿਆ' ਦੇ ਚੌਧਵੇਂ ਅਧਿਆਏ ਵਿਚ ਡਾਕਟਰ ਕੇਤਕਰ ਨੇ ਅਤੀਂਦਰੀਯ (ਇੰਦਰੀਆਂ ਦੀ ਪਹੁੰਚ ਤੋਂ ਬਾਹਰ) ਸਥਿਤੀ ਦੀ ਕਲਪਨਾ ਤੇ ਚਾਨਣਾ ਪਾਇਆ ਹੈ । 'ਗਿਆਨ ਕੋਸ਼' ਦੇ ਤੀਸਰੇ ਖੰਡ 'ਬੁਧਪੂਰਵ ਜਗ' ਦੇ ਤਿੰਨ ਚੌਥਾਈ ਭਾਗ ਵਿਚ ਕੇਤਕਰ ਨੇ ਵੈਦਿਕ ਸਾਹਿਤ ਵਿਚ ਮਾਨਵ-ਵੰਸ਼ ਦੇ ਇਤਿਹਾਸ ਤੇ ਮੁੜ ਨਜ਼ਰਸਾਨੀ ਕੀਤੀ ਹੈ । ਇਸ ਵਿਚ ਪ੍ਰਮੁਖ ਵੈਦਿਕ ਸ਼ਬਦਾਂ ਦੀ ਸੂਚੀ

ਦਿੱਤੀ ਹੈ। 'ਵੇਦਕਾਲੀਨ-ਸ਼ਬਦ-ਸ੍ਰਿਸ਼ਟੀ' ਤੇ ਤਿੰਨ ਸੌ ਤੋਂ ਵੱਧ ਸਫ਼ੇ ਡਾਕਟਰ ਕੇਤਕਰ ਨੇ ਲਿਖੇ ਹਨ। ਮਗਰੋਂ 'ਬ੍ਰਾਹਮਣਾਂ ਦਾ ਇਤਿਹਾਸ' ਵਿਸਥਾਰ ਨਾਲ ਦਿੱਤਾ ਹੈ। ਰਿਗਵੇਦ ਦੇ ਸੰਵਾਦ-ਸੂਕਤਾਂ ਤੇ ਹੋਰ ਕਹਾਵਤਾਂ (ਸੂਕਤਾਂ) ਦੇ ਅਧਾਰ ਤੇ ਕੇਤਕਰ ਨੇ ਉਸ ਸਮੇਂ ਦੇ ਲੋਕ-ਸਥਿਤੀ ਨਿਰਦੇਸ਼ਕ ਅੰਦਾਜ਼ੇ ਬੜੇ ਹੌਂਸਲੇ ਨਾਲ ਕੱਢੇ ਹਨ। ਉਨ੍ਹਾਂ ਵਿਚ ਯਾਸਕ ਦੇ ਸਮੇਂ ਜੋ ਭਾਰਵਾਹੀ ਵੇਦਪਾਠੀ ਸਨ ਉਨ੍ਹਾਂ ਤੇ ਜਿਸ ਤਰ੍ਹਾਂ ਦਾ ਵਿਅੰਗ ਯਾਸਕ ਨੇ ਇਹ ਕਹਿ ਕੇ ਕੀਤਾ ਹੈ—"**ਸਥਾਣੂਰਯੰ ਭਾਰਵਾਹ : ਕਿਲਾ ਭੂਦਧੀਤਯ ਵੇਦੰ ਵਿਜਾਨਾਤਿ ਯੋ ਰਥਮ**"—ਉਸੇ ਤਰ੍ਹਾਂ ਡਾਕਟਰ ਕੇਤਕਰ ਨੂੰ ਅਧੁਨਿਕ ਵਿਦਵਾਨਾਂ ਦਾ ਭਾਰਵਾਹੀ ਅਰਥ ਮਾਨਯ (ਮੰਨਣ ਯੋਗ) ਨਹੀਂ ਹੈ। ਉਨ੍ਹਾਂ ਨੇ 'ਮਾਨਵ-ਵੰਸ਼ ਸ਼ਾਸਤਰ' ਦੀ ਦ੍ਰਿਸ਼ਟੀ ਤੋਂ ਵੇਦ-ਵਿਦਿਆ ਨੂੰ ਫੇਰ ਤੋਂ ਮਥਿਆ (ਰਿੜਕਿਆ)।

ਡਾਕਟਰ ਕੇਤਕਰ ਦੇ ਸਮਾਜ-ਵਿਗਿਆਨ-ਸਬੰਧੀ ਕੰਮ ਤੇ ਡਾ. ਪ੍ਰੋ. ਇਰਾਵਤੀ ਕਰਵੇ ਨੇ ਇਕ ਵੱਡਾ ਲੇਖ ਲਿਖਿਆ ਹੈ। ਉਸ ਵਿਚ ਡਾਕਟਰ ਕੇਤਕਰ ਨੇ ਹਿੰਦੂ ਸਮਾਜ ਵਿਚ ਜੋ ਗੁਣ ਅਤੇ ਦੋਸ ਹਨ ਉਨ੍ਹਾਂ ਦਾ ਨਿਚੋੜ ਦਿੱਤਾ ਹੈ। ਕੇਤਕਰ ਅਨੁਸਾਰ "ਹਿੰਦੂ ਸਮਾਜ ਵਿਚ ਦੂਸਰੇ ਦੇ ਮੱਤ ਬਾਰੇ ਸਹਿਸ਼ੁਣਤਾ (ਹਮਦਰਦੀ) ਅਤੇ ਦੂਸਰੇ ਧਰਮ ਦੇ ਦੇਵਤਿਆਂ ਨੂੰ ਅਪਣਾਉਣਾ, ਇਹ ਦੋ ਖ਼ਾਸ ਗੁਣ ਹਨ। ਇਹ ਹਮਦਰਦੀ ਵਾਲੀ ਵਿਰਤੀ (ਸੁਭਾ-ਝੁਕਾਓ) ਹੋਰ ਧਰਮਾਂ ਵਿਚ ਨਹੀਂ ਮਿਲਦੀ। ਹਿੰਦੂਆਂ ਦਾ ਸਭ ਤੋਂ ਵੱਡਾ ਦੋਸ਼ 'ਪਕਿਆਈ ਦੀ ਥੁੜ' ਹੈ। ਹਿੰਦੂ ਸਮਾਜ ਵਿਚ ਪਰਸਪਰ ਵੰਡੀਆਂ ਹੋਈਆਂ ਤਿੰਨ ਹਜਾਰ ਤੋਂ ਵੱਧ ਜਾਤਾਂ ਅਤੇ ਉਪਜਾਤਾ ਹਨ। ਇਸ ਦੇ ਕਾਰਨ ਹਿੰਦੂ ਸਮਾਜ ਦੇ ਟੁੱਕੜੇ ਹੋ ਗਏ ਹੋਣ ਅਜਿਹੀ ਗੱਲ ਨਹੀਂ, ਪਰੰਤੂ ਮਹਾਨ ਤਾਕਤਵਰ ਦੇਸ਼ ਉਸਾਰੀ ਕਰਨ ਦਾ ਵਿਚਾਰ ਹੀ ਏਥੇ ਨਹੀਂ ਫਲ ਫੂਲ ਸਕਿਆ।"

ਫੇਰ ਵੀ ਡਾਕਟਰ ਕੇਤਕਰ ਦੇ ਸਮਾਜ-ਸ਼ਾਸਤਰ ਸਬੰਧੀ ਸਭ ਵਿਚਾਰ ਅਗਾਂਹ ਵਧੂ ਨਹੀਂ ਸਨ। ਉਨ੍ਹਾਂ ਵਿਚ ਪਿੱਛੇ ਖਿੱਚੂ ਜਾਤ ਉਤਮਤਾ (ਰੇਸ-ਸੁਪੀਰਿਯਾਰਿਟੀ) ਖ਼ੂਨ ਦੀ ਵਿਸ਼ੇਸ਼ਤਾ ਆਦਿ ਭਾਵਨਾਵਾਂ ਦਾ ਰਲਾਅ ਮਿਲਦਾ ਹੈ। ਇਕ ਪਾਸੇ ਉਨ੍ਹਾਂ ਨੇ ਵਿਗਿਆਨਕ ਮਾਨਵ-ਵੰਸ਼-ਸ਼ਾਸਤਰੀਯ ਦ੍ਰਿਸ਼ਟੀ ਤੋਂ ਹਿੰਦੂ ਸਮਾਜ ਸੰਗਠਨ ਦਾ ਪੂਰਾ ਦੋਸ਼ ਵਿਸ਼ਕਰਣ (ਦੋਸ਼ ਕੱਢਣਾ) ਬੇਤਰਸ ਆਲੋਚਨਾ ਕੀਤੀ, ਦੂਸਰੇ ਪਾਸੇ ਬ੍ਰਾਹਮਣ ਦੇ ਮਹੱਤਵ ਦਾ ਵੀ ਸਮਰਥਨ ਕੀਤਾ। ਇਸੇ ਕਰਕੇ ਸਿਆਸੀ ਵਿਚਾਰਾਂ ਵਿਚ ਉਨ੍ਹਾਂ ਨੇ ਤਿਲਕ ਜਾਂ ਕੇਲਕਰ ਦਾ ਤਾਂ ਆਦਰ ਸਹਿਤ ਜ਼ਿਕਰ ਕੀਤਾ ਹੈ ਪਰ ਜਵਾਹਰ ਲਾਲ ਸਬੰਧੀ ਉਨ੍ਹਾਂ ਨੇ ਪੂਰਵ-ਗ੍ਰਹਦੂਸ਼ਤ ਗੱਲਾਂ ਆਖੀਆਂ।

ਡਾਕਟਰ ਕੇਤਕਰ ਰੁਖੇ ਸ਼ਾਸਤਰ-ਜੜ ਪੰਡਤ ਹੀ ਨਹੀਂ ਸਨ, ਉਨ੍ਹਾਂ ਨੇ ਨਾਵਲ ਵੀ ਲਿਖੇ ਜਿਨ੍ਹਾਂ ਵਿਚ ਉਨ੍ਹਾਂ ਦੀ ਮੌਤ ਤੋਂ ਮਗਰੋਂ ਛਪੇ 'ਭਟਕਯਾ' (ਭਟਕਣ ਵਾਲਾ ਯਾਯਾਵਰ) ਨਾਵਲ ਵਿਚ ਉਨ੍ਹਾਂ ਦੀ ਮਨੁੱਖੀ-ਹਮਦਰਦੀ ਦਾ ਬਹੁਤ ਸੁੰਦਰ ਚਿੱਤਰ ਮਿਲਦਾ ਹੈ। ਉਨ੍ਹਾਂ

ਦੇ ਨਾਵਲਾਂ ਤੇ ਵਾਮਨ ਗਲਹਾਰ ਜੋਸ਼ੀ ਨੇ ਸਮੀਖਿਆ ਕਰਦਿਆਂ ਲਿਖਿਆ—"ਉਨ੍ਹਾਂ ਦੇ ਨਾਵਲਾਂ ਦੀ ਪ੍ਰਮੁੱਖ ਵਿਸ਼ੇਸ਼ਤਾ ਇਹ ਹੈ ਕਿ ਉਨ੍ਹਾਂ ਤੋਂ ਪਹਿਲਾਂ ਮਰਾਠੀ ਨਾਵਲ ਬਹੁਤ ਸੰਕੀਰਣ (ਤੰਗ) ਪੂੰਨੇ ਦੇ ਸਦਾ ਸ਼ਿਵ ਪੇਠ ਮਹੱਲੇ ਦੇ ਵਾਤਾਵਰਣ ਨੂੰ ਲੈ ਕੇ ਹੀ ਲਿਖੇ ਜਾਂਦੇ ਸਨ। ਉਨ੍ਹਾਂ ਦਾ ਖੇਤਰ ਉਨ੍ਹਾਂ ਨੇ ਫੈਲਾਇਆ। ਉਨ੍ਹਾਂ ਦੇ ਨਾਵਲਾਂ ਵਿਚ ਮਨੁੱਖੀ ਸੁਭਾ ਤੇ ਬਾਹਰੀ ਹਾਲਾਤ ਦਾ ਖ਼ਾਸ ਅਧਿਐਨ ਪ੍ਰਭਾਵ ਦਿੱਸਦਾ ਹੈ।"

— — — —

## ਨਾਵਲ ਅਤੇ ਕਹਾਣੀ

ਮਰਾਠੀ ਨਾਵਲ ਦਾ ਜਨਮ ਯਾਤਰਾ-ਵਰ-ਣਨਾ ਵਿਚ ਮਿਲਦਾ ਹੈ। ਮਰਾਠੀ ਦਾ ਪਹਿਲਾ ਨਾਵਲ 'ਯਮੁਨਾ ਪਰਯਟਨ' (1831 ਈਸਵੀ ਦੇ ਨੇੜੇ) ਭਾਵੇਂ ਮਾਮੂਲੀ ਸਮਾਜਿਕ ਹੈ ਤਾ ਵੀ ਉਸ ਦੀ ਰਚਨਾ ਮਨੋਰੰਜਨ ਪ੍ਰਧਾਨ ਹੀ ਵਧੇਰੇ ਹੈ। ਅਦਭੁਤ ਸੁੰਦਰਤਾ ਤੇ ਉਨ੍ਹਾਂ ਦਾ ਵਧੇਰੇ ਧਿਆਨ ਰਿਹਾ। 1870 ਈਸਵੀ ਦੇ ਨੇੜੇ ਮਰਾਠੀ ਵਿਚ ਇਤਿਹਾਸਕ ਨਾਵਲ ਲਿਖਣ ਦੀ ਰੀਤ ਚੱਲ ਪਈ। ਫੇਰ ਵੀ 1885 ਤੋਂ ਮਗਰੋਂ ਵਰਣਨ ਯੋਗ ਨਾਵਲਿਸਟ ਹਰੀ ਨਾਰਾਇਣ ਆਪਟੇ ਹਨ। ਹਿੰਦੀ ਦੇ ਪ੍ਰੇਮ ਚੰਦ ਵਾਂਗ ਹੀ ਆਪ ਨੇ ਮਰਾਠੀ ਮੱਧ-ਸ਼੍ਰੇਣੀ ਜੀਵਨ ਦੇ ਯਥਾਰਥ ਚਿੱਤਰ ਅੰਕਤ ਕੀਤੇ। ਆਦਰਸ਼ ਵੱਲ ਝੁਕਿਆ ਯਥਾਰਥਵਾਦ ਉਨ੍ਹਾਂ ਦਾ ਨਿਸ਼ਾਨਾ ਸੀ। ਦੋਹਾ ਨੂੰ ਹੀ ਅਖਬਾਰ ਜਿਹੀ ਸੈਲੀ ਵਿਚ ਖੰਡਸ਼ (ਟੁੱਕੜੇ ਟੁੱਕੜੇ ਕਰਕੇ) ਲਿਖਣਾ ਪਿਆ। ਸੋ ਦੋਹਾ ਦੀ ਸੈਲੀ ਵਿਚ ਕੁਛ ਬੇਲੋੜੇ ਲੰਬੇ ਅਤੇ ਥਕਾ ਦੇਣ ਵਾਲੇ ਵਰਣਨ ਮਿਲਦੇ ਹਨ। ਆਪ ਦੀ ਪ੍ਰਸਿੱਧ ਅਤੇ ਇਤਿਹਾਸਕ ਅਤੇ ਸਮਾਜਕ "ਕਾਦੰਬਰੀਆਂ"[1] ਦੇ ਨਾਮ ਹਨ--'ਉਸਾ ਕਾਲ' 'ਸੂਰਯੋਦਯ' 'ਸੂਰਯਗ੍ਰਹਣ' 'ਗਡਆਲਾ ਪਾਣ ਸਿੰਘ ਗੇਲਾ' (ਇਹ ਚਾਰੇ ਸ਼ਿਵਾ ਜੀ ਦੀ ਹਕੂਮਤ ਦੇ ਸਮੇਂ ਸਬੰਧੀ ਹਨ।) ਮੀ, 'ਯਸਵੰਤਰਾਵ ਖਰੇ' 'ਪਣ ਲਖਸਾਤ ਕੋਣ ਘੇਤੋਂ'। ਅਖ਼ੀਰੀ ਨਾਵਲ ਵਿਚ ਯਮੁਨਾ ਨਾਂ ਦੀ ਵਿਧਵਾ ਨਾਇਕਾ ਦਾ ਚਿਤਰਣ ਬਹੁਤ ਹੀ ਕਰੁਣ ਅਤੇ ਉੱਚ ਤੇ ਮਹਾਨ ਹੈ। ਮਗਰੋਂ ਹਰੀ ਨਾਰਾਇਣ ਆਪਟੇ ਦੀ ਸੈਲੀ ਉਨ੍ਹਾਂ ਦੀ ਹੀ ਨਕਲ ਤੇ ਘਰੇਲੂ ਜੀਵਨ ਨਾਲ ਸਬੰਧਤ ਪਰ ਘੱਟ ਲੋਕ-ਪ੍ਰਿਅ ਹੋਈ।

ਨਾਵਲ ਦੇ ਖੇਤਰ ਵਿਚ ਦੂਸਰਾ ਯੁੱਗ ਵਾਮਨ ਮਲਹਾਰ ਜੋਸ਼ੀ ਤੋਂ ਅਰੰਭ ਹੁੰਦਾ ਹੈ। ਆਪ ਨੇ ਤਿੰਨ ਚਾਰ ਹੀ ਨਾਵਲ ਲਿਖੇ ਹਨ। ਪਰੰਤੂ ਸਭੇ ਵਿਚਾਰ ਟੁੰਬਵੇਂ ਹਨ। 'ਗਗਿਨੀ' "ਲਿਨੀ" 'ਆਸ਼ਰਮ ਹਰਿਣੀ' 'ਸੁਸ਼ੀਲੇਚਾ' 'ਦੇਵ' 'ਇੰਦੂ ਕਾਲੇ ਔਰ ਸਰਲਾ ਭੋਲੇ' ਇਹ ਉਨ੍ਹਾਂ ਦੇ ਪ੍ਰਮੁੱਖ ਨਾਵਲ ਹਨ। ਸਭਨਾਂ ਵਿਚ ਕਿਸੇ ਦਾਰਸ਼ਨਿਕ ਜਾਂ ਨੀਤੀ ਸ਼ਾਸਤਰੀਯ ਸਮੱਸਿਆ ਦਾ ਵਿਸ਼ਲੇਸ਼ਣ ਪ੍ਰਮੁੱਖ ਹੈ। ਡਾਕਟਰ ਕੇਤਕਰ ਨੇ ਅਪਣੇ ਨਾਵਲਾਂ ਵਿਚ ਸਮਾਜ-ਸ਼ਾਸਤਰੀਅ ਦ੍ਰਿਸ਼ਟੀਕੋਣ ਨੂੰ ਪ੍ਰਧਾਨਤਾ ਦਿੱਤੀ ਅਤੇ ਦੋਹਾਂ ਨੂੰ ਹੀ ਮਰਾਠੀ ਦੇ ਸਮਾਜਕ

ਨਾਵਲ ਨੂੰ ਵਿਚਾਰ ਖੇਤਰ ਨੂੰ ਅੱਗੇ ਵਧਾਉਣ ਦਾ ਮਾਣ ਹੈ। ਇਤਹਾਸਕ ਨਾਵਲ ਵਿਚ ਵੀ ਨਾਥ ਮਾਧਵ ਅਤੇ ਹੜਪ ਨੇ ਸ਼ਿਵਾਜੀ ਕਾਲ ਅਤੇ ਪੇਸ਼ਵਾਈ ਨੂੰ ਲੈ ਕੇ ਬਹੁਤ ਸਾਰੇ ਲਿਖੇ ਅਤੇ ਉਹ ਬਹੁਤ ਲੋਕਪ੍ਰਿਅ ਹੋਏ। ਰਾਖਾਲ ਦਾਸ ਬੈਨਰਜੀ ਦੇ "ਸ਼ਸ਼ਾਂਕ", 'ਕਰੁਣਾ' "ਅਗਨੀ ਵਰਸ਼ਾ" ਆਦਿ ਦੇ ਅਨੁਵਾਦ ਇਸੇ ਸਮੇਂ ਵਿਚ ਹੋਏ। ਸ੍ਰੀ ਸ਼ਹਾ ਨੇ 'ਸਮਰਾਟ ਅਸ਼ੋਕ' ਤੇ 'ਛਤਰਸ਼ਾਲ' ਨਾਂ ਦੇ ਦੋ ਪ੍ਰਸਿੱਧ ਇਤਿਹਾਸਕ ਨਾਵਲ ਪ੍ਰਕਾਸ਼ਤ ਕੀਤੇ, ਜਿਨ੍ਹਾਂ ਦਾ ਉੱਲਥਾ ਹਿੰਦੀ ਵਿਚ ਪ੍ਰੇਮੀ ਜੀ ਨੇ ਪ੍ਰਕਾਸ਼ਤ ਕੀਤਾ ਹੈ।

ਹੁਣ ਨਾਵਲ ਕੇਵਲ ਘਟਨਾ-ਪ੍ਰਧਾਨ ਜਾਂ ਵਿਚਾਰ-ਪ੍ਰਧਾਨ ਨਾ ਰਹਿ ਕੇ ਜਨਤਾ ਦੇ ਜੀਵਨ ਦੀਆਂ ਸੱਧਰਾਂ ਦੇ ਸੁਫ਼ਨਿਆਂ ਦਾ ਪ੍ਰਤੀਨਿੱਧ ਬਣ ਗਿਆ। ਅੱਗੇ ਜਿਨ੍ਹਾਂ ਪੰਜ ਨਾਵਲਿਸਟਾਂ ਦਾ ਜ਼ਿਕਰ ਹੋਵੇਗਾ, ਉਹ ਇਸੇ ਤਰ੍ਹਾਂ ਦੇ ਲੋਕ-ਪ੍ਰਿਅ ਅਤੇ ਸਾਹਿਤ ਦੀ ਨਵ ਉੱਨਤੀ ਦੇ ਪ੍ਰਤੀਨਿੱਧੀ ਨਾਵਲ ਲੇਖਕ ਹਨ। ਪ੍ਰੋ. ਨਾ. ਸੀ. ਫੜਕੇ, ਵਿ. ਸ. ਖਾਂਡੇਕਰ, ਪੁ. ਯੁ. ਦੇਸ਼ਪਾਂਡੇ, ਗ. ਤ੍ਰਿਯੰ. ਮਾਡਖੋਲਕਰ ਅਤੇ ਵਿਭਾਵਰੀ ਸ਼ਿਰੁਰਕਰ, ਫੜਕੇ ਉੱਚ ਸ਼੍ਰੇਣੀ ਦੇ ਪਾਤਰਾਂ ਨੂੰ ਚੁਣਦੇ ਹਨ। ਉਨ੍ਹਾਂ ਦੇ ਅਰੰਭਕ ਨਾਵਲ ਵਧੇਰੇ ਰੋਮਾਂਟਿਕ ਹਨ। ਪ੍ਰੇਮ ਦਾ ਤਿਕੋਣ ਵੱਖ ਵੱਖ ਰੂਪਾਂ ਵਿਚ ਬਿਆਨ ਹੋਇਆ ਹੈ। ਪਰੰਤੂ ਵਰਣਨ ਦੀ ਸ਼ੈਲੀ ਬਹੁਤ ਜਾਨਦਾਰ ਅਤੇ ਯਥਾਰਥਵਾਦੀ ਹੋਣ ਕਰਕੇ ਅਤੇ ਭਾਸ਼ਾ ਦਾ ਵਹਾਉ ਬਹੁਤ ਰਿਜੂ ਅਤੇ ਪ੍ਰਸੰਨ ਹੋਣ ਕਾਰਨ—'ਜਾਦੂਗਰ' 'ਦੌਲਤ' 'ਅਟਕੇਪਾਰ' ਆਦਿ ਉਨ੍ਹਾਂ ਦੇ ਅਰੰਭਕ ਨਾਵਲ ਅਤੇ ਮਗਰੋਂ ਦੇ 'ਪ੍ਰਵਾਸੀ' 'ਬਸ ਨੰਬਰ ਬਾਰਾਂ' ਆਦਿ ਬਹੁਤ ਹੀ ਲੋਕਪ੍ਰਿਅ ਹੋਏ। 'ਨਿਰੰਜਨ' ਤੋਂ ਅੱਗੇ 'ਸ਼ਾਕੁੰਤਲ' ਅਤੇ ਮਗਤੋਂ ਹੁਣ ਤਕ ਫੜਕੇ ਨੇ ਆਪਣੇ ਸਮਾਜਕ ਨਾਵਲ ਦੀ ਪ੍ਰਿਸ਼ਟਭੂਮੀਂ ਦੇ ਰੂਪ ਵਿਚ ਸਿਆਸੀ ਅੰਦੋਲਨਾਂ ਅਤੇ ਗੁਟਾਂ ਦੀਆਂ ਮਤਾਵਲੀਆਂ (ਪਾਲਸੀਆਂ) ਨੂੰ ਲਿਆ। ਜਿਵੇਂ 'ਨਿਰੰਜਨ' ਅਤੇ 'ਆਸ਼ਾ' ਵਿਚ ਸਨ 30 ਦਾ ਸਤਿਆਗ੍ਰਹਿ, 'ਪ੍ਰਤਿਗਿਆ' ਵਿਚ ਰਾਸ਼ਟਰੀਆ ਸਵਯੰ-ਸੇਵਕ-ਸੰਘ ਅਤੇ ਕੱਟੜ ਹਿੰਦੂਪੁਣੇ ਰਾਜ ਕਾਰਨ "ਸਮਰ-ਭੂਮੀਂ" ਅਤੇ "ਉਧਾਰ" ਵਿਚ ਸਮਾਜਵਾਦ ਅਤੇ ਸਾਮਵਾਦ, "ਸ਼ਾਕੁੰਤਲ" ਵਿਚ 'ਪਟ ਦਾ ਅੰਦੋਲਨ' 'ਮਾਝਾਧਰਮ' ਵਿਚ ਹਿੰਦੂ-ਮੁਸਲਮ ਏਕਤਾ ਦੀ ਸਮੱਸਿਆ ਆਦਿ। ਅਗਾਂਹ-ਵਧੂ ਸਾਹਿਤ ਦੇ ਸਬੰਧ ਵਿਚ ਆਚਾਰੀਆ ਜਾਵਡੇਕਰ ਨਾਲ ਜੋ ਉਨ੍ਹਾਂ ਦੀ ਲੇਖ ਰੂਪ ਵਿਚ ਲੰਬੀ ਬਹਿਸ ਹੋਈ ਹੈ, ਉਸ ਵਿਚ ਉਹ 'ਕਲਾ ਕਲਾ ਲਈ' ਵਾਲੇ ਅਪਣੇ ਪੁਰਾਣੇ ਸਿਧਾਂਤ ਤੋਂ ਕੁਛ ਹਟੇ ਹੋਏ ਜਾਪਦੇ ਹਨ ਫੇਰ ਵੀ ਅਨੰਦ (ਖੁਸ਼ੀ) ਪ੍ਰਮੁਖਤਾ ਉਨ੍ਹਾਂ ਦੀਆਂ ਰਚਨਾਵਾਂ ਵਿਚ ਮਿਲਦੀ ਹੈ।

ਇਸ ਤੋਂ ਬਿਲਕੁਲ ਉਲਟੇ ਵਿ. ਸ. ਖਾਂਡੇਕਰ 'ਜੀਵਨ ਦੇ ਲਈ ਕਲਾ' ਮੰਨਕੇ ਚਲੇ। 'ਹ੍ਰਿਦਯਾਂਚੀ ਹਾਂਕ' 'ਕਾਂਚਨ ਮ੍ਰਿਗ' 'ਦੋਨ ਧਰੁਵ' ਤਕ ਉਨ੍ਹਾਂ ਦੀਆਂ ਰਚਨਾਵਾਂ ਵਿਚ ਕੋਂਕਣ ਦੀ ਕੁੱਦਰਤੀ ਪ੍ਰਿਸ਼ਟਭੂਮੀਂ ਪਰ ਕਾਵਿਮਈ ਭਾਸ਼ਾ-ਸ਼ੈਲੀ ਵਿਚ ਬਨਾਵਟੀ ਕਥਾਨਕ ਰਚਨਾ ਮਿਲਦੀ ਹੈ। ਪਰੰਤੂ 'ਦੋਨ ਧਰੁਵ' ਤੋਂ ਮਗਰੋਂ 'ਉਲਕਾ' (ਜੋ ਉਨ੍ਹਾਂ ਦੀ ਸਭ ਤੋਂ ਵਧੀਆ ਕਿਰਤ ਹੈ ਅਤੇ ਮੈਨੇ ਉਸਦਾ ਹਿੰਦੀ ਅਨੁਵਾਦ ਕੀਤਾ ਹੈ।) 'ਹਿ. ਖਾ..

ਚਾਂਵਾ' 'ਕੌਨਮਨੇ' 'ਰਿਕਾਮਾ ਦੇਵਹਾਰਾ' 'ਕੌਂਚ ਵਧ' ਅਤੇ 'ਅਸ਼ਰੂ' ਉਨ੍ਹਾਂ ਦੀ ਸ਼ੈਲੀ ਸਹਿਜ ਸੁੰਦਰਤਾ ਗ੍ਰਹਿਣ ਕਰਦੀ ਜਾਂਦੀ ਹੈ ਅਤੇ ਗਾਂਧੀਵਾਦੀ ਅਤੇ ਸਮਾਜਵਾਦ ਦੇ ਮਨੋਹਰ ਮੇਲ ਦਾ ਆਦਰਸ਼ ਉਨ੍ਹਾਂ ਦੇ ਨਾਵਲਾਂ ਵਿਚ ਥਾਂ ਥਾਂ ਤੇ ਬਿਆਨਿਆ ਗਿਆ ਹੈ।

ਮਾਡਖੋਲਕਰ ਨੇ "ਮੁਕਤਾਤਮਾ" ਤੋਂ ਅਰੰਭ ਕਰਕੇ ਅਗਾਂਹ ਵਧੂ ਸਾਹਿਤਕਾਰਾਂ ਵਿਚ ਆਪਣਾ ਕਦਮ ਰਖਿਆ। ਓਦੋਂ ਤੋਂ ਉਨ੍ਹਾਂ ਦੇ ਨਾਵਲ "ਡਾਕ ਬੰਗਲਾ" "ਚੰਦਨਵਾੜੀ" "ਅਨਘਾ" ਅਤੇ "ਸਵਪਨਾਂਤ੍ਰਿਤ" ਤਕ ਉਹ ਰੋਮਾਂਸ ਅਤੇ ਸਿਆਸਤ ਦਾ ਅਜਿਹਾ ਮਜ਼ੇਦਾਰ ਰਲਾਅ ਆਪਣੇ ਨਾਵਲਾਂ ਵਿਚ ਪੇਸ਼ ਕਰਦੇ ਰਹੇ ਹਨ ਕਿ ਕਿਤੇ ਆਲੋਚਕਾਂ ਨੇ ਉਨ੍ਹਾਂ ਦੀ "ਲੁਹੇਰੀ ਜੀਵਨ" "ਨਾਗ ਕੰਨਿਆ" ਆਦਿ ਰਚਨਾਵਾਂ ਨੂੰ ਅਸ਼ਲੀਲ ਕਿਹਾ ਹੈ ਤਾਂ ਕਿਤੇ "ਕਾਂਤਾ" "ਮੁਖਵਟੇ" ਆਦਿ ਨੂੰ ਪ੍ਰਚਾਰ ਦੀਆਂ ਚੀਜ਼ਾਂ। ਉਨ੍ਹਾਂ ਦੀ "ਨਵੇਂ ਸੰਸਾਰ" ਅਤੇ "ਪ੍ਰਮਥਰਾ" (42 ਦੇ ਅੰਦੋਲਨ ਨੇ ਲਿਖੀ ਲੰਬੀ ਕਹਾਣੀ) ਸਰਕਾਰ ਵੱਲੋਂ ਜ਼ਬਤ ਕੀਤੇ ਗਏ ਦੋ ਨਾਵਲ ਹਨ।

ਅਰੰਭ ਤੋਂ ਹੀ ਕ੍ਰਾਂਤੀਕਾਰੀ ਨਾਇਕਾਂ ਅਤੇ ਕ੍ਰਾਂਤੀਕਾਰੀ ਅੰਦੋਲਨਾਂ ਦਾ ਬਹੁਤ ਹੀ ਨੇੜੇ ਤਾ ਚਿਤਰਣ ਕਰਦੇ ਰਹਿਣ ਕਾਰਨ ਉਨ੍ਹਾਂ ਦੀ ਸੈਲੀ ਵਿਚ ਸੁੰਦਰ ਭਾਵ ਉਚੱਤਾ ਹੈ। ਭਾਵੇਂ ਕਿਤੇ ਕਿਤੇ ਯਥਾਰਥ ਤੋਂ ਅਤੀ ਯਥਾਰਥ ਤੇ ਉਤਰ ਆਉਂਦੇ ਹਨ। ਪੁ. ਯ. ਦੇਸਪਾਂਡੇ ਮਾਡਖੋਲਕਰ ਵਾਂਗ ਹੀ ਨਾਗਪੁਰ ਦੇ ਹਨ ਪਰ ਉਨ੍ਹਾਂ ਦੀਆਂ ਰਚਨਾਵਾਂ ਵਿਚ ਸਰਵਜਨਿਕਤਾ ਵਧੇਰੇ ਹੈ। "ਬੰਧਨਾਚਯ ਪਲੀਕਡੇ" ਨਾਂ ਦੇ ਉਨ੍ਹਾਂ ਦੇ ਬਾਗ਼ੀ ਨਾਵਲ ਨੇ ਇਕ ਸਮੇਂ ਮਹਾਂਰਾਸਟਰ ਵਿਚ ਭਾਜੜ ਪਾ ਦਿੱਤੀ ਸੀ। ਲਗਾਤਾਰ ਉਨ੍ਹਾਂ ਦੀ ਕਲਾ "ਸੁਕਲੇਲੇ ਫੂਲ" ਅਤੇ "ਸਦਾ ਫੁਲੀ" ਵਿਚ ਬਹੁਤ ਹੀ ਵਿਕਸਤ (ਵਿਕਾਸ ਕਰਦੀ) ਹੁੰਦੀ ਗਈ। ਭਾਵੇਂ "ਵਿਸਾਲ ਜੀਵਨ" "ਕਾਲੀ ਰਾਨੀ" ਅਤੇ "ਨਵੇ ਜੱਗ" ਵਿਚ ਕੁਛ ਉਲਝਾ ਉਨ੍ਹਾਂ ਦੀ ਦਤਸਨ ਪ੍ਰਧਾਨ ਸ਼ੈਲੀ ਵਿਚ ਆ ਗਿਆ ਹੈ ਅਤੇ ਪਹਿਲਾਂ ਵਰਗਾ ਹਲਕਾ ਫੁਲਕਾਪਨ ਜਾ ਕੇ ਉਹ ਭਾਰੀ ਹੋ ਗਿਆ ਹੈ, ਪਰੰਤੂ ਮਨੋਵਿਗਿਆਨਕ ਵਿਸ਼ਲੇਸਣ-ਸੂਖਮਤਾ-ਸਮਰਥਾ ਵੀ ਉਨੀ ਹੀ ਵਧਦੀ ਹੀ ਗਿਆ ਹੈ। ਪੁ. ਯ. ਦੇਸ਼ਪਾਂਡੇ ਇਸ ਗੱਲ ਦੇ ਦਿਸ਼ਾ ਦਰਸ਼ਕ (ਰਹਿਬਰ) ਹਨ ਕਿ ਮਰਾਠੀ ਨਾਵਲ ਹੁਣ ਇਕ ਨਵੀਂ ਦਿਸ਼ਾ ਵੱਲ ਜਾ ਰਿਹਾ ਹੈ। ਉਹ ਖਾਂਡੇਕਰ ਦੇ ਮਾਨਵਤਾਵਾਦ ਅਤੇ ਫੜਕੇ ਮਾਡਖੋਲਕਰ ਦੇ ਫੈਸ਼ਨਪ੍ਰਸਤ ਸਿਆਸੀ ਨਾਵਲਾਂ ਨਾਲ ਵੱਧ ਗੰਭੀਰ ਵਿਚਾਰਵਾਨ ਦਿੱਸ-ਹੱਦੇ ਵੱਲ ਵੱਧ ਰਿਹਾ ਹੈ। ਜੋ ਕਮਾਲ ਪੱਛਮ ਵਿਚ ਕਾਫਕਾ (ਪੋਲੈਂਡ ਦੇ ਪ੍ਰਤੀਕਵਾਦੀ ਨਾਵਲਿਸਟ) ਜਾਂ ਅਲਡਸ ਹਕਸਲੇ, ਲਾਰੇਂਸ ਜਾਂ ਵੂਲਫ਼ ਨੇ ਕਰ ਵਿਖਾਇਆ ਉਹ ਹੌਲੀ ਹੌਲੀ ਮਰਾਠੀ ਵਿਚ ਪ੍ਰਤਿਸ਼ਠਿਤ ਕੀਤਾ ਜਾ ਰਿਹਾ ਹੈ। ਇਸ ਦ੍ਰਿਸ਼ਟੀ ਤੋਂ ਮਰਧੇਕਰ ਦੀ "ਰਾਤਰੀਚਾ ਦਿਵਸ" ਪ੍ਰਯੋਗ ਵਰਣਨ ਯੋਗ ਹੈ। ਸ਼੍ਰੀਮਤੀ ਵਿਭਾਵਰੀ ਸ਼ਿਰੂਰਕਰ ਨਾਂ ਦੇ ਬੁਰਕੇ ਵਿਚ ਛੁਪੀ ਪਰੰਤੂ 8—10 ਸਾਲ ਪਹਿਲਾਂ ਮਰਾਠੀ-ਕਥਾ-ਖੇਤਰ ਵਿਚ ਇਸਤਰੀ ਦਾ ਦ੍ਰਿਸ਼ਟੀਕੋਨ ਬਹੁਤ ਸਪੱਸ਼ਟਤਾ ਅਤੇ ਉੱਚਾਈ ਤੋਂ ਬਿਆਨ ਕਰਨ ਵਾਲੀ ਇਸਤਰੀ ਦੇ ਦੋ ਨਾਵਲ "ਹਿੰਦੋਲਿਆਵਰ" ਅਤੇ

"ਵਿਰਲੇਲੇ ਸੁਪਨ" ਵਰਣਨ ਯੋਗ ਹਨ । ਖਤਮ ਹੋ ਰਹੇ ਟੱਬਰ-ਪ੍ਰਬੰਧ ਦੇ ਉਹ ਬਹੁਤ ਅੱਛੇ ਚਿੱਤਰ ਹਨ । ਉਨ੍ਹਾਂ ਦਾ ਹੀ ਇਕ ਨਵਾਂ ਨਾਵਲ 'ਬਾਲੀ' ਹੈ ।

ਏਥੇ ਵਧ ਵਿਸਥਾਰ ਨਾਲ ਨਾਵਲ ਤੇ ਲਿਖਿਆ ਨਹੀਂ ਜਾ ਸਕਦਾ ਪਰ ਇਸ ਪਾਸੇ ਮਾਮਾ ਵਰੇਰਕਰ, ਗੀਤਾ ਸਾਨੇ ਅਤੇ ਕ੍ਰਿਸ਼ਨਾਬਾਈ ਮੋਟੇ ਆਦਿ ਵੱਲੋਂ ਚਿਤਰੀ ਗਈ ਇਸ-ਤਰੀ ਦਾ, ਬਾਗੀ ਨਾਇਕਾ ਦਾ ਚਿੱਤਰ ਭੁਲਾਇਆ ਨਹੀਂ ਜਾ ਸਕਦਾ । ਸਾਨੇ ਗੁਰੂ ਜੀ ਨੇ ਬੱਚਿਆਂ ਦੇ ਵਿਕਾਸਸ਼ੀਲ ਗੀਤ ਤੇ "ਸਯਾਮ੍ਹ ਕੀ ਮਾਂ, ਭਾਰਤੀ ਸੰਸਕ੍ਰਿਤੀ ਸਬੰਧੀ 'ਆਸਤਿਕ' ਅਤੇ "ਕ੍ਰਾਂਤੀ" "ਪੁਨਰਜਨਮ" ਆਦਿ ਕੌਮੀਅਤ-ਪ੍ਰਚਾਰਕ ਬਹੁਤ ਲੋਕਪ੍ਰਿਅ ਨਾਵਲ ਲਿਖੇ ਹਨ । ਸ੍ਰੀ ਦਿਘੇ ਨੇ ਮਹਾਂਰਾਸਟਰ ਦੇ ਪੇਂਡੂ ਜੀਵਨ ਦੇ ਸੁੰਦਰ ਚਿੱਤਰ "ਪਾਣਕਲਾ" ਅਤੇ "ਸੰਰਾਈ" ਵਿਚ ਪੇਸ਼ ਕੀਤੇ ਹਨ । ਮਰਧੇਕਰ, ਮਾਧਵ ਮਨੋਹਰ, ਰਘੂਬੀਰ ਸਾਮੰਤ, ਖਿਵਲ-ਕਾਰ ਅਤੇ ਮਾਡਗੁਲਕਰ ਨੇ ਬਹੁਤ ਅੱਛੇ ਮਨੋ-ਵਿਗਿਆਨਕ ਨਾਵਲਾ ਦੇ ਪ੍ਰਯੋਗ ਕੀਤੇ ਹਨ । ਇਹ ਵਿਭਾਗ ਮਰਾਠੀ ਦੇ ਅਧੁਨਿਕ ਸਾਹਿਤ ਵਿਚ ਸਭ ਤੋਂ ਵਧ ਪੱਕਾ (ਪਰਿਪੁਸ਼ਟ) ਹੈ । ਅਜ ਦੇ ਨਾਵਲਾਂ ਵਿਚ ਸ੍ਰੀ ਨਾ. ਪੇਂਡਸੇ ਦੇ "ਗਰੰਬੀਚਾ ਬਾਪੂ" ਅਤੇ ਗੋ. ਨੀ. ਦਾਂਡੇਕਰ ਦਾ "ਸ਼ਿਤ" ਹੈ । ਇਨ੍ਹਾਂ ਦੇ ਸਬੰਧ ਵਿਚ ਵਿਸਥਾਰ ਨਾਲ ਚਰਚਾ ਮੈਨੇ "ਹੰਸ" (1935) ਵਿਚ "ਤਿੰਨ ਮਰਾਠੀ ਨਾਵਲਿਸਟ" ਅਤੇ "ਸਾਹਿਤ-ਸੰਦੇਸ਼" ਦੇ ਨਾਵਲ-ਨੰਬਰ ਵਿਚ "ਮਰਾਠੀ ਦੇ ਰਾਜਨੀਤਕ ਨਾਵਲ" ਅਤੇ "ਉਪਨਿਆਸਕ ਮਨੋਵਿਗਿਆਨਕਤਾ" ਨਾ ਦੀ ਲੇਖ ਲੜੀ ਦੇ ਪਹਿਲੇ "ਲੇਖ ਅੰਕ" ਵਿਚ ਕੀਤੀ ਹੈ ।

"ਪਿੱਛਲੇ 10 ਸਾਲਾਂ ਵਿਚ ਮਰਾਠੀ ਨਾਵਲ ਵਿਚ ਵਿਵਿਧਤਾ (ਵਿਭਿੰਨਤਾ, ਆਈ ਹੈ ਅਤੇ ਉਸਦਾ ਖੇਤਰ ਜ਼ਿਆਦਾ ਵਿਸ਼ਾਲ ਹੋ ਗਿਆ ਹੈ । ਰਾ. ਵਾ. ਦਿਘੇ ਦੇ ਨਾਵਲਾਂ ਦੀ ਪ੍ਰਮੁੱਖ ਵਿਸ਼ੇਸ਼ਤਾ ਹੈ ਪੇਂਡੂ ਜੀਵਨ ਦਾ ਚਿਤਰਣ ਜਿਸਦੇ ਅੰਤਰਗਤ ਭੀਲ ਆਦਿ ਆਦਮ ਜਾਤਾਂ ਵੀ ਆ ਜਾਂਦੀਆਂ ਹਨ । ਮਾਨਸੂਨ, ਫਸਲਾਂ, ਹੜ੍ਹ, ਪਹਾੜੀ ਜੀਵਨ ਆਦਿ ਦੇ ਵਰਣਨ ਦੇ ਨਾਲ ਹੀ ਨਾਲ ਉਨ੍ਹਾਂ ਨੇ ਜਨ-ਜਾਤਾ ਦੇ ਸੁਭਾਵਕ ਮਨੋਵੇਗਾਂ ਦਾ ਜੋ ਚਿਤਰਣ ਕੀਤਾ ਹੈ ਉਸਨੇ ਨਾਵਲ ਵਿਚ ਇਕ ਨਵੀਂ ਜਾਨ ਪਾ ਦਿੱਤੀ । ਸ੍ਰੀਧਰ ਦੇਸ਼ਪਾਂਡੇ ਟੈਕਨੀਕ ਵਿਚ ਫੜਕੇ ਦੇ ਕਲਾ-ਸੰਪਰਦਾਯ ਦੇ ਅੰਤਰਗਤ ਆਉਂਦੇ ਹਨ ਪਰ ਉਨ੍ਹਾਂ ਨੇ ਆਪਣੀਆਂ ਕਥਾਵਾਂ ਵਿਚ ਮਹਾਂਰਾਸ਼ਟਰਤਰ ਕਥਾਵਾਂ ਦੀ ਪ੍ਰਿਸ਼ਟਭੂਮੀ ਗ੍ਰਹਿਣ ਕਰਕੇ ਨਾਵਲ ਦੇ ਖੇਤਰ ਨੂੰ ਵਿਸ਼ਾਲ ਬਣਾਇਆ ਹੈ । ਬੇਡੇਕਰ ਨੇ ਕੇਵਲ ਇਕ ਹੀ ਨਾਵਲ ਲਿਖਿਆ ਹੈ "ਰਣਾਂਗਣ", ਪਰ ਉਸ ਦੀਆਂ ਘਟਨਾਵਾਂ ਦਾ ਦੇਸ਼ ਵਿਦੇਸ਼ ਦੋਹਾਂ ਨਾਲ ਸਬੰਧ ਹੋਣ ਕਰਕੇ ਅਤੇ ਉਨ੍ਹਾਂ ਦੀ ਟੈਕਨੀਕ ਕੁਸ਼ਲਤਾ ਕਾਰਨ ਉਸਦੀ ਵਖਰੀ ਥਾਂ ਹੈ । ਇਸ ਲੇਖਕ ਦੀ ਮਾਨਵ ਪ੍ਰਤਿ ਡੂੰਘੀ ਹਮਦਰਦੀ ਅਤੇ ਅਨਭੂਤੀ ਦੀ ਸਚਾਈ ਸ਼ੱਕ ਰਹਿਤ ਹੈ । "ਠੋਕਲ" ਪੇਂਡੂ ਜੀਵਨ ਦੇ ਚਿਤਰਣ ਲਈ ਪ੍ਰਸਿੱਧ ਹੈ । ਸੰਨ 1942 ਦੀਆਂ ਘਟਨਾਵਾਂ ਦੇ ਅਧਾਰ ਤੇ ਵੀ ਕਈ ਸਫਲ ਨਾਵਲਾਂ ਦੀ ਰਚਨਾ ਕੀਤੀ ਗਈ ਹੈ । ਸ਼ਿਖਾਡਕਰ ਦੇ ਨਾਵਲ "ਵੈਸ਼ਨਵ" ਵਿਚ ਇਕ ਸਾਧਾਰਨ ਆਤਮ ਵਿਸ਼ਵਾਸ਼ ਰਹਿਤ ਸਿਖਿਆਕ ਦੇ ਚਿਤਰਣ ਲਈ ਪ੍ਰਿਸ਼ਟਭੂਮੀ ਦੇ ਰੂਪ ਵਿਚ ਇਨ੍ਹਾਂ

ਘਟਨਾਵਾਂ ਦੀ ਵਰਤੋਂ ਕੀਤੀ ਗਈ ਹੈ । 1940 ਤੋਂ ਮਗਰੋਂ ਪਾਤਰਾਂ ਅਤੇ ਪ੍ਰਿਸ਼ਟਭੂਮੀ ਦੇ ਖੋਜਣ ਵਿਚ ਸਮਾਜਕ-ਆਰਥਕ ਵਿਚਾਰਾਂ ਦਾ ਦਬਾਓ ਸਪੱਸ਼ਟ ਹੀ ਵੱਧਦਾ ਚਲਿਆ ਜਾਂਦਾ ਹੈ, ਪਰੰਤੂ ਇਸ ਨਵੇਂ ਤੱਤ ਨੂੰ ਨਾਵਲ ਅਜੇ ਪੂਰੀ ਤਰ੍ਹਾਂ ਢੂੰਡ (ਜਾਂਚ) ਨਹੀਂ ਸਕਿਆ ਹੈ । "ਪ੍ਰਾ. ਕੁਸਮਾਵਤੀ ਦੇਸ਼ਪਾਂਡੇ ਦੇ ਇਹ ਸ਼ਬਦ ਬਹੁਤ ਯਥਾਰਥ ਹਨ ।

## ਮਰਾਠੀ ਕਹਾਣੀ

ਕਹਾਣੀ ਦੇ ਖੇਤਰ ਵਿਚ ਪਿੱਛੇ ਵਰਣਨ ਕੀਤੇ ਨਾਵਲਿਸਟਾਂ ਨੇ (ਪੁ. ਯ. ਦੇਸ਼ਪਾਂਡੇ ਨੂੰ ਛੱਡਕੇ) ਆਪਣੀ ਲੇਖਨੀ ਸਫਲਤਾ ਨਾਲ ਚਲਾਈ ਹੈ । ਇਸ ਖੇਤਰ ਵਿਚ ਅਣਗਿਣਤ ਲੇਖਕ ਆਧੁਨਿਕ ਕਾਲ ਵਿਚ ਪ੍ਰਸਿੱਧ ਹਨ । ਫੇਰ ਵੀ ਪੁਰਾਣੇ ਖੇਵੇ (ਪੂਰ) ਦੇ ਕੁਛ ਪ੍ਰਮੁੱਖ ਕਹਾਣੀ-ਲੇਖਕਾਂ ਦੇ ਨਾਂ ਏਥੇ ਦੇਣਾ ਅਨੁਚਿਤ ਨਹੀਂ ਹੋਵੇਗਾ । ਵਿ. ਸਿ. ਗੁਰਜਰ, ਦਿਵਾਕਰ ਕ੍ਰਿਸਣ, ਪ੍ਰ. ਸ਼੍ਰੀ ਕੋਲਹਟਕਰ, ਕੁਮਾਰ ਰਘੁਬੀਰ, ਬੋਕੀਲ, ਦੋਂਦਕਰ, ਲਖਸ਼ਮਣ ਰਾਵ ਸਰਦੇ-ਸਾਈ, ਮੁਕਤਾਬਾਈ ਲੇਲੇ, ਯ. ਗੋ. ਜੋਸ਼ੀ, ਵਾਮਣ ਘੋਰਪੜੇ, ਠੋਕਲ, ਅਨੰਤ ਕਾਣੇਕਰ, ਸਾਮਰਾਵ ਓਕ ਆਦਿ, ਕਹਾਣੀ ਦੇ ਵਿਸ਼ੇ ਅਤੇ ਟੈਕਨੀਕ ਵਿਚ ਵੀ ਲੋੜੀਂਦਾ ਸੁਧਾਰ ਅਤੇ ਤਰੱਕੀ ਹੁੰਦੀ ਗਈ । ਵਿ. ਸ. ਖਾਂਡੇਕਰ ਨੇ "ਰੂਪਕ ਕਥਾ" ਨਾਂ ਦੀਆਂ ਖਲੀਲ ਜਿਬਰਾਨ ਅਤੇ ਈਸਪ ਦੇ ਦ੍ਰਿਸ਼ਟਾਂਤਾ ਵਰਗੀ ਕਾਵਿਮਈ ਛੋਟੀਆ ਛੋਟੀਆਂ ਕਥਾਵਾਂ ਬਹੁਤ ਪ੍ਰਚਲਤ ਕੀਤੀਆ । ਉਸੇ ਤਰ੍ਹਾਂ ਛੋਟੀਆ ਕਥਾਵਾਂ ਵੀ ਬਹੁਤ ਸਾਰੀਆਂ ਲਿਖੀਆਂ ਗਈਆਂ, ਜਿਸ ਵਿਚ ਵਿਅੰਗ ਦੀ ਪ੍ਰਧਾਨਤਾ ਦਿੱਤੀ ਗਈ ਹੈ । ਚਰਿਤਰ ਪ੍ਰਧਾਨ, ਵਾਤਾਵਰਣ ਪ੍ਰਧਾਨ-ਕਹਾਣੀਆਂ ਘਟਨਾ ਪ੍ਰਧਾਨ ਕਹਾਣੀਆ ਨਾਲੋਂ ਜਿਆਦਾ ਪ੍ਰਚਲਤ ਹਨ । ਛੋਟੀਆਂ ਛੋਟੀਆਂ ਕਹਾਣੀਆਂ, ਜਿਨ੍ਹਾਂ ਵਿਚ ਮੋਪਾਂਸਾਂ ਵਾਂਗ ਮਾਨਵ ਪ੍ਰਕਿਰਤੀ ਦੇ ਕੁਛ ਵਰਣਨ ਕੀਤੇ ਗਏ ਸਥੱਲਾਂ (ਥਾਵਾਂ) ਅੰਕਨ ਹੋਵੇ ਜਾ ਓ. ਹੈਨਰੀ ਵਾਂਗ ਇਕ ਦਮ ਬਦਲਦੇ ਅੰਤ ਨਾਲ ਕੋਈ ਚਮਤਕਾਰ ਹੋਵੇ ਜਾ ਰੂਸੀ ਕਹਾਣੀ ਲੇਖਕਾਂ ਵਾਂਗ ਵਾਸਤਵਿਕ ਜੀਵਨ ਦੀ ਵਿਸ਼ਮਤਾ ਦਾ ਕੌੜਾ ਕਠੋਰ ਚਿਤਰਣ ਹੋਵੇ-ਮਰਾਠੀ ਵਿਚ ਜਿਆਦਾ ਪ੍ਰਚਲਤ ਹਨ । ਇਸ ਸਬੰਧ ਵਿਚ ਵਿਸ਼ੇਸ਼-ਜਾਣਕਾਰੀ ਲਈ ਸਰਸਵਤੀ ਪ੍ਰੈਸ ਤੋਂ ਪ੍ਰਕਾਸਤ ਗਲਪ-ਸੰਸਾਰ-ਮਾਲਾ ਦੇ ਮਰਾਠੀ ਵਿਭਾਗ ਦੀ ਵਾਮਨ ਘੋਰਪੜੇ ਵੱਲੋਂ ਲਿਖੀ ਭੂਮਿਕਾ ਪੜ੍ਹਨ ਯੋਗ ਹੈ ।

ਪ੍ਰਾ. ਮ. ਨਾ. ਅਦਵੰਤ ਨੇ "ਮਹਾਂਰਾਸਟਰ-ਸਾਹਿਤ ਪੱਤਰਕਾ" ਵਿਚ ਆਧੁਨਿਕ ਮਰਾਠੀ ਕਹਾਣੀ ਤੇ ਇਕ ਸਮੀਖਿਆਤਮਕ ਲੇਖ ਲਿਖਿਆ ਸੀ ਜਿਸ ਅਨੁਸਾਰ...

"ਮਰਾਠੀ ਕਹਾਣੀ ਸਾਹਿਤ ਦੇ ਇਤਿਹਾਸ ਤੇ ਸਰਸਰੀ ਨਜ਼ਰ ਮਾਰਨ ਤੇ ਸਾਨੂੰ ਪਤਾ ਲਗੇਗਾ ਕਿ ਹਰ ਇਕ ਕਾਲ ਖੰਡ ਵਿਚ ਉਸਦੇ ਸਰੂਪ ਵਿਚ ਤੱਬਦੀਲੀ ਹੁੰਦੀ ਗਈ । ਉਦੇਸ਼ ਅਤੇ ਪ੍ਰਗਟਾਅ ਦੋਹਾਂ ਵਿਚ ਉਹ ਅਗਾਂਹ ਵਧੂ ਰਹੀ ਹੈ । ਸ੍ਵ. ਹਰੀਨਾਰਾਇਣ ਆਪਟੇ ਦੇ ਸਮੇਂ ਦੀ ਸਿਧੀ-ਸਾਦੀ ਬਾਲਬੋਧ ਕਹਾਣੀ ਨੂੰ ਸ੍ਰੀ ਵਿ. ਸਿ. ਗੁਰਜਰ, ਜੀ ਨੇ ਆਕਰਸ਼ਕ ਅਤੇ ਕਲਾਮਈ ਰੂਪ ਦਿੱਤਾ । ਚਰਿਤ੍ਰ ਚਿਤਰਣ ਵੱਲ ਧਿਆਨ ਦਿੰਦੇ ਹੋਏ ਸ੍ਰੀ ਦਿਵਾਕਰ

ਕ੍ਰਿਸ਼ਨ ਨੇ ਕਹਾਣੀ ਦੇ ਉਸ ਅੰਗ ਨੂੰ ਪੁੱਸ਼ਟ (ਪਕਾ) ਕੀਤਾ । ਪ੍ਰੋ. ਨਾ. ਸੀ ਫੜਕੇ ਨੇ ਕਹਾਣੀ ਨੂੰ ਤੰਤਰਬੱਧ (ਟੈਕਨੀਕ) ਸੁਗਠਿਤ ਸਰੂਪ ਦੇਕੇ ਉਸ ਨੂੰ ਦਿਲਕਸ਼ ਸਤਰੰਗੀ ਭਾਸ਼ਾ ਦਾ ਨਵਾਂ ਪਹਿਰਾਵਾ ਪਹਿਨਾਇਆ ਅਤੇ ਉਸ ਦੀ ਸੁੰਦਰਤਾ ਨੂੰ ਚਾਰ ਚੰਨ ਲਗਵਾਏ । ਸ੍ਰੀ ਖਾਂਡੇਕਰ ਨੇ ਉਸ ਨੂੰ ਜੀਵਨ ਦੇ ਪ੍ਰਤੀ ਉਨਮੁਖ (ਝੁਕਿਆ) ਅਤੇ ਆਦਰਸ਼ਵਾਦੀ ਬਣਾਇਆ । ਸ੍ਰੀ ਯ. ਗੋ. ਜੋਸ਼ੀ ਅਤੇ ਬੋਕਿਲ ਜੀ ਉਸ ਨੂੰ ਘਰੇਲੂ ਵਾਤਾਵਰਣ ਵਿਚ ਫਿਰਾ ਲਿਆਏ । ਸ੍ਰੀ ਲਖਸ਼ਮਣ ਰਾਵ ਸਰਦੇਸਾਈ ਨੇ ਉਸ ਤੇ ਗੋਮਾਂਤਕ ਦੀ ਪ੍ਰਿਸ਼ਟਭੂਮੀਂ ਦਾ ਰੰਗ ਚੜ੍ਹਾਇਆ । ਅਤੇ ਪ੍ਰੋ. ਵਾਮਨ ਘੋਰਪੜੇ ਨੇ ਉਸ ਨੂੰ ਕਾਵਿਮਈ ਰੂਪ ਦਿੱਤਾ । ਉਂਜ 1939 ਤਕ ਕਹਾਣੀ ਦਾ ਖੇਤਰ ਅਨੇਕ ਲੇਖਕ ਲੇਖਕਾਵਾਂ ਤੋਂ ਫਲਿਆ ਫੁਲਿਆ ਅਤੇ ਇਸ ਖੇਤਰ ਵਿਚ ਲਘੂਤਮ ਕਹਾਣੀ ਜਿਹੀ ਨਵੀਂ ਚੀਜ਼ ਸਿਰੇ ਤੋਂ ਆਪਣਾ ਸਥੱਲ ਮਜ਼ਬੂਤ ਕਰਦੀ ਹੋਈ ਵੱਖ ਵੱਖ ਰਸਾਂ ਦੀ.ਪਾਲਣਾ ਕਰਦੀ ਚਲੀ ਜਿਸ ਵਿਚ ਅਜਿਹਾ ਲਗਦਾ ਸੀ ਕਿ ਮਰਾਠੀ ਕਹਾਣੀ ਉੱਨਤੀ ਦੀ ਆਖ਼ਰੀ ਟੀਸੀ ਤੇ ਪਹੁੰਚ ਗਈ ਹੈ ।

ਪਰ ਇਸ ਸਮੇਂ ਦੂਸਰੀ ਸੰਸਾਰ ਜੰਗ ਛਿੜ ਗਈ । 1936 ਦੇ ਕੁਛ ਸਮੇਂ ਤਕ ਇਸ ਖੇਤਰ ਵਿਚ ਬੜੀ ਢਿਲ ਆ ਗਈ । ਅੱਛੀਆਂ ਕਹਾਣੀਆਂ ਦੀ ਸਿਰਜਣਾ ਨਾ ਹੋ ਸਕੀ ਅਤੇ ਇਹ ਸ਼ਿਕਾਇਤ ਸੁਣਾਈ ਦਿੱਤੀ ਕਿ ਅੱਜ ਕਲ੍ਹ ਅੱਛੀਆਂ ਕਹਾਣੀਆ ਲਿਖੀਆਂ ਹੀ ਨਹੀਂ ਜਾਂਦੀਆਂ । ਪੁਰਾਣੀ ਪੀਹੜੀ ਦੇ ਪ੍ਰਤੀਨਿੱਧ ਕਹਾਣੀ ਲੇਖਕ ਸ੍ਰੀ ਫੜਕੇ, ਖਾਂਡੇਕਰ ਆਦਿ ਦਾ ਲੇਖਨ ਇਸ ਖੇਤਰ ਵਿਚ ਆਸ ਮੁਜਬ ਘੱਟ ਹੀ ਹੁੰਦਾ ਗਿਆ । ਨਵੇਂ ਲੇਖਕ ਅਜੇ ਹੁਣੇ ਹੀ ਇਸ ਖੇਤਰ ਵਿਚ ਪੈਰ ਧਰ ਰਹੇ ਸਨ । ਇਨ੍ਹਾਂ ਚਾਰ ਸਾਲਾਂ ਵਿਚ ਲਘੂਕਥਾ-ਮੁਕਾਬਲੇ ਵੀ ਸ਼ੁਰੂ ਕੀਤੇ ਗਏ ਤਾਂਕਿ ਮਰਾਠੀ ਕਹਾਣੀ ਸਾਹਿਤ ਵਿਚ ਅੱਛੀਆਂ ਮੌਲਿਕ ਕਹਾਣੀਆਂ ਲਿਖੀਆਂ ਜਾਣ । ਪਰ ਇਸ ਤੋਂ ਕੋਈ ਲਾਭ ਨਾ ਹੋਇਆ । ਵੱਧੀਆ ਕਹਾਣੀਆਂ ਦੀ ਘਾਟ ਹੀ ਰਹੀ ।

1942 ਮਗਰੋਂ ਇਸ ਖੇਤਰ ਵਿਚ ਤੱਬਦੀਲੀ ਹੋਈ । ਨਵੇਂ ਕਹਾਣੀ-ਲੇਖਕ ਇਸ ਖੇਤਰ ਵਿਚ ਅੱਗੇ ਵੱਧੇ, ਉਨ੍ਹਾਂ ਦੀਆਂ ਕਹਾਣੀਆਂ ਪੁਰਾਣੀ ਮਿਥੀ ਰੀਤ ਨੂੰ ਛੱਡ ਕੇ ਨਵੇਂ ਰੂਪ ਵਿਚ ਸਾਹਮਣੇ ਆਈਆਂ । ਇਨ੍ਹਾਂ ਨਵੀਆਂ ਕਹਾਣੀਆ ਵਿਚ ਜੀਵਨ ਦੇ ਜ਼ਿਆਦਾ ਯਥਾਰਥ ਸੂਖਮ ਅਤੇ ਵੱਖ ਵੱਖ ਪਹਿਲੂਆਂ ਤੋਂ ਅਤੇ ਭੂਮਿਕਾਵਾਂ ਦੇ ਦਰਸਨ ਹੋਣ ਲਗੇ । ਮਨੋਵਿਗਿਆਨਕ ਸੱਚ ਦੇ ਨਵੇਂ ਰੂਪ ਦੀ ਨਵੀਂ ਖੋਜ ਉਸ ਵਿਚ ਮਿਲੀ । ਟੈਕਨੀਕ ਦੀ ਜਕੜੀ ਜੰਜੀਰ ਨੂੰ ਤੋੜਕੇ ਮਰਾਠੀ-ਕਹਾਣੀ ਸੁਤੰਤਰਤਾ ਨਾਲ ਵਿਚਰਣ ਲਗੀ । ਕਾਰੀਗਰੀ ਤੋਂ ਵੱਧਕੇ ਕਲਾ-ਨਿਰਮਿਤ ਨੂੰ ਹੀ ਵੱਧੀਆ ਮੰਨਿਆ ਗਿਆ । ਜਿਸ ਨਾਲ ਘਟਨਾਵਾਂ ਦਾ ਢਾਂਚਾ ਢਿੱਲਾ ਪੈ ਗਿਆ ਅਤੇ ਘਟਨਾਵਾਂ ਨਾਲੋਂ ਵੀ ਉਨ੍ਹਾਂ ਦੇ ਪਿੱਛੇ ਜੜ ਵਿਚ ਕੰਮ ਕਰਨ ਵਾਲੀ ਚਿਤ-ਵਿਰਤੀ ਨੂੰ ਮਹੱਤਵ ਦਿੱਤਾ ਗਿਆ । ਮਨੁੱਖੀ ਮਨ ਦੀਆਂ ਸੂਖਮਤਾਵਾਂ ਦੀ ਖੋਜ ਵਿਚ ਚਰਿਤਰ ਚਿਤਰਨ ਦੀ ਨਵੀਂ ਟੈਕਨੀਕ ਉਸਨੇ ਅਪਣਾਈ । ਉਦੇਸ਼ ਅਤੇ ਪ੍ਰਗਟਾਅ ਦੋਹਾਂ ਵਿਚ ਨਵੀਂ ਕਹਾਣੀ ਨੇ ਮੂਢੋਂ ਤੱਬਦੀਲੀ ਕਰ ਦਿੱਤੀ ।

ਪਿੱਛਲੇ 8 ਸਾਲਾਂ ਵਿਚ ਮਰਾਠੀ ਦੇ ਕਹਾਣੀ ਖੇਤਰ ਵਿਚ ਨਾਮਨਾ ਖੱਟਣਾ ਵੀ ਸ਼ੁਰੂ

ਅਰਵਿੰਦ ਗੋਖਲੇ, ਸ੍ਰੀ ਗੰਗਾਧਰ ਗਾਡਗਿਲ, ਸ੍ਰੀ ਪੁ. ਭਾ. ਭਾਵੇ, ਸ਼੍ਰੀ ਵਿਅੰਕਟੇਸ਼ ਮਾਗਗੁਲ-ਕਰ ਆਦਿ ਲੇਖਕਾਂ ਦੀਆਂ ਕਹਾਣੀਆਂ ਨੂੰ ਪੜ੍ਹਨ ਤੇ ਸਾਨੂੰ ਸਾਫ਼ ਪਤਾ ਲਗੇਗਾ ਕਿ ਉਦੇਸ਼ ਅਤੇ ਪ੍ਰਗਟਾਅ ਵਿਚ ਕਿਸ ਤਰ੍ਹਾਂ ਕਿੰਨੀ ਤੱਬਦੀਲੀ ਹੋ ਗਈ ਹੈ। ਜੇ ਇਹ ਮੰਨ ਲਈਏ ਕਿ ਅੱਜ ਕਲ੍ਹ ਦੇ ਕਹਾਣੀ ਲੇਖਕਾਂ ਵਿਚ ਇਹ ਚਾਰੇ ਪ੍ਰਤਿਨਿੱਧ ਕਹਾਣੀ ਲੇਖਕ ਹਨ ਤਾਂ ਸੁਭਾਵਕ ਹੀ ਉਨ੍ਹਾਂ ਦੀਆਂ ਕਹਾਣੀਆਂ ਦੇ ਗੁਣ ਦੋਸ਼ ਹੀ ਅੱਜ ਦੀ ਕਹਾਣੀ ਦੇ ਗੁਣ ਦੋਸ਼ ਹੋ ਸਕਣਗੇ ਅਤੇ ਜੇ ਅਸੀਂ ਕਹਾਣੀ ਨੂੰ ਸਮਝ ਲੈਣਾ ਚਾਹੁੰਦੇ ਹਾਂ ਤਾਂ ਇਨ੍ਹਾਂ ਚਾਰਾਂ ਦੀਆਂ ਕਹਾਣੀਆਂ ਨੂੰ ਜਾਣਨ ਅਤੇ ਗੁਣਨ ਦੀ ਜ਼ਰੂਰਤ ਹੈ।

ਨਵੇਂ ਕਹਾਣੀ ਲੇਖਕਾਂ ਨੇ ਪੁਰਾਣੇ ਸੰਕੇਤਾਂ ਨੂੰ ਬਹੁਤ ਹੱਦ ਤਕ ਠੁਕਰਾ ਦਿੱਤਾ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਨਵੀਂ ਕਹਾਣੀ ਜੀਵਨ ਦੀਆਂ ਸਾਰੀਆਂ ਤੈਹਾਂ ਵਿਚ ਬੈਠਕੇ ਮਨੁੱਖ ਦੇ ਜੀਵਨ ਅਤੇ ਮਨ ਦਾ ਉਤਸੁਕਤਾ (ਹੈਰਾਨੀ) ਨਾਲ ਨਿਰੀਖਣ ਕਰ ਰਹੀ ਹੈ ਜਿਸ ਨਾਲ ਨਵੀਂ ਕਹਾਣੀ ਦਾ ਸਰੂਪ ਬਹੁਤ ਵਿਸ਼ਾਲ ਹੋਇਆ ਹੈ।

ਸਮਾਜ ਦੇ ਵੱਖ ਵੱਖ ਸਟੈਂਡਰਡ, ਵੱਖ ਵੱਖ ਸੁਭਾਅ ਅਤੇ ਉਮਰ ਦੇ ਲੋਕ, ਵੱਖ ਵੱਖ ਅਨੁਭਵ ਅਤੇ ਵੱਖ ਵੱਖ ਘਟਨਾਵਾਂ ਦਾ ਤਜਰਬਾ ਅੱਜ ਦੀ ਕਹਾਣੀ ਵਿਚ ਹੋ ਰਿਹਾ ਹੈ। ਖ਼ਾਸਕਰ ਦੂਸਰੀ ਵੱਡੀ ਲੜਾਈ, ਦੇਸ਼ ਵੰਡ ਏਧਰ ਓਧਰ ਫੈਲਿਆ ਭ੍ਰਿਸ਼ਟਾਚਾਰ, ਹੱਤਿਆ ਕਾਂਡ ਆਦਿ ਜੋ ਘਟਨਾਵਾਂ ਪਿੱਛਲੇ ਅੱਠ ਸਾਲਾਂ ਵਿਚ ਵਾਪਰੀਆਂ ਉਨ੍ਹਾਂ ਦਾ ਅਸਰ ਵੀ ਨਵੀਂ ਕਹਾਣੀ ਤੇ ਹੋਏ ਬਿਨ੍ਹਾਂ ਨਹੀਂ ਰਿਹਾ। ਅੱਜ ਦੀ ਨਵੀਂ ਕਹਾਣੀ ਨਵੀਨ ਕਾਵਿ ਵਾਂਗ ਉਜੜੀ ਹੋਈ ਦੁਨੀਆ ਤੋਂ ਬਣੀ ਹੈ। ਅੱਜ ਉਹ ਮਨੁੱਖ ਕਹਾਣੀ ਦਾ ਵਿਸ਼ਾ ਬਣ ਗਿਆ ਹੈ ਜਿਸਦਾ ਮਨੁੱਖੀ ਆਦਰਸ਼ਾਂ ਤੋਂ ਵਿਸਵਾਸ਼ ਉਠ ਗਿਆ ਹੈ। ਜਿਸਦੇ ਜੀਵਨ ਦੀ ਖ਼ੁਸ਼ੀ ਅਤੇ ਸੁੰਦੱਰਤਾ ਨੱਸ਼ਟ ਹੋ ਗਈ ਹੈ ਅਤੇ ਮਸ਼ੀਨੀ ਯੁੱਗ ਦੇ ਜੀਵਨ ਤੇ ਗ਼ਰੀਬੀ ਦੀ ਚੱਕੀ ਵਿਚ ਪਿਸ ਜਾਣ ਨਾਲ ਜੋ ਹੋਸ਼-ਹੀਨ ਬਣਿਆ ਹੈ। ਅੱਜ ਨਵੀਆਂ ਕਹਾਣੀਆਂ ਵਿਚ ਉਸ ਦਾ ਚਿਤਰਣ ਮਿਲਦਾ ਹੈ ਜੋ ਦੇਸ਼ ਦੀ ਵੰਡ ਕਾਰਨ ਜਲਦੀ ਅੱਗ ਵਿਚ ਝੁਲਸਕੇ ਨਿਕਲੇ ਹਨ। ਨੀਵੀਂ ਸ਼੍ਰੇਣੀ ਦੇ ਉਪੇਕਸ਼ਤਾਂ (ਜਿਨ੍ਹਾਂ ਦੀ ਪ੍ਰਵਾਹ ਨਾ ਕੀਤੀ ਜਾਵੇ) ਦੇ ਜੀਵਨ ਸਬੰਧੀ ਰਹਿਣ ਵਾਲੀ ਉਤਸੁਕਤਾ ਵੀ ਅੱਜ ਦੀ ਕਹਾਣੀ ਦੀ ਕਥਾ ਵਸਤੂ ਬਣਿਆ ਹੈ, ਇਸ ਨਾਲ ਅੱਜ ਦੀ ਕਹਾਣੀ ਦਾ ਘੇਰਾ ਵਿਸ਼ਾਲ ਹੋ ਗਿਆ ਹੈ। ਪੁਰਾਣੀ ਕਹਾਣੀ ਦੇ ਚਾਰੇ ਪਾਸੇ ਰਹਿਣ ਵਾਲੀ ਚਾਰ ਦੀਵਾਰੀ ਢਾ ਰਹੀ ਹੈ ਅਤੇ ਉਸ ਨੂੰ ਵਿਸ਼ਾਲ ਦੁਨੀਆ ਦੇ ਦਰਸ਼ਨ ਕਰਨ-ਕਰਵਾਉਣ ਦੀ ਕੋਸ਼ਿਸ਼ ਨਵ ਕਹਾਣੀ ਲੇਖਕ ਕਰ ਰਹੇ ਹਨ, ਇਹ ਕਮਾਲ ਦੀ ਗੱਲ ਹੈ।

ਅੱਜ ਦੀ ਨਵੀਂ ਕਹਾਣੀ ਵਿਚ ਕਥਾ ਵਸਤੂ ਲਈ ਮਹੱਤਵ ਨਹੀਂ ਹੈ। ਟੈਕਨੀਕ ਦੀ ਬੱਧੀ ਹੋਈ ਚੌਖਟ ਉਹ ਤੋੜ ਬੈਠੀ ਹੈ, ਜਿਸ ਨਾਲ ਅੱਜ ਦੀ ਨਵੀਨ ਕਹਾਣੀ ਵਿਚ ਪ੍ਰਤਿਭਾ ਦੇ ਬੇਰੋਕ ਟੋਕ ਵਿਚਰਨ ਨੂੰ ਜ਼ਿਆਦਾ ਮੌਕਾ ਮਿਲਿਆ ਹੈ। ਇਕ ਅਧ ਮਨੋਵਿਰਤੀ, ਕੋਈ ਭਾਵ-ਛੋਟਾ ਜਾਂ ਅੰਤਰ-ਦਵੰਦ ਵੀ ਕਹਾਣੀ ਦਾ ਵਿਸ਼ਾ ਹੋ ਸਕਦਾ ਹੈ। ਕਥਾ ਵਸਤੂ ਸ਼ਬਦ ਦੇ ਪ੍ਰਚਲਤ ਅਰਥ ਨੂੰ ਛੱਡਕੇ ਅਤਿਅੰਤ ਸੂਖਮ ਤੇ ਸਰਲ ਮਨੋਵਿਰਤੀਆਂ ਨੂੰ ਵੀ ਲੇਖਕਾਂ ਨੇ

ਕਥਾ ਵਸਤੂ ਬਣਾਇਆ ਹੈ। ਪੁਰਾਣੀ ਪਰੰਪਰਾ ਦੇ ਬੰਨੇ ਹੋਏ ਸੰਕੇਤਾਂ ਤੇ ਕੀਤਾ ਹੱਲਿਆ ਇਹ ਵਾਰ ਕੁਝ ਸਜਣਾ ਨੂੰ ਅਸਹਿ ਹੋ ਗਿਆ ਅਤੇ ਉਨ੍ਹਾਂ ਨੇ ਨਵੀਂ ਕਹਾਣੀ ਦੇ ਵਿਰੋਧ ਵਿਚ ਆਵਾਜ਼ ਉਠਾਉਣੀ ਸ਼ੁਰੂ ਕੀਤੀ। ਸ੍ਰੀ ਗੰਗਾਧਰ ਗਾਡਗਿਲ ਦੀ 'ਬਿਨ ਚੇਹਰਯਾਚੀ' ਸੰਧਯਾਕਾਲ' ਭਾਵੇ ਜੀ ਦੀ 'ਧਜਾਸ' ਅਰਵਿੰਦ ਗੋਖਲੇ ਦੀ 'ਮਾਹੇਰ' ਅਤੇ 'ਕਾਰਤਵੇਲ' ਆਦਿ ਕਹਾਣੀਆਂ ਵਿਚ ਕਥਾ ਵਸਤੂ ਤਾਂ ਨਹੀਂ ਦੇ ਬਰਾਬਰ ਹੈ ਫੇਰ ਵੀ ਇਹ ਕਹਾਣੀਆਂ ਵੱਧੀਆ ਮੰਨੀਆਂ ਗਈਆਂ ਹਨ।

ਅੱਜ ਦੀ ਨਵੀਨ ਕਹਾਣੀ ਅੰਤਰਮੁੱਖੀ ਹੋ ਗਈ ਹੈ। ਬਾਹਰੀ ਭਾਵਨਾਵਾਂ ਦੇ ਪ੍ਰਗਟਾਅ ਵਿਚ ਹੀ ਸੰਤੁੱਸ਼ਟ ਨਾ ਰਹਿਕੇ ਮਨੁੱਖ ਦੇ ਮਨ ਦੀਆਂ ਛੁੱਪੀਆਂ ਪ੍ਰਵਿਰਤੀਆਂ ਅਤੇ ਸੰਗਿਆ ਵਹਾਂਵਾਦਾ ਚਿਤਰਣ ਉਹ ਤੇਜ਼ (ਘੋਖਵੀਂ) ਨਜ਼ਰ ਨਾਲ ਅਤੇ ਕਲਾ ਦੇ ਸਹਾਰੇ ਬਿਆਨ ਕਰ ਰਹੀ ਹੈ। ਨਤੀਜੇ ਦੇ ਤੌਰ ਤੇ ਉਸ ਦੀ ਜਦੋ-ਜਹਿਦ ਦੇ ਰੂਪ ਵਿਚ ਸਹਿਜ ਹੀ ਤਬਦੀਲੀ ਹੋ ਗਈ ਹੈ।"

**ਨਾਟਕ ਅਤੇ ਰੰਗਮੰਚ (ਸਟੇਜ)**—ਕਾਵਿ ਨਾਲ ਜੁੜਿਆ ਹੋਇਆ ਸਾਹਿਤ ਦਾ ਦੂਸਰਾ ਅੰਗ ਹੈ ਨਾਟਕ। ਕਿਸਮਤ ਨਾਲ ਮਰਾਠੀ ਦਾ ਰੰਗਮੰਚ ਬਹੁਤ ਵੱਧਣ ਫੁੱਲਣ ਦੀ ਹਾਲਤ ਵਿਚ ਰਿਹਾ ਹੈ। 1943 ਵਿਚ ਉਸ ਦਾ ਸੌ ਸਾਲਾ ਉਤਸੱਵ ਵੀ ਮਹਾਂਰਾਸ਼ਟਰ ਵਿਚ ਹਰ ਥਾਂ ਮਨਾਇਆ ਗਿਆ। ਰੰਗ-ਭੂਮੀਂ ਦੇ ਇਸ ਵਿਕਾਸ ਦਾ ਮਾਣ ਜਿਵੇਂ ਸਫਲ ਅਭਿਨੇਤਾ ਰਸਿਕ ਦਰਸ਼ਕਾਂ ਅਤੇ ਵੱਧੀਆ ਗਵਈਆਂ ਨੂੰ ਹੈ ਉਂਜ ਹੀ ਉੱਚੇ ਦਰਜੇ ਦੇ ਨਾਟਕਕਾਰਾਂ ਨੂੰ ਵੀ ਹੈ। ਆਧੁਨਿਕ ਨਾਟਕ ਦਾ ਅਰੰਭ ਓਵੇਂ ਹੀ ਪੁਰਾਣਕ-ਇਤਿਹਾਸਕ ਕਥਾ ਵਸਤੂ ਨੂੰ ਲੈ ਕੇ ਹੋਇਆ ਜਿਵੇਂ ਹੋਰਨਾਂ ਭਾਸ਼ਾਵਾਂ ਵਿਚ। ਸਨ 1882 ਤੋਂ ਮਗਰੋਂ ਸੰਗੀਤ ਦਾ ਰੰਗਮੰਚ ਤੇ ਬਹੁਤ ਵਿਕਾਸ ਹੁੰਦਾ ਰਿਹਾ। ਅੱਣਾ ਕਿਰਲੋਸਕਰ ਮਹਾਂਰਾਸ਼ਟਰ ਵਿਚ ਰੰਗਭੂਮੀ ਨੂੰ ਸਭ ਤੋਂ ਵੱਧ ਲੋਕਪ੍ਰਿਅ ਕਰਨ ਵਾਲੇ ਨਟ ਨਾਟਕਕਾਰ ਸਨ। ਉਨ੍ਹਾ ਤੋਂ ਮਗਰੋਂ ਦੇਵਲ ਨੂੰ ਇਹ ਮਾਣ ਦੇਣਾ ਚਾਹੀਦਾ ਹੈ ਕਿ ਉਨ੍ਹਾਂ ਨੇ ਨਾਟਕਾਂ ਨੂੰ ਉਨ੍ਹਾ ਦੇ ਪੁਰਾਣੇ ਕਲੇਵਰ ਵਿਚੋਂ ਬਾਹਰ ਕੱਢ ਕੇ ਖੁਲ੍ਹੀ ਹਵਾ ਵਿਚ ਸਮਾਜਕ ਮਸਲਿਆਂ ਦੀ ਚਰਚਾ ਵਿਚ ਲਗਾਇਆ। ਬਿਰਧ-ਵਿਆਹ ਦੇ ਰਿਵਾਜ ਤੇ "ਸ਼ਾਰਦਾ" ਨਾਂ ਦਾ ਉਨ੍ਹਾਂ ਦਾ ਨਾਟਕ ਬਹੁਤ ਹੀ ਲੋਕ-ਪ੍ਰਿਅ ਹੋਇਆ। ਸ੍ਰੀ ਪਾਦ ਕ੍ਰਿਸ਼ਨ ਕੋਲਹਟਕਰ ਨੇ ਨਾਟਕਾਂ ਵਿਚ ਸਹਿਤਕਤਾ ਦਾ ਅਰੰਭ ਕੀਤਾ। ਆਪ ਦੇ "ਮੂਲਨਾਇਕ" 'ਪ੍ਰੇਮ ਸ਼ੋਧਨ' 'ਮਤੀ ਵਿਕਾਰ' ਆਦਿ ਨਾਟਕਾਂ ਨੇ ਅਜੀਬ ਰੋਮਾਂਸ ਨੂੰ ਨਾਟਕਾਂ ਵਿਚ ਉਤਾਰਿਆ। ਪਰ ਉਨ੍ਹਾਂ ਦੇ ਨਾਟਕਾਂ ਵਿਚ ਯਥਾਰਥ ਦਾ ਪ੍ਰਗਟਾਅ ਨਹੀਂ ਸੀ। ਬਨਾਵਟ ਵੀ ਬਹੁਤ ਕੁਛ ਸੀ। ਕ੍ਰਿਸ਼ਨਾ ਜੀ ਪ੍ਰਭਾਕਰ ਖਾਡਿਲਕਰ ਦਾ "ਕੀਚਕਬਧ" (1911 ਈ:) ਸਭ ਤੋਂ ਵੱਧ ਲੋਕਪ੍ਰਿਅ ਹੋਇਆ। ਇਤਹਾਸ ਜਾਂ ਪੁਰਾਣ ਦੀ ਕਥਾ ਲੈ ਕੇ ਉਸ ਨੂੰ ਅੱਜ ਦੇ ਸਮੇਂ ਅਤੇ ਸਮੱਸਿਆਵਾਂ ਘੱਟਾਉਣ ਦੀ ਖਾਡਿਲਕਰ ਦੀ ਸ਼ੈਲੀ ਬਹੁਤ ਹੀ ਤਿੱਖੀ ਅਤੇ ਅਸਰਦਾਰ ਸੀ। ਮਾਧਵ ਨਾਰਾਇਣ ਜੋਸ਼ੀ ਨੇ ਮਰਾਠੀ ਨਾਟਕਾਂ ਨੂੰ ਸਮਾਜਕ ਯਥਾਰਥਵਾਦ ਸਿਖਾਇਆ। ਪਰਿਹਾਸ (ਮਖੌਲ) ਦੇ ਪਰਦੇ ਵਿਚ ਤਿੱਖੇ ਸਮਾਜਕ ਵਿਅੰਗ ਆਪ ਨੇ ਲਿਖੇ, ਜਿਨ੍ਹਾਂ ਵਿਚ "ਸੰਗੀਤ

ਵਿਨੋਦ" "ਸੰਗੀਤ ਸਥਾਨਕ ਸਵਰਾਜ" ਅਤੇ ਮਿਊਂਸਿਪੈਲਟੀ ਅਤੇ "ਸੰਗੀਤ ਬਹਰਾਂਬਰਾਂ ਖਾਟੀਨ" ਬਹੁਤ ਪ੍ਰਸਿੱਧ ਹਨ ।

ਨਾਟਕ ਦੇ ਖੇਤਰ ਵਿਚ ਉਂਜ ਤਾਂ ਬਹੁਤ ਪ੍ਰਯੋਗ ਹੋਏ । ਸ਼ੇਕਸਪੀਅਰ ਦੇ ਅਨੁਵਾਦਾਂ (ਤ੍ਰਾਟਕਾ, ਝੁੰਜਾਰਰਾਵ) ਤੋਂ ਲੈ ਕੇ ਕੈਰੇਲ ਕੇਪੇਕ ਦੀ "ਮਦਰ" (ਆਈ) ਨਾਇਕਾ ਅਤੇ ਇਬਸਨ ਦੇ "ਡਾਲਸ ਹਾਊਸ" (ਘਰਕੁਲ) ਤਕ ਕਈ ਚੀਜ਼ਾਂ ਯੂਰਪੀ ਰੰਗਮੰਚ ਤੋਂ ਮਰਾਠੀ ਸਟੇਜ ਨੇ ਲਈਆ । ਪਰੰਤੂ ਸੂਬਾਈ ਭਾਸ਼ਾਵਾ ਵਿਚੋਂ ਹੋਰ ਕਿਸੇ ਭਾਸ਼ਾ ਦੇ ਨਾਟਕ ਮਰਾਠੀ ਵਿਚ ਨਾ ਦੇ ਬਰਾਬਰ ਉੱਲਥਾਏ ਗਏ । ਹਿੰਦੀ ਤੇ ਜਿਸ ਤਰ੍ਹਾਂ ਬੰਗਾਲੀ ਦੀ ਛਾਇਆ ਸਪੱਸ਼ਟ ਹੈ (ਡੀ. ਐਲ. ਰਾਏ ਦੀ ਨਾਟਕਾ ਵਿਚ ਅਤੇ ਸਰਤਚੰਦਰ ਚਟੋਪਾਧਿਅ ਦੀ ਨਾਵਲ ਵਿਚ ਅਤੇ ਰਵੀਂਦਰ ਨਾਥ ਦੀ ਕਵਿਤੇ) ਮਰਾਠੀ ਵਿਚ ਬੰਕਿਮ, ਸਰਤਚੰਦਰ ਦੇ ਅਨੁਵਾਦ ਤਾਂ ਹੋਏ, ਪਰੰਤੂ ਨਾਟਕਾ ਵਿਚ ਕਿਤੇ ਵੀ ਬੰਗਾਲੀ ਦਾ ਪ੍ਰਭਾਵ ਨਹੀਂ ਵਿਖਾਈ ਦਿੰਦਾ । ਵੱਡੀ ਲੜਾਈ ਤੋਂ ਮਗਰੋਂ ਮਰਾਠੀ ਨਾਟਕ ਦੇ ਇਤਹਾਸ ਵਿਚ ਤਿੰਨ ਨਾਵਾਂ ਦਾ ਜ਼ਿਕਰ ਪ੍ਰਮੁਖ ਤੌਰ ਤੇ ਕਰਨਾ ਹੋਵੇਗਾ । ਗਡਕਰੀ, ਵਰੇਰਕਰ, ਅਤਰੇ । ਗਡਕਰੀ ਇਕ ਤਰ੍ਹਾਂ ਨਾਲ ਹਿੰਦੀ ਦੇ "ਪ੍ਰਸਾਦ' ਸਨ. ਦੋਹਾ ਹੀ ਪ੍ਰਤਿਭਾ ਦਾ ਸਰੂਪ ਰੋਮਾਂਟਿਕ ਸੀ । ਦੋਹਾਂ ਦੀ ਸੈਲੀ ਕਾਵਿ-ਮਈ ਸੀ । ਫ਼ਰਕ ਸੀ ਤਾ ਏਨਾ ਹੀ ਜਿੱਥੇ "ਪ੍ਰਸਾਦ" ਨੇ ਬੁਧ-ਕਾਲ ਦੇ ਇਤਹਾਸਕ ਵਾਤਾਵਰਣ ਦਾ ਵਿਸੇਸ ਸਹਾਰਾ ਲਿਆ, ਗਡਕਰੀ ਨੇ ਸਮਾਜਕ ਪ੍ਰਸੰਗਾਂ ਵੱਲ ਸਮੱਸਿਆਵਾ ਦਾ ਹੀ ਵਿਸਲੇਸਣ ਕੀਤਾ । "ਪ੍ਰੇਮ ਸਨਿਆਸ" ਵਿਚ ਵਿਧਵਾ ਵਿਆਹ ਦਾ "ਪੁਨਜ-ਪ੍ਰਭਾਵ" ਵਿਚ ਸਤੀ ਪੁਣੇ ਦਾ ਪ੍ਰਤਾਪ, "ਏਕਚ ਪਿਆਲਾ" ਵਿਚ ਸਰਾਬ ਦੇ ਬੁਰੇ ਨਤੀਜਿਆਂ ਦਾ ਚਿੱਤਰ ਗਡਕਰੀ ਨੇ ਪੇਸ ਕੀਤਾ । ਗਡਕਰੀ ਮਗਰੋਂ ਉਂਜ ਤਾ ਕਈ ਨਾਟਕਕਾਰ ਹੋਏ ਜਿਨ੍ਹਾ ਨੇ ਮਰਾਠੀ ਰੰਗਮੰਚ ਨੂੰ ਉਪਜਾਊ ਬਣਾਇਆ ਅਤੇ ਇਸ ਦਾ ਸਾਰਾ ਮਾਣ ਕੇਵਲ ਨਾਟਕਕਾਰਾ ਨੂੰ ਹੀ ਨਹੀਂ ਸਗੋਂ ਉਸ ਨਟ ਨਾਇਕ ਅਤੇ ਦਿਲ ਪ੍ਰਚਾਵੇ ਵਿਚ ਸਰਗਰਮ ਮਿਲਵਰਤਣ ਦੇਣ ਵਾਲੀ ਜਨਤਾ ਨੂੰ ਵੀ ਦਿੱਤਾ ਜਾਣਾ ਚਾਹੀਦਾ ਹੈ । ਫੇਰ ਵੀ ਬਾਲ ਗੰਧਰਵ (ਨਾਰਾਇਣ ਰਾਵ ਦਾਜਹੰਸ ਨਾ ਦੇ ਅਭਿਨੇਤਾ ਨੂੰ ਸਵਰਗਵਾਸੀ ਲੋਕਮਾਨਯ ਤਿਲਕ ਨੇ ਇਸ ਪੱਦਵੀ ਨਾਲ ਸਨਮਾਨਤ ਕੀਤਾ ਸੀ ।) ਅਤੇ ਉਨ੍ਹਾ ਦੀ ਕੰਪਨੀ ਵੱਲੋਂ ਖੇਡੇ ਗਏ ਆਧੁਨਿਕ ਸਿਆਸੀ ਉਦੇਸ ਭਰਪੂਰ ਪੁਰਾਣਕ ਕਥਾਨਕ ਵਾਲੇ ਨਾਟਕਾਂ ਨੂੰ ਖ਼ਾਸ ਮਾਣ ਹੈ । ਵੀਰ ਧਮਨਰਾਵ ਜੋਸੀ ਅਤੇ ਸਾਵਰਕਰ, ਅਚਯੁਤ ਬਲਵੰਤ ਕੋਲਹਾਟਕਰ ਅਤੇ ਟਿਪਨੀਸ ਅਤੇ ਸ. ਅ. ਸੁਕਲ ਆਦਿ ਦੇ ਤੇਜਮਈ ਇਤਹਾਸਕ ਨਾਟਕਾ ਨੇ ਖ਼ਾਸੀ ਸ਼ੋਭਾ ਖੱਟੀ । ਇਸ ਖੇਤਰ ਵਿਚ ਨਵਯੁੱਗ ਪੇਸ ਕਰਨ ਦਾ ਸਾਰਾ ਮਾਣ ਭਾਰਗਵਰਾਮ ਬਿਠਲ ਉਰਫ ਮਾਮਾ ਵਰੇਰਕਰ ਨੂੰ ਹੈ । ਆਪ ਨੇ ਇਬਸਨ ਦੀ ਸੈਲੀ ਨੂੰ ਅਪਣਾ ਕੇ ਇਕ ਨਵੀਂ ਨਾਰੀ-ਸ੍ਰਿਸ਼ਟੀ ਤਿਆਰ ਕੀਤੀ । ਕੌਮੀ ਜਾਗਰਤੀ ਵਿਚ ਜੋ ਸਹਿਯੋਗ ਇਸਤਰੀਆਂ ਤੋਂ ਮਿਲਿਆ ਉਸ ਦਾ ਸਾਰਾ ਮਾਣ ਮਾਮਾ ਵਰੇਰਕਰ ਦੀਆਂ "ਸਫਰੇਜੇਟ" ਨਾਇਕਾਵਾਂ ਨੂੰ ਹੈ । ਆਪ ਨੇ ਮਿਲ ਮਜ਼ਦੂਰਾਂ ਦੇ ਸਵਾਲ, ਮਨਾਖ ਦੇ ਅਤੇ ਬੁਢਾਸ਼ਾਹੀ ਦੇ ਗੁਰੂਤਮ ਚਲਾਉਣ ਵਾਲੇ ਮਹੰਤਾਂ ਦੇ ਸਵਾਲ,

ਅਛੂਤ ਉੱਧਾਰ ਅਤੇ ਖੱਦਰ ਦੇ ਸਵਾਲ ਆਪਣੇ ਨਾਟਕਾਂ ਰਾਹੀਂ ਸੁਲਝਾਉਣ ਦਾ ਯਤਨ ਕੀਤਾ। ਜ਼ਾਹਰ ਹੈ ਕਿ ਪ੍ਰਚਾਰ ਉਨ੍ਹਾਂ ਦੇ ਨਾਟਕਾਂ ਦੀ ਆਤਮਾ ਬਣ ਗਈ। ਏਕਾਂਗੀ-ਸੰਪਰਦਾਯ ਮਰਾਠੀ ਵਿਚ ਆਪ ਦੀ ਹੀ ਪ੍ਰੇਰਨਾ ਨਾਲ ਲੋਕਪ੍ਰਿਅ ਹੋਇਆ। ਆਪ ਸਮੇਂ ਦੇ ਨਾਲ ਅਗਾਂਹ ਵਧੂ ਹੋਏ ਅਤੇ 1943 ਵਿਚ "ਸਿੰਗਾਪੁਰਾਤੁਨ" ਵਿਚ ਕਮਿਊਨਿਜ਼ਮ ਵਿਚਾਰ ਧਾਰਾ ਦਾ ਵੀ ਉਨ੍ਹਾਂ ਨੇ ਪੱਖ ਪੂਰਿਆ।

ਜਿੱਥੇ ਸਮਾਜਕ ਸਵਾਲਾਂ ਵੱਲ ਰੋਮਾਂਟਿਕ ਅਤੇ ਯਥਾਰਥਵਾਦੀ ਦ੍ਰਿਸ਼ਟੀ ਕੋਨਾਂ ਤੋਂ ਗਡਕਰੀ ਅਤੇ ਵਰੇਰਕਰ ਨੇ ਮਰਾਠੀ ਰੰਗ ਮੰਚ ਨੂੰ ਖਿੱਚਿਆ । ਅਤਰੇ ਨੇ ਇਕ ਬਿਲਕੁਲ ਨਵੇਂ ਢੰਗ ਨਾਲ (ਜਿਸ ਨੂੰ ਕੁਛ ਹੱਦ ਤਕ ਬਰਨਾਰਡ ਸ਼ਾਅ ਦਾ ਢੰਗ ਕਹਿਣਾ ਚਾਹੀਦਾ ਹੈ) ਸਵਾਲਾਂ ਦਾ ਮਖ਼ੌਲੀਆ ਪੱਖ ਪੇਸ਼ ਕੀਤਾ। ਮਾ. ਨਾ. ਜੋਸ਼ੀ ਨੇ ਜੋ "ਮਿਊਂਸਪੈਲਟੀ" ਦਾ ਘੋਰ ਵਿਅੰਗ ਚਿੱਤਰ ਆਪਣੇ ਸਵਰਾਜ ਵਿਚ ਪੇਸ਼ ਕੀਤਾ ਸੀ ਉਸੇ ਨੂੰ ਕੁਛ ਅਗੇ ਵਧਾਕੇ ਅਤਰੇ ਨੇ ਆਪਣੇ ਨਾਟਕਾਂ ਵਿਚ ਹਾਸਾ (ਹਾਲਾਤ ਤੋਂ ਉਪਜਿਆ, ਸ਼ਬਦ ਤੋਂ ਉਪਜਿਆ ਤੇ ਚਰਿੱਤਰ ਤੋਂ ਜਨਮਿਆਂ) ਜ਼ਰੂਰਤ ਤੋਂ ਵੱਧ ਸਮਾਜ-ਮੀਮਾਨਸਾ ਵਿਚਾਰ ਟੁੰਬਣ ਦਾ ਇਕ ਅਜੀਬ "ਮਿਕਸ਼ਚਰ" ਮਰਾਠੀ ਸਟੇਜ ਤੇ ਪੇਸ ਕੀਤਾ। ਜਿਸਨੂੰ ਜੰਨਤਾ ਨੇ ਸਾਲਾਂ ਤਕ ਬਹੁਤ ਹੀ ਸਰਾਹਿਆ। "ਸਾਸਟਾਂਗ" ਨਮਸਕਾਰ ਵਿਚ ਹਰੇਕ ਪਾਤਰ ਇਕ ਇਕ ਖ਼ਬਤ (ਫੈਡ) ਦਾ ਪੱਖ ਪੂਰਕ ਹੈ। ਉਨ੍ਹਾਂ ਖ਼ਬਤਾਂ ਦੇ "ਉਦਯਾਚਾ-ਸੰਸਾਰ" ਵਿਚ, ਵਿਵਾਹਕ-ਅਸੰਤੋਸ਼ ਦੇ "ਲਗਨਾਚੀ ਬੇਡੀ" ਵਿਚ, ਆਧੁਨਿਕ ਪਿਆਰ-ਵਿਆਹ ਦੇ "ਘਰਬਾਹੇਰ" ਵਿਚ ਪੁਰਾਣੀ ਨਵੀਂ ਘਰੇਲੂ ਵਿਵਸਥਾ (ਪ੍ਰਬੰਧ) ਦੇ ਸੰਘਰਸ ਦੇ ਬਹੁਤ ਹੀ ਆਕਰਸ਼ਕ (ਦਿਲਕਸ਼) ਚਿੱਤਰ ਪੇਸ਼ ਕੀਤੇ ਗਏ ਹਨ। ਅਚਾਰੀਆ ਅਤਰੇ ਨੇ ਪੈਰੋਡੀਆਂ ਲਿਖਕੇ ਜੋ ਕਮਾਲ ਹਾਂਸਲ ਕੀਤਾ ਸੀ, ਉਸ ਵਿਚ ਸਟੇਜ ਤੇ ਆਪਣਾ "ਅਤਿਹਸਿਤ" ਪੇਸ ਕਰਕੇ ਚਾਰ ਚੰਨ ਲਗਾ ਦਿੱਤੇ। ਮਗਰੋਂ ਉਹ ਸਿਨਮਾ ਦੇ ਖੇਤਰ ਵਿਚ ਉਤਰੇ, ਪਰ ਏਧਰ ਆ ਕੇ ਨਾਟਕ ਖੇਤਰ ਵਿਚੋਂ ਜਿਵੇਂ ਉਨ੍ਹਾਂ ਨੇ ਸਨਿਆਸ ਜਿਹਾ ਲੈ ਲਿਆ ਹੈ। ਜੋ ਦੋਹਾਂ ਮਰਾਠੀ ਨਾਟਕ ਦੇ ਅਤੇ ਅਤਰੇ ਦੇ ਹੱਕ ਵਿਚ ਠੀਕ ਨਹੀਂ ਹੋਇਆ। ਮਰਾਠੀ ਰੰਗ ਮੰਚ ਉਨ੍ਹਾਂ ਤੋਂ ਅਜੇ ਵੀ ਬਹੁਤ ਆਸ ਕਰ ਸਕਦਾ ਹੈ। ਅਧੁਨਿਕਤਤਮ ਪ੍ਰਯੋਗਾਂ ਵਿਚ ਵਰਤਕ (ਲੱਗੇ ਹੋਏ) ਅਨੰਤ ਕਾਣੇਕਰ, ਕੇ. ਨਾ. ਕਾਲੇ ਦਾ ਨਾਟਯਮਨਵੰਤਰ ਮੰਡਲ, "ਲਿਟਿਲ ਥਿਏਟਰ" ਅਤੇ ਏਧਰ ਲੋਕ-ਨਾਟ ਦੇ ਜੋ ਨਵੇਂ ਰੂਸੀ ਤਰੀਕੇ ਦੇ ਪ੍ਰਯੋਗ ਚਲ ਰਹੇ ਹਨ, ਇਨ੍ਹਾਂ ਸਾਰੀਆਂ ਹੀ ਸੁਭ ਕੋਸ਼ਿਸਾਂ ਨੇ ਸਿਨਮੇ ਤੋਂ ਹਾਰੀ ਰੰਗ-ਭੂਮੀਂ ਨੂੰ ਮੁੜ ਜਿਵਾਉਣ ਦਾ ਅਤੇ ਜਾਣਦਾਰ ਬਣਾਉਣ ਵਿਚ ਹਿੱਸਾ ਪਾਇਆ ਹੈ।

ਨਾਟਕ ਦੇ ਹੀ ਸਿਲਸਿਲੇ ਵਿਚ 'ਨਾਟਯਛਟਾ" ਦਾ ਵੀ ਵਰਣਨ ਮਾਣ ਨਾਲ ਕਰਨਾ ਚਾਹੀਦਾ ਹੈ, ਜੋ ਮਰਾਠੀ ਸਾਹਿਤ ਦੀ ਆਪਣੀ ਚੀਜ਼ ਹੈ । ਸਵਰਗਵਾਸੀ "ਦਿਵਾਕਰ" ਆਦਿ ਲੇਖਕਾਂ ਨੇ ਇਸਨੂੰ ਅਪਣਾਇਆ। ਇਸ ਵਿਚ "ਇਕਮੁੱਖੀ" ਭਾਸ਼ਣ ਰਾਹੀਂ ਸਮਾਜਕ ਵਿਰੋਧਾਂ ਨੂੰ ਸਪਸ਼ਟ ਕੀਤਾ ਜਾਂਦਾ ਹੈ। ਇਕ ਤਰ੍ਹਾਂ ਨਾਲ ਇਹ ਸੰਬਾਦਾਂ ਵਿਚ ਲਿਖੇ ਹੋਏ

ਵਿਅੰਗ ਚਿੱਤਰ ਹੀ ਸਮਝੋ । ਭਾਵੇਂ ਇਸ ਤਰ੍ਹਾਂ ਦੇ ਲਿਖਣ ਦਾ ਚਲਣਾ ਹੁਣ ਬੰਦ ਹੋ ਗਿਆ ਹੈ । ਤਾਂ ਵੀ ਇਹ ਇਕ ਚੰਗੀ ਸਾਹਿਤਕ ਕਿਸਮ ਹੈ ਜਿਸਨੂੰ ਹਿੰਦੀ ਵਿਚ ਅਪਣਾਇਆ ਜਾਣਾ ਚਾਹੀਦਾ ਹੈ ।

## ਮਰਾਠੀ ਨਾਟਕਾਂ ਦਾ ਵਿਕਾਸ

ਮਰਾਠੀ ਰੰਗ ਮੰਚ ਦਾ ਅਰੰਭ ਸਨ 1843 ਵਿਚ ਹੁੰਦਾ ਹੈ । ਉਦੋਂ ਵਿਸ਼ਨੂੰਦਾਸ ਭਾਵੇ ਨੇ "ਸੀਤਾ ਸੁਐਂਮਬਰ" ਨਾ ਦਾ ਨਾਟਕ ਖੇਡਿਆ । ਵਿਸ਼ਨੂੰਦਾਸ ਨੇ ਇਹ ਅਤੇ ਹੋਰ ਨਾਟਕ ਸਾਂਗਲੀ ਰਾਜਾ ਦੇ ਕਹਿਣ ਤੇ ਖੇਡੇ ਸਨ । 1851 ਵਿਚ ਜਦ ਰਾਜੇ ਦਾ ਆਸਰਾ ਖ਼ਤਮ ਹੋ ਗਿਆ ਤਦ ਭਾਵੇ ਦੀ ਕੰਪਨੀ ਘੁੰਮ ਘੁੰਮ ਕੇ ਨਾਟਕ ਖੇਡਣ ਲਗੀ । ਉਨ੍ਹਾਂ ਦੀ ਹੀ ਨਕਲ ਤੇ ਹੋਰ ਨਾਟਕ ਕੰਪਨੀਆਂ ਬਣਨ ਲਗੀਆ ।

ਉਂਜ ਤਾਂ ਨਾਟਕ ਦੀ ਪਰੰਪਰਾ ਲੋਕ-ਨਾਟਕ ਦੇ ਰੂਪ ਵਿਚ ਇਸ ਤੋਂ ਪਹਿਲਾਂ ਦੱਖਣ ਵਿਚ ਸੀ । ਕਰਨਾਟਕ ਦੇ "ਯਕਸਗਾਨ" "ਭਾਗਵਤ" ਦੇ ਰੂਪ ਵਿਚ ਇਹ ਨਾਟਕ ਹੁੰਦੇ ਸਨ । ਦੱਖਣ ਦੇ ਢੰਗ ਦਾ ਇਹ ਨਾਟਕ ਨਾਚ ਪ੍ਰਧਾਨ ਸੀ । ਵਿਸ਼ਨੂੰਦਾਸ ਦੇ ਨਾਟਕ ਵਿਚ ਵੀ ਇਹੀ "ਭਾਗਵਤ" ਪ੍ਰਣਾਲੀ ਸੀ । ਯਾਨੀ ਸੂਤਰਧਾਰ ਸਟੇਜ ਦੇ ਇਕ ਪਾਸੇ ਖੜ੍ਹੋਕੇ ਪਖਾਵਜ ਤੇ ਗਾਣਾ ਗਾਉਂਦਾ ਸੀ । ਉਸ ਤੋਂ ਮਗਰੋਂ ਮੋਰ ਤੇ ਬੈਠੀ ਸਰਸਵਤੀ ਆਉਂਦੀ । ਸਰਸਵਤੀ ਬਣਿਆ ਲੜਕਾ ਖ਼ੂਬ ਨਚਦਾ । ਮਗਰੋਂ ਗੰਧਰਵ ਆਉਂਦੇ । ਅੰਤ ਵਿਚ ਰਾਖ਼ਸ਼ । ਇਹ ਰਾਮਲੀਲਾ ਜਿਹੇ ਨਾਟਕ ਦਰਾਵਿੜ ਜਾ ਕਰਨਾਟਕ ਤਰੀਕੇ ਦੇ ਸਨ । ਪਰ ਇਹ ਬਹੁਤੇ ਦਿਨ ਤਕ ਨਹੀਂ ਚਲ ਸਕੇ । ਵਿਸ਼ਨੂੰਦਾਸ ਦੇ ਉਨ੍ਹਾਂ ਨਾਟਕਾਂ ਨੂੰ ਮਖ਼ੌਲ ਵਿਚ "ਤਾਗੜ-ਥੋਮ" ਨਾਟਕ ਕਹਿੰਦੇ ਸਨ । "ਤਾਗੜਥੋਮ" ਪਖਾਵਜ ਦੇ ਬੋਲ ਸਨ । ਇਨ੍ਹਾਂ ਨਾਟਕਾਂ ਤੋਂ ਮਗਰੋਂ ਹੌਲੀ ਹੌਲੀ "ਫ਼ਾਰਸ" ਖੇਡੇ ਜਾਣ ਲੱਗੇ । ਗੰਭੀਰ ਵਿਸ਼ਿਆਂ ਤੇ ਵੀ 'ਫ਼ਾਰਸ' ਖੇਡੇ ਜਾਂਦੇ ।

ਇਕ ਪਾਸੇ ਅਜਿਹੇ ਪੁਰਾਣਕ ਨਾਟਕ ਖੇਡੇ ਗਏ ਤਾਂ ਦੂਸਰੇ ਪਾਸੇ ਸਾਹਿਤਕ । ਸਾਹਿਤਕ ਨਾਟਕਾਂ ਨੂੰ "ਬੁਕਿਸ਼" ਨਾਟਕ ਕਹਿੰਦੇ ਸਨ । ਰਾਘੋਪੰਤ ਦੀ "ਇਚਲੀ-ਕਰਜੀਕਰ" ਮੰਡਲੀ ਨੇ ਇਹ ਨਾਟਕ ਅਰੰਭ ਕੀਤੇ । ਪੁਰਾਣਕ ਨਾਟਕ ਬਹੁਤ ਜ਼ਿਆਦਾ ਪ੍ਰਹਸਨ-ਆਤਮਕ ਸਨ ਤਾਂ "ਬੁਕਿਸ਼" ਨਾਟਕ ਬਹੁਤ ਗੱਦਮਈ । ਇਸ ਦਵੰਦ (ਟੱਕਰ) ਵਿਚੋਂ ਮਰਾਠੀ ਰੰਗਮੰਚ ਨੂੰ ਉਨ੍ਹਾਂ ਨੇ ਸਚੀ ਸਮਾਜ ਦਿਲਚਸਪੀ ਦਾ ਸਾਧਨ ਬਣਾਇਆ । ਕਿਰਲੋਸਕਰ ਦੀ ਇੱਛਾ ਮਰਾਠੀ ਵਿਚ "ਅਪੇਰਾ" ਲਿਆਉਣ ਦੀ ਸੀ । ਪਰ ਕੇਵਲ ਦਿਲਚਸਪੀ ਰੰਗਭੂਮੀ ਨੂੰ ਬਹੁਤੇ ਦਿਨਾਂ ਤਕ ਨਹੀਂ ਟਿਕਾ ਸਕੀ ।

## ਕੌਮੀਅਤ ਦਾ ਪ੍ਰਚਾਰ

**1870 ਈਸਵੀ ਵਿਚ ਹੀ ਸਮਾਜ ਤੇ ਵਿਅੰਗ ਕਰਨ ਵਾਲੇ ਇਕਾਂਗੀ ਲਿਖੇ ਗਏ ।**

ਉਨ੍ਹਾਂ ਦੇ ਨਾਂ ਹੁੰਦੇ "ਤਰੁਣੀ-ਸਿਖਸ਼ਣ-ਨਾਇਕਾ" ਅਤੇ "ਮੋਰ ਐਲ. ਐਲ. ਬੀ ਪ੍ਰਹਾਸਨ"। ਇਸੇ ਵਿਅੰਗ ਪ੍ਰੰਪਰਾ ਨੂੰ ਅਗੇ ਵਧਾਇਆ ਨਾਟਕ ਅਚਾਰੀਆ ਖਾਡਿਲਕਰ ਨੇ। ਉਨ੍ਹਾਂ ਨੇ ਮਹਾਂਰਾਸ਼ਟਰ ਨਾਟਕ ਮੰਡਲੀ ਰਾਹੀਂ ਇਹ ਕੰਮ ਕੀਤਾ। ਜਦ ਤਕ "ਕੀਚਕ-ਬਧ" ਜਿਹੇ ਤਤਕਾਲੀ ਸਰਕਾਰ ਰਾਹੀਂ ਜ਼ਬਤ ਨਾਟਕ ਉਹ ਲਿਖਦੇ ਰਹੇ ਉਨ੍ਹਾਂ ਦੀ ਪ੍ਰਸਿੱਧੀ ਵੱਧਦੀ ਗਈ। ਪਰ ਇਤਹਾਸਕ ਵੀਰਤਾ ਦਰਸ਼ਕ ਨਾਟਕਾਂ ਨਾਲ ਕਿਥੋਂ ਤਕ ਕੰਮ ਚਲਦਾ? ਜਿਸ ਤਰ੍ਹਾਂ ਰੰਗਭੂਮੀਂ ਕੇਵਲ ਦਿਲਚਸਪੀ ਦਾ ਮਾਧਿਅਮ ਨਹੀਂ ਬਣੀ ਰਹਿ ਸਕਦੀ ਉਸੇ ਤਰ੍ਹਾਂ ਕੋਰੇ ਆਦਰਸ਼ ਤੇ ਉਸਨੂੰ ਨਹੀਂ ਚਲਾਇਆ ਜਾ ਸਕਦਾ। 1911 ਈਸਵੀ ਤੋਂ ਮਗਰੋਂ ਖਾਡਿਲਕਰ ਗਦ-ਨਾਟਕਾਂ ਤੋਂ ਸੰਗੀਤ ਨਾਟਕਾਂ ਵੱਲ ਮੁੜੇ। ਨਤੀਜਾ ਇਹ ਨਿਕਲਿਆ ਕਿ ਨਾਟਕ ਕੰਪਨੀਆਂ ਨੂੰ ਪੈਸੇ ਤਾਂ ਬਹੁਤ ਬਣੇ ਪਰ ਨਾਟਕ ਦੇ ਗੁਣਾਂ ਵਿਚ ਨਾਟਕ ਘੱਟੀਆ ਹੋਣ ਲਗੇ।

ਖਾਡਿਲਕਰ ਤੋਂ ਮਗਰੋਂ ਗਡਕਰੀ ਬਹੁਤ ਸੁਖਿਆਤ ਨਾਟਕਕਾਰ ਹੋਏ ਪਰੰਤੂ ਓਦੋਂ ਤਕ ਉਰਦੂ ਅਤੇ ਪਾਰਸੀ ਰੰਗਮੰਚ ਦਾ ਅਸਰ ਨਾਟਕਾਂਖ ਤੋਂ ਨਹੀਂ ਗਿਆ ਸੀ। ਗਡਕਰੀ ਦੇ ਨਾਟਕ ਆਪਣੇ ਭਾਸ਼ਾ ਦੇ ਵਡੱਪਣ ਕਾਰਨ ਬਹੁਤ ਸਫਲ ਹੋਏ। ਅਲੰਕਾਰਾਂ ਦੀ ਆਤਸ਼-ਬਾਜ਼ੀ ਜਿਵੇਂ ਜਿਵੇਂ ਦਰਸ਼ਕ ਜਿਆਦਾ ਬੁਧੀਮਾਨ ਹੁੰਦੇ ਗਏ, ਉਨ੍ਹਾਂ ਦੀ ਦਿਲਚਸਪੀ ਨੂੰ ਬਣਾਕੇ ਨਾ ਰਖ ਸਕੀ।

## ਦੋ ਮਹਾਂ ਯੁੱਧਾਂ ਵਿਚ

ਇਸ ਤੋਂ ਮਗਰੋਂ ਮਹਾਂ ਯੁੱਧ ਤੋਂ ਮਗਰੋਂ ਮਰਾਠੀ ਨਾਟਕ ਵਿਚ ਮਾਮਾਵਰੇਰਕ ਨਾਟਕਕਾਰ ਅਤੇ ਪੇਂਢਾਂਰਕਰ ਦਿਗਦਰਸ਼ਕ ਨੇ ਬਹੁਤ ਵੱਡਾ ਕੰਮ ਕੀਤਾ। ਉਨ੍ਹਾਂ ਨੇ ਪੁਰਾਣਕ ਇਤਹਾਸਕ ਜਾਂ ਰੋਮਾਂਟਿਕ ਵਿਸ਼ਿਆਂ ਦੇ ਨਾਟਕਾਂ ਵੱਲੋਂ ਨਾਟਕਕਾਰਾਂ ਦਾ ਧਿਆਨ ਸਮਾਜਕ ਨਾਟਕਾਂ ਵੱਲ ਖਿੱਚਿਆ। ਮਰਾਠੀ ਰੰਗਮੰਚ ਤੇ ਯਥਾਰਥਵਾਦ ਦਾ ਬੀਜ ਬੀਜਣ ਦਾ ਕੰਮ ਮਾਮਾ ਵਰੇਰਕਰ ਦੀ ਸਮੱਰਥ ਕਲਮ ਤੋਂ ਹੀ ਹੋਇਆ। ਮਾਮਾ ਨੇ ਆਪਣੇ "ਸਤੇਚੇ ਗੁਲਾਮ" "ਹਾਤ ਮਲਾਚਾ ਬਾਪ" "ਸ਼ਨਿਆ ਸ਼ਾਚਾ ਸੰਸਾਰ" "ਨਾਮਾਂ ਨਿਰਾਲਾ" "ਸਿੰਗਾਰ ਪੁਰਾਤੂਨ" "ਸਾਰਸੂਤ" ਆਦਿ ਅਨੇਕ ਨਾਟਕ-ਇਕਾਂਗੀਆਂ ਵਿਚ ਸਮਾਜ ਦੇ ਕਈ ਸਵਾਲ ਲਏ ਅਤੇ ਉਨ੍ਹਾਂ ਦਾ ਸੁਧਾਰਵਾਦੀ ਗਾਂਧੀਵਾਦੀ ਅਤੇ ਏਧਰ ਆਕੇ ਅਗਾਂਹਵਧੂ ਹੱਲ ਵੀ ਸਾਫ਼ ਸਾਫ਼ ਦਰਸਾਇਆ। ਮਾਮਾ ਵਰੇਰਕਰ ਦੇ ਨਾਟਕਾਂ ਵਿਚ ਇਹ ਸਮਾਜਕ ਉਦੇਸ਼ ਭਰਪੂਰ ਸੁਰ ਕਲਾ ਦੀ ਦ੍ਰਿਸ਼ਟੀ ਨਾਲ ਹਾਨੀਕਾਰ ਮੰਨਿਆ ਗਿਆ।

ਵਰੇਰਕਰ ਤੋਂ ਉਲਟ ਮੋਲਿਯੇਰ ਅਤੇ ਵਰਨਾਰਡ ਸ਼ਾਅ ਦੀ ਪ੍ਰਹਸਨ-ਪ੍ਰੰਪਰਾ ਨੂੰ ਆਪਣਾ ਆਦਰਸ਼ ਮੰਨਕੇ ਪ੍ਰਹਲਾਦ ਕੇਸ਼ਵ ਅਤਰੇ ਨੇ ਅਨੇਕ ਨਾਟਕ ਲਿਖੇ। ਜਿਨ੍ਹਾਂ ਵਿਚ ਸਮਾਜਕ ਦੋਸ਼ਾਂ ਤੇ ਕਰਾਰੀਆਂ ਚੋਟਾਂ ਕੀਤੀਆਂ ਗਈਆਂ। ਉਨ੍ਹਾਂ ਦੇ ਅੰਸਤਰ (ਹੌਥਿਆਰ)

ਸਨ ਵਿਅੰਗ ਅਤੇ ਮਖੌਲ ਉਡਾਉਣਾ । ਨਤੀਜਾ ਇਹ ਹੋਇਆ ਕਿ "ਸਾਸ਼ਟਾਂਗ ਨਮਸਕਾਰ" ਤੋਂ "ਕਵੜੀ ਚੁੰਬਕ" ਤਕ ਉਨ੍ਹਾਂ ਦੇ ਅਨੇਕ ਨਾਟਕਾਂ ਦੇ ਪਾਤਰ ਵਿਅੰਗ ਚਿਤਰਾਂ ਜਿਹੇ ਜਾਪੇ । ਵਿਨੋਦ ਵੀ ਬਹੁਤ ਵਾਰ ਮਰਿਆਦਾ ਨੂੰ ਲੰਘਕੇ ਨਕਲ ਤਕ ਉਤਰ ਆਉਂਦਾ ਹੈ । ਉਂਜ "ਲਗਨਾਚੀ ਬੇਡੀ" (ਵਿਆਹ ਬੰਧਨ) "ਘਰਾਬਾਹਰੇ" "ਉਦਯਾਚਾ ਸੰਸਾਰ" ਉਨ੍ਹਾਂ ਦੇ ਸਫਲ ਨਾਟਕ ਹਨ । "ਬੰਦੇ-ਮਾਤਰਮ", ਏਨਾ ਸਫਲ ਨਹੀਂ ਹੋਇਆ । ਅਤਰੇ ਦੇ ਨਾਟਕਾਂ ਦਾ ਪ੍ਰਮੁੱਖ ਗੁਣ ਉਨ੍ਹਾਂ ਦੀ ਦਿਲਚਸਪੀ ਹੈ । ਉਸ ਵਿਚ ਭਰਪੂਰ "ਵਿਟ" ਹੈ ।

ਇਨ੍ਹਾਂ ਦੋ ਨਾਟਕ ਧਾਰਾਵਾਂ ਦੇ ਦਰਮਿਆਨ ਹਰੀ ਗਦਰੇ, ਵਰਤਕ ਆਦਿ ਜਦ ਆਪਣੇ ਇਕਾਂਗੀ ਅਤੇ ਇਕ ਹੀ ਸੈਟ ਤੇ ਸਮੁਚੇ ਨਾਟਕ ਰਚਨ ਦੇ ਪ੍ਰਯੋਗ ਕਰ ਰਹੇ ਸਨ ਤਾਂ ਚਤੁਰ ਦਿਗਦਰਸ਼ਕ ਦੇ ਆਪਣੇ ਅਨੁਭਵ ਨੂੰ ਧਿਆਨ ਵਿਚ ਰਖਕੇ ਮਾ. ਗੋ. ਵੀ ਇਸੇ ਦੌਰਾਨ ਆਪਣਾ ਪਿਤਾ ਪੁਰਖੀ ਕਿਤਾ ਛਡਕੇ ਰੰਗਭੂਮੀ ਵਿਚ ਉਤਰੇ" "ਨਾਟਯਮਨਵੰਤਰ" ਨਾਂ ਨਾਲ ਇਕ "ਰਿਪੋਰਟਰੀ" ਥਿਏਟਰ ਜਿਹੀ ਅਪਟੂ (ਅਮੇਚਯੋਰ) ਐਕਟਰਾਂ ਦੀ ਇਕ ਸੰਸਥਾਂ ਉਨ੍ਹਾਂ ਨੇ ਅਰੰਭ ਕੀਤੀ ਅਤੇ ਇਬਸਨ ਦੇ "ਡਾਲਸ ਹਾਊਸ" ਦੇ ਅਨੁਵਾਦ "ਘਰ ਕੁਲ" ਤੋਂ ਅਰੰਭ ਕਰਕੇ ਹੌਲੀ ਹੌਲੀ ਉਨ੍ਹਾਂ ਨੇ "ਕੁਲ-ਵਧੂ" "ਮਾਝੇ ਘਰ" "ਵਹਿਨੀ" "ਰੰਭਾ" ਆਦਿ ਨਾਟਕ ਲਿਖੇ ਜਿਨ੍ਹਾਂ ਨੇ ਬਹੁਤ ਹੀ ਯਸ਼ ਖਟਿਆ । "ਕੁਲਵਧੂ" ਦੇ ਤਾਂ ਸੈਂਕੜੇ "ਪ੍ਰਯੋਗ" (ਮਰਾਠੀ ਵਿਚ ਨਾਟਕ-ਪ੍ਰਦਰਸ਼ਨ ਲਈ ਇਹ ਸ਼ਬਦ ਵਰਤਿਆ ਜਾਂਦਾ ਹੈ) "ਨਾਟਯ ਨਿਕੇਤਨ" ਨੇ ਕੀਤੇ ਅਤੇ ਹੋਰ ਸ਼ੌਕੀਆ ਨਾਟਕ ਮੰਡਲੀਆਂ ਰਾਹੀਂ ਅਤੇ ਸਕੂਲਾਂ ਕਾਲਜਾਂ ਵਿਚ ਵੀ ਕੀਤੇ ਗਏ ।

ਫਰਵਰੀ 1946 ਵਿਚ "ਅਭਿਰੁਚੀ" (ਮਰਾਠੀ) ਵਿਚ ਲਿਖਦੇ ਹੋਏ "ਅਸਤੋਸ਼" ਨੇ ਲਿਖਿਆ ਸੀ—ਜਿਨ੍ਹਾਂ ਨੂੰ ਸਜੀਵ (ਜਾਨਦਾਰ) ਨਾਟਕ ਸੰਸਥਾਵਾਂ ਵਿਚ ਉੱਚੀ ਥਾਂ ਦਿੱਤੀ ਜਾ ਸਕਦੀ ਹੈ ਅਜਿਹੀਆਂ ਦੋ ਸੰਸਥਾਵਾਂ ਹਨ "ਨਾਟਯ ਨਿਕੇਤਨ" ਅਤੇ "ਨਾਟਯ ਸੰਗਮ" । ਸ੍ਰੀ ਰਾਂਗਣੇਕਰ ਨੂੰ ਇਸ ਖੇਤਰ ਵਿਚ ਆਉਂਦਿਆਂ ਹੀ ਬਹੁਤ ਸਫ਼ਲਤਾ ਮਿਲੀ, ਇਸਦਾ ਕਾਰਨ ਉਨ੍ਹਾਂ ਦੀਆਂ ਹੋਰ ਗੱਲਾਂ ਦੇ ਨਾਲ ਨਾਲ ਉਨ੍ਹਾਂ ਦਾ ਵਪਾਰਕ ਦ੍ਰਿਸ਼ਟੀਕੋਣ ਸੀ । ਨਵੇਂ ਨਾਟਕ ਦਾ ਰੰਗਮੰਚ ਤੇ ਜ਼ਿਆਦਾ ਸਮੇਂ ਤਕ ਦੁਹਰਾਓ ਨਾ ਕਰਕੇ ਜਨਤਾ ਤੇ ਉਸਦਾ ਪੂਰਾ ਅਸਰ ਹੋਣ ਤੋਂ ਪਹਿਲਾਂ ਹੀ ਉਸਨੂੰ ਬੰਦ ਕਰਕੇ, ਦੂਸਰਾ ਨਾਟਕ ਬਣਾਉਣ ਅਤੇ ਦਰਸ਼ਕਾਂ ਨੂੰ ਵਾਰ ਵਾਰ ਰੰਗਭੂਮੀਂ ਵੱਲ ਖਿਚ ਲਿਆਉਣ ਕਾਰਨ ਹੀ ਉਨ੍ਹਾਂ ਨੂੰ ਪੂਰੀ ਸਫਲਤਾ ਮਿਲਦੀ ਰਹੀ । ਇਸ ਸੰਸਥਾ ਰਾਹੀਂ ਰੰਗਭੂਮੀਂ ਤੇ ਖੇਡੇ ਜਾਣ ਵਾਲੇ ਸਾਰੇ ਨਾਟਕ ਜੇ ਇਕ ਹੀ ਲੇਖਕ ਯਾਨੀ ਰਾਂਗਣੇਕਰ ਦੇ ਨਾਂ ਹੁੰਦੇ ਤਾਂ ਵਚਿਤਰਤਾ ਦਾ ਦਰਸ਼ਕਾਂ ਨੂੰ ਵਧ ਲਾਭ ਹੋਇਆ ਹੁੰਦਾ । ਰਾਂਗਣੇਕਰ ਦੇ ਸਭ ਨਾਟਕਾਂ ਵਿਚ ਵੱਖ ਵੱਖ ਵਿਸ਼ੇ ਹੋਣ ਤੇ ਵੀ ਸਭੇ ਨਾਟਕ ਇਕੋ ਹੀ ਦ੍ਰਿਸ਼ਟੀਕੋਣ ਤੋਂ ਬਣੇ ਹਨ ਅਤੇ ਮਧ-ਵਿਚ ਸ਼੍ਰੇਣੀ ਦੇ ਘਰੇਲੂ ਮਸਲਿਆਂ ਨੂੰ ਨਿਸ਼ਾਨਾ ਬਣਾਕੇ ਲਿਖੇ ਗਏ ਹਨ । ਇਸ ਦੇ ਵਿਸ਼ੇ ਦੀ ਨਵੀਨਤਾ ਨਾ ਹੋਣ ਤੇ ਵੀ ਇਹ ਨਾਟਕ ਐਨੇ ਸਫਲ ਕਿਉਂ ਹੋਏ ! ਇਨ੍ਹਾਂ ਦਾ ਉਤਰ ਉਨ੍ਹਾਂ ਦਾ ਵੱਧੀਆ ਨਿਰਦੇਸ਼ਨ

(ਡਾਇਰੈਕਸ਼ਨ) ਅਤੇ ਅਭਿਨਯ (ਐਕਟਿੰਗ) ਹੈ। ਰੰਗ ਮੰਚ ਤੇ ਨਾਟਕ ਆਉਣ ਤੋਂ ਪਹਿਲਾਂ ਉਹ ਨਾਟਕ ਅਤਿਅੰਤ ਮਿਹਨਤ ਨਾਲ ਖੇਡੇ ਗਏ ਹਨ, ਇਸ ਨਾਲ ਇਹ ਨਾਟਕ ਮਨ ਪ੍ਰਭਾਵੇ ਦੀ ਦ੍ਰਿਸ਼ਟੀ ਤੋਂ ਵੀ ਹਮੇਸ਼ਾਂ ਪਹਿਲੇ ਦਰਜੇ ਦੇ ਰਹੇ ਹਨ । ਬਹੁਤ ਸਾਰਾ ਸਮਾਂ ਬੀਤ ਜਾਣ ਮਗਰੋਂ ਉਨ੍ਹਾਂ ਨੇ "ਕੁਲਵਧੂ" ਦਾ ਇਕ ਨਾਟ-ਪ੍ਰਦਰਸ਼ਨ ਕੀਤਾ ਤਾਂ ਉਸ ਖੇਡ ਤੇ ਦਰਸ਼ਕਾਂ ਦਾ ਟਿੱਡੀ ਦਲ ਜਿਹਾ ਟੁੱਟ ਪਿਆ। ਇਸਦਾ ਕਾਰਨ ਸ਼੍ਰੀਮਤੀ ਜਯੋਤਸਨਾਬਾਈ ਭੋਲੇ ਦਾ ਵੱਧੀਆ ਗਾਇਨ ਅਤੇ ਸਹਿਜ ਸੁੰਦਰ ਅਭਿਨਯ ਹੈ । ਇਸ ਨਾਟਕ ਦੇ ਗੀਤਾਂ ਦੀਆਂ ਤਰਜਾਂ ਸੰਗੀਤ ਕਲਾ ਦੇ ਭੰਡਾਰ ਮਾਸਟਰ ਕ੍ਰਿਸ਼ਨ ਰਾਵ ਨੇ ਬਣਾਈਆਂ ਹਨ ਅਤੇ ਜਯੋਤਸਨਾਬਾਈ ਨੇ ਵੀ ਗਾਣੇ ਮਿਹਨਤ ਨਾਲ ਤਿਆਰ ਕਰਕੇ ਆਪਣੇ ਮਿੱਠੇ ਗਲੇ ਨਾਲ ਛੇਤੀ ਹੀ ਕਰਦਯੋਗ ਬਣਾਏ। "ਕੁਲਵਧੂ" ਨੇ ਰਾਂਗਣੇਕਰ ਦੇ ਸਭਨਾਂ ਨਾਟਕਾਂ ਵਿਚ ਸਭ ਤੋਂ ਉੱਚ ਸਥਾਨ ਪ੍ਰਾਪਤ ਕੀਤਾ। ਇਸਦਾ ਮਾਣ ਜਯੋਤਸਨਾਬਾਈ ਨੂੰ ਵੀ ਹੈ। ਰਾਂਗਣੇਕਰ ਦੇ ਮਗਰੋਂ ਦੇ ਨਾਟਕ 'ਮਾਝੇ' ਘਰ' ਅਤੇ 'ਵਹਿਨੀ' (ਭਾਬੀ) ਏਨੇ ਸਫਲ ਨਹੀਂ ਹੋਏ। 'ਨਾਟ-ਨਿਕੇਤਨ' ਪਾਸ ਸਰਵ ਸ੍ਰੀ ਪੰਡਿਤ, ਅਵਿਨਾਸ਼, ਵਰਦੇ, ਮਾਮਾ ਪੇਂਡਸੇ (ਅਤੇ ਨਵੇਂ ਆਏ ਹੋਏ ਪੁ. ਲ. ਦੇਸ਼ਪਾਂਡੇ) ਜਿਹੇ ਨਵੇਂ ਨਟ ਅਤੇ ਸ਼੍ਰੀਮਤੀ ਜਯੋਤਸਨਾ ਮੰਗਲਾ ਗਨਡੇ, ਲਲਿਤਾ ਪਰੁਲੇਕਰ, ਸ਼੍ਰੀਮਤੀ ਮਰਾਠੇ ਜਿਹੀਆਂ ਐਕਟਿੰਗਾਂ ਵਿਚ ਚਤੁਰ ਨਟੀਆਂ ਹਨ । ਸੋ ਇਸ ਸੰਸਥਾ ਦਾ ਭਵਿਸ਼ ਬਿਨਾਂ ਸ਼ੱਕ ਉਜਲਾ ਹੈ ।

## ਰਾਂਗਣੇਕਰ ਤੋਂ ਮਗਰੋਂ

ਰਾਂਗਣੇਕਰ ਤੋਂ ਮਗਰੋਂ ਸ੍ਰੀ ਦਿਸਾਈ ਨੇ ਉਨ੍ਹਾਂ ਦੀ ਹੀ ਸੰਸਥਾ ਦੇ ਸਟੈਂਡਰਡ ਦੀ "ਨਾਟਯ ਸੰਗਮ" ਨਾਂ ਦੀ ਇਕ ਸੰਸਥਾ ਚਲਾਈ, ਜਿਸ ਵਿਚ "ਅਰਧਯਾ ਵਾੜੇਵਰ" (ਅੱਧੀ ਰਾਹ ਤੇ) ਨਾਂ ਦਾ ਨਵੀਨਤਾ ਭਰਪੂਰ ਨਾਟਕ ਬਹੁਤ ਪ੍ਰਸਿੱਧ ਹੋਇਆ। ਕੇਸ਼ਬਾਈ ਬਾਂਦੋਡਕਰ ਅਤੇ ਸਰੋਜ ਖੋਰਕਰ ਇਨ੍ਹਾਂ ਦੋ ਨਟੀਆਂ ਦੇ ਸਹਾਰੇ ਇਹ ਸੰਸਥਾ ਚਲ ਰਹੀ ਹੈ। ਬਾਲਮੋਹਨ ਸੰਗੀਤ ਮੰਡਲੀ ਤੋਂ ਵੱਖ ਹੋ ਕੇ ਨਾਗੇਸ਼ ਜੋਸ਼ੀ, ਕੁਣਡੇ, ਕੋਰਡੇ ਅਤੇ ਛੋਟਾ ਗੰਧਰਵ ਨੇ "ਕਲਾ ਵਿਲਾਸ" ਨਾਂ ਨਾਲ ਨਾਟਕ ਸੰਸਥਾ ਕਾਇਮ ਕੀਤੀ। ਇਸ ਨੇ "ਫੁਲ ਖਾਖਰੇ" (ਤਿੱਤਲੀਆਂ) "ਮੈਲਾਚਾ ਦਗੜ" (ਮੀਲ ਦਾ ਪੱਥਰ) ਅਤੇ "ਦੇਵ ਮਾਣੁਸ" (ਦੇਵਤਾ ਆਦਮੀ) ਇਹ ਤਿੰਨ ਨਾਟਕ ਖੇਡੇ। ਇਸ ਸੰਸਥਾ ਵਿਚ ਐਕਟਰਾਂ ਦਾ ਸਾਂਝਾ ਕੰਮ ਬਹੁਤ ਪ੍ਰਸੰਸਾ ਯੋਗ ਸੀ। ਹੋਰ ਸੰਸਥਾਵਾਂ ਵਿਚ "ਪ੍ਰਫੁੱਲ" ਅਤੇ "ਸੰਯੁਕਤ-ਨਟ-ਸੰਘ" ਤੋਂ ਇਲਾਵਾ ਨਾਗਪੁਰ ਦਾ 'ਨਾਟਯ-ਮੰਦਿਰ' ਜਿਸ ਨੇ ਨਾਨਾ ਜੋਗ ਦੇ ਦੋ ਨਾਟਕ "ਚਿਤਰਸ਼ਾਲਾ" ਅਤੇ "ਸੋਨਯਾਦੇ ਦੇਵ" ਖੇਡੇ, ਵਰਣਨ-ਯੋਗ ਹਨ। ਬੰਬਈ ਵਿਚ "ਮਰਾਠੀ ਸਾਹਿਤ੍ਰ ਸੰਘ 1943 ਤੋਂ ਹਰ ਸਾਲ ਨਾਟ ਮਹਾਂ ਉਤਸਵ ਮਨਾਉਂਦਾ ਹੈ। ਜਿਸ ਵਿਚ ਦਰਜਨਾਂ ਨਾਟਕ ਖੇਡੇ ਜਾਂਦੇ ਹਨ।

1950 ਵਿਚ ਸਾਲਾਨਾ ਸਾਹਿਤ ਸਮਾਲੋਚਨਾ ਵਿਚ "ਅਭਿਰੁਚਿ" ਦੇ "ਨਿਸ਼ਾਦ

ਔਰ ਸ਼ਮਾ" ਨੇ ਲਿਖਿਆ ਸੀ—ਨਟ ਹਨ ਪਰ ਨਾਟਕ ਘੱਟ ਹਨ ਅਤੇ ਨਾਟਘਰ ਤਾਂ ਲੱਗ-ਪੱਗ ਹੈਨ ਹੀ ਨਹੀਂ। ਇਹ ਸ਼ਿਕਾਇਤ ਹਰ ਸਾਲ ਪਿੱਛਲੇ ਬਾਕੀ ਰੋਕੜ ਵਾਂਗ ਚਾਲੂ ਹੈ। ਨਾਟ-ਮਹਾਂਉਤਸਵ ਹੁਣ ਵੀ ਹੁੰਦੇ ਹਨ ਪਰ ਦਸ ਸਾਲ ਪੁਰਾਣੀ ਸਜੀਵਤਾ ਹੁਣ ਘੱਟ ਹੋ ਗਈ ਹੈ। ਬੰਬਈ ਵਿਚ ਮਿਊਂਸਪਲ-ਨਾਟ-ਘਰ ਛੇਤੀ ਹੀ ਬਣਾਇਆ ਜਾਵੇਗਾ—ਅਜਿਹਾ ਅਖ਼ਬਾਰ ਕਹਿੰਦੇ ਹਨ, ਪਰੰਤੂ ਬਡਾਲਾ ਜਿਹੀ ਬਸਤੀ ਵਿਚ ਉਹ ਕਿਉਂ ਬਣੇਗਾ ਇਹ ਸਮਝ ਵਿਚ ਨਹੀਂ ਆਉਂਦਾ। ਭਾਰਤੀ ਵਿਦਿਆ ਭਵਨ ਦਾ 'ਹਾਲ' ਮਹਿੰਗਾ ਹੁੰਦਾ ਹੈ ਇਸ ਲਈ ਬੰਬਈ ਦੇ ਨਾਟਕ ਪਰੇਲ ਦੇ ਨਾਕਰਸੀ ਹਾਲ ਦੇ ਸਾਧਾਰਣ ਨਾਟਕਘਰ ਵਿਚ ਹੁੰਦੇ ਹਨ। ਮਾਮਾ ਵਰੇਰਕਰ ਦਾ ਨਾਟਕ "ਜਿਵਾ ਸ਼ਿਵਾਚੀ ਭੇਂਟ" ਉਨ੍ਹਾਂ ਦੇ ਨਾਵਲ "ਸਾਤ ਲਾਖ ਮੇ ਸੇ ਏਕ" ਦੇ ਆਧਾਰ ਤੇ ਲਿਖਿਆ ਗਿਆ। ਪਰ ਉਸ ਨੂੰ ਵੇਖਣ ਬਹੁਤੇ ਦਰਸ਼ਕ ਨਹੀਂ ਆਏ। ਅਜਿਹੀ ਹਾਲਤ ਵਿਚ ਰਾਂਗਣੇਕਰ ਦਾ "ਨਾਟਯ ਨਿਕੇਤਨ" ਅਪਣੇ ਥਾਂ ਡਟੀ ਹੋਈ ਇਕ ਇਕ ਕੰਪਨੀ ਹੈ। ਡਾਕਟਰ ਵਰਟੀ ਦਾ "ਰਾਣੀਚਾ ਬਾਗ" ਅਤੇ ਖ਼ੁਦ ਉਨ੍ਹਾਂ ਦਾ "ਕੋਣੇ ਏਕੇ ਵਾਲੀ" ਆਪਣੇ ਆਪਣੇ ਢੰਗ ਦੇ ਸਫਲ ਨਾਟ-ਪ੍ਰਯੋਗ ਕੀਤੇ। ਦਾਮੂਅੰਣਾ ਸਾ-ਲਵਣਕਰ ਦਾ "ਨਾਟ ਸੰਘ" ਵੀ ਖੇਲ ਵਿਖਾਉਂਦਾ ਹੈ। ਉਹ ਦਾ-ਜੀ ਨਾਂ ਦਾ ਤਾਮਹਣਕਰ ਦਾ ਹਸੌਣਾ-ਪਾਤਰ ਨਾਟਕ ਰੂਪ ਵਿਚ ਸਟੇਜ ਤੇ ਲਿਆਇਆ। ਸ਼ੁਕੀਨ ਨਾਟਕ-ਸੰਘਾਂ ਦੀ ਗਿਣਤੀ ਵਧ ਰਹੀ ਹੈ। ਅਨੰਤ ਕਾਣੇਕਰ ਨੇ ਸੋਮਿਨ ਦੇ ਨਾਟਕ ਦਾ ਅਨੁਵਾਦ "ਫਾਂਸ" ਕੀਤਾ। ਇਸ ਵਿਚ ਦੋ ਹੀ ਪਾਤਰ ਹਨ। ਸ਼ਾਸਤਰੀ ਭਾਵੇ ਅਤੇ ਓਕ ਨੇ ਇਕਾਂਗੀ ਨਾਟਕ ਸੰਗ੍ਰਹਿ ਪ੍ਰਕਾਸ਼ਤ ਕੀਤੇ ਹਨ।"

ਇਹ ਸਭ ਜਾਣਦੇ ਹਨ ਕਿ ਪਾਰਸੀ ਥਿਏਟਰੀਕਲ ਕੰਪਨੀਆਂ ਨੂੰ ਛੱਡ ਕੇ (ਜੋ ਕਿ ਅਸਲ ਵਿਚ ਉਰਦੂ ਦੀ ਸਟੇਜ ਸਨ) ਹਿੰਦੀ ਦਾ ਆਪਣਾ ਰੰਗਮੰਚ ਨਹੀਂ। ਹਿੰਦੀ ਵਿਚ ਖੇਡੇ ਜਾ ਸਕਣ ਵਾਲੇ ਨਾਟਕ ਘਟ ਲਿਖੇ ਹਨ ਅਤੇ "ਪੜ੍ਹੇ ਜਾਣ ਯੋਗ" ਜ਼ਿਆਦਾ। ਅਜਿਹੀ ਹਾਲਤ ਵਿਚ ਜਦ ਰਾਸ਼ਟਰ ਭਾਸ਼ਾ ਵਿਚ ਹੋਰ ਸੂਬਾਈ ਭਾਸ਼ਾਵਾਂ ਦੀਆਂ ਵਿਸ਼ੇਸ਼ਤਾਵਾਂ ਅਨੁਵਾਦ ਰਾਹੀਂ ਅਤੇ ਲੈਣ ਦੇਣ ਨਾਲ ਅਸੀਂ ਗ੍ਰਹਿਣ ਕਰਨ ਜਾ ਰਹੇ ਹਾਂ, ਮਰਾਠੀ ਸਟੇਜ ਦੀ ਇਹ ਕਹਾਣੀ ਅਤੇ ਮਰਾਠੀ ਨਾਟਕਾਂ ਦਾ ਇਹ ਇਤਿਹਾਸ ਉਪਯੋਗੀ ਸਾਬਤ ਹੋਵੇਗਾ।

ਪੰਜ ਸਾਲ ਪਹਿਲਾਂ ਪ੍ਰਯਾਗ ਵਿਚ ਭਾਰਤੇਂਦੂ ਹਰੀਸ਼ਚੰਦਰ ਦੇ ਸ਼ਤਾਬਦੀ ਮਹਾਂ-ਉਤਸਵ ਦੇ ਮੌਕੇ ਤੇ ਜਦ ਹਿੰਦੀ ਦੇ ਕੇਂਦਰ ਵਿਚ ਹੀ ਇਕ ਵੀ ਹਿੰਦੀ ਨਾਟਕ ਨਾ ਖੇਡਿਆ ਗਿਆ, ਤਦ "ਪਰਿਮਲ" ਗੋਸ਼ਟੀ ਵਿਚ ਸ੍ਵ ਸ਼੍ਰੀ ਰਾਜਕੁਮਾਰ ਵਰਮਾ, ਮਹਾਂਦੇਵੀ ਵਰਮਾ, ਬੱਚਨ, ਰਾਮ ਸਿੰਘ ਤੋਮਰ, ਗੰਗਾ ਪ੍ਰਸਾਦ ਪਾਂਡੇ ਆਦਿ ਦੇ ਸਾਹਮਣੇ ਮੈਂ ਜੋ ਗੱਲ ਕਹੀ ਸੀ ਉਹੀ ਦੁਹਰਾਉਣਾ ਚਾਹੁੰਦਾ ਹਾਂ। ਆਪਣੇ ਵਿਦਿਆਰਥੀ ਜੀਵਨ ਵਿਚ ਮੈਂ ਅਨੇਕ ਮਰਾਠੀ ਅਤੇ ਹਿੰਦੀ ਨਾਟਕਾਂ ਦੇ ਰੰਗਮੰਚ ਤੇ ਪਰਦੇ ਅਤੇ ਚਿਹਰੇ ਰੰਗਣ (ਗਰੀਨ ਰੂਮ ਸੰਭਾਲਣ) ਦੇ ਕੰਮ ਤੋਂ ਲੈ ਕੇ ਨਾਟਕ ਲਿਖ ਦੇਣ ਤਕ ਅਨੇਕ ਤਰ੍ਹਾਂ ਦੇ ਉਦਯੋਗ ਅਤੇ "ਵਿਆਪ" ਅਤੇ "ਉਪਾਵਿਆਪ" ਮੰਨੇ ਕੀਤੇ ਹਨ। ਪਰੰਤੂ ਹਿੰਦੀ ਵਿਚ ਸਟੇਜ ਦੀ ਘਾਟ ਦੇ ਕਾਰਣ

ਸਾਫ ਤੌਰ ਤੇ ਦੋ ਚੀਜ਼ਾਂ ਹਨ ਇਕ ਤਾਂ ਜਨ-ਨਾਟ ਪ੍ਰਤੀ ਲਾਪ੍ਰਵਾਹੀ ਅਤੇ ਦੂਸਰੇ ਹਿੰਦੀ ਬੋਲਣ ਵਾਲਿਆਂ ਦੇ ਸਮਾਜਕ ਜੀਵਨ ਵਿਚ ਉਸ ਸੰਸਕ੍ਰਿਤਕ ਸੁਰ ਦੀ ਉਸਾਰੀ ਦੀ ਘਾਟ ਜਿਸ ਵਿਚ ਨਿਡੱਰ ਭਾਵ ਨਾਲ ਜਵਾਨ ਇਸਤਰੀ ਪੁਰਸ਼ ਇਕ ਸਾਥ ਮਿਲ ਕੇ ਸਟੇਜ ਤੇ ਆ ਸਕਣ। ਯੂਨੀਵਰਸਿਟੀਆਂ ਵਿਚ ਕਦੇ ਕਦੇ, ਕਿਤੇ ਕਿਤੇ ਵਿਦਿਆਰਥੀ ਅਤੇ ਵਿਦਿਆਰਥਣਾਂ ਇਕੱਠੀਆਂ ਨਾਟਕ ਖੇਡਦੀਆਂ ਹਨ ਪਰ ਏਨਾ ਨਾਲ ਕੀ ਹੁੰਦਾ ਹੈ ?

ਨਾਟਕ ਦੀ ਸਮੱਸਿਆ ਇਸ ਤਰ੍ਹਾਂ ਨਾਲ ਇਕ ਤਿਹਰੀ ਸਮੱਸਿਆ ਹੈ। ਵੱਧੀਆ ਨਾਟਕ ਲਿਖਿਆ ਜਾਵੇ ਯਾਨੀ ਉਨ੍ਹਾਂ ਦੇ ਲਿਖਣ ਵਾਲੇ ਨਾਟਕਕਾਰਾਂ ਦੀ ਸਮੱਸਿਆ, ਵੱਧੀਆ ਨਿਰਦੇਸ਼ਕਾਂ ਦੀ ਸਮੱਸਿਆ ਅਤੇ ਇਸ ਤਰ੍ਹਾਂ ਨਾਲ ਹੌਲੀ ਹੌਲੀ ਜਨਤਾ ਦੀ ਪਸੰਦ ਸੁਧਾਰਣ ਦੀ ਸਮੱਸਿਆ। ਇਨ੍ਹਾਂ ਵਿਚੋਂ ਪਹਿਲੀ ਅਤੇ ਆਖਰੀ ਤੋਂ ਵੀ ਜਿਆਦਾ ਦੂਸਰੀ ਚੀਜ਼ ਹੈ, ਕਿਉਂਕਿ ਸਟੇਜ ਦੀ ਘਾਟ ਵਿਚ ਕੁਸਲ "ਰੇਜਿਸੌਰ" ਵੀ ਕਿਥੋਂ ਬਣਨਗੇ ? ਸੋਵੀਅਤ ਨਾਟ-ਕਲਾ ਸਮੀਖਿਅਕ ਪੋਪੋਵ ਨੇ ਕਿਹਾ—ਥਿਏਟਰ ਨੂੰ ਆਪਣੀ ਨਿਰਣਾਇਕ (ਨਿਰਣਾ ਕਰਨ ਵਾਲੀ) ਸਖ਼ਸੀਅਤ ਦੇਣ ਲਈ ਸਟੇਜ ਦੇ ਨਿਰਦੇਸਕ ਨੂੰ ਉਸ ਸਮਾਜਕ ਤੋਂ ਸਿਖਣਾ ਚਾਹੀਦਾ ਹੈ ਜਿਸ ਵਿਚ ਉਹ ਕੰਮ ਕਰਨ ਜਾ ਰਿਹਾ ਹੈ। ਸਮੂਹ (ਸਾਰਿਆਂ ਲਈ) ਕੰਮ ਕਰਨਾ ਚਾਹੀਦਾ ਹੈ। ਅਤੇ ਉਨ੍ਹਾਂ ਦੀ ਪਸੰਦ ਵਿਚ ਵਿਸਵਾਸ ਕਰਨਾ ਚਾਹੀਦਾ ਹੈ। ਥਿਏਟਰ ਤੇ ਕੋਈ ਪਹਿਲਾਂ ਤੋਂ ਮਿਥੀ ਯੋਜਨਾ ਅਤੇ "ਡਿਕਟੇਸ਼ਨ" ਨਹੀਂ ਚਲ ਸਕਦਾ। ਅੱਛੇ ਨਾਟ ਨਿਰਮਾਤਾ ਨੂੰ ਐਕਟਰ ਦੀ ਰਚਨਾਤਮਕ ਪ੍ਰਤਿਭਾ ਨੂੰ ਮੁਕਤ ਕਰਨਾ ਅਤੇ ਉਸ ਦੀ ਵਰਤੋਂ ਕਰਨੀ ਆਉਣੀ ਚਾਹੀਦੀ ਹੈ। ਭਾਰਤੀ ਰੰਗਮੰਚ ਅਤੇ ਨਾਟਕਾ ਦਾ ਇਤਿਹਾਸ ਇਸ ਗੱਲ ਨੂੰ ਸ਼ਪੱਸ਼ਟ ਕਰੇਗਾ।

ਸਭਨਾਂ ਕਲਾਂ ਦਾ ਜਨਮ ਜਨਤਾ 'ਚੋਂ ਹੁੰਦਾ ਹੈ ਅਤੇ ਉਨ੍ਹਾ ਦਾ ਅੰਤ ਵੀ ਜਨਤਾ ਦੇ ਹਿੱਤ ਵਿਚ ਹੀ ਹੋਣਾ ਚਾਹੀਦਾ ਹੈ। ਦੱਖਣ ਭਾਰਤ ਵਿਚ ਨਾਟ-ਕਲਾ ਦਾ ਜਨਮ ਇਸੇ ਤਰ੍ਹਾਂ ਦੇ ਲੋਕ-ਨਾਟ ਅਤੇ ਲੋਕ-ਨਾਚ ਵਿਚੋਂ ਹੋਇਆ। "ਨਟ ਨ੍ਰਿਤ" ਕੇਰਲ ਦੇ "ਥੁੱਲਲ" ਕਰਨਾਟਕ ਦੇ 'ਸਕਸਗਾਨ' ਭਾਗਵਤ ਅਤੇ ਤੇਲਗੂ ਦੇ 'ਤੋਲੂਬੋਮਲਾਟਲ' ਇਸੇ ਤਰ੍ਹਾਂ ਦੀਆਂ ਚੀਜ਼ਾਂ ਸਨ। ਬੰਗਾਲ ਦੀ 'ਯਾਤਰਾ' ਅਤੇ ਆਸਾਮ ਦੀ "ਬੀਹੂਜਾਤੀ" ਗੁਜਰਾਤ ਦੇ ਕੀਰਤਨ ਅਤੇ ਮਰਾਠੀ ਦੇ ਲਲਿਤ ਵੀ ਅਜਿਹੀਆਂ ਹੀ ਸੰਗੀਤ ਪ੍ਰਧਾਨ ਚੀਜ਼ਾਂ ਸਨ ਜਿਸ ਤਰ੍ਹਾਂ ਉੱਤਰੀ ਭਾਰਤ ਦੀ ਰਾਮ ਲੀਲਾ ਵਿਚ ਹੁੰਦੀਆਂ ਹਨ। ਮਹਾਂਰਾਸ਼ਟਰ ਵਿਚ 1843 ਤੋਂ ਪਹਿਲਾਂ 'ਕਰਨਾਟਕੀ ਖੇਲ' ਹੋਇਆ ਕਰਦੇ ਸਨ। ਕ੍ਰਿਸ਼ਣਾ ਜੀ ਆਵਾ ਜੀ ਗੁਰੂ ਜੀ ਨਾਂ ਦੇ ਇਕ ਨਾਟਕ-ਸਮੀਖਿਆਕਾਰ ਨੇ ਆਪਣੇ ਇਕ ਪੁਰਾਣੇ ਲੇਖ "ਨਾਟਕ ਦੇ ਸਥਿਯਾਂਤਰ" ਵਿਚ ਕਿਹਾ ਹੈ ਕਿ—"ਸੂਤਰਧਾਰ ਪਖਾਵਜ ਵਜਾਉਂਦੇ ਹੋਏ ਪਦ ਗਾਉਣ ਲਗਤਾਂ ਰਾਮ ਪਾਤਰ ਬਾਹਰ ਆਉਂਦੇ। ਜਿਸ ਤਰ੍ਹਾਂ ਸਰਸਵਤੀ ਇਕ ਲੜਕੇ ਨੂੰ ਮੋਰ ਬਣਾ ਕੇ ਸਟੇਜ ਤੇ ਆਉਂਦੀ ਮੋਰ ਵਿਚਾਰਾ ਥੱਕਣ ਤਕ ਨੱਚਦਾ ਫਿਰਦਾ। ਸਭ ਰਸ ਨੱਚਦੇ ਹੋਏ ਵਿਖਾਏ ਜਾਂਦੇ। ਸੀਤਾ ਨੱਚਦੇ ਨੱਚਦੇ ਬੇਹੋਸ਼ ਹੋ ਕੇ ਜ਼ਮੀਨ ਤੇ ਗਿਰ ਕੇ ਵਿਰਲਾਪ ਕਰਦੀ ਕਿ ਇਹ

ਕਰੁਣ ਰਸ ਹੁੰਦਾ । ਉਹ ਉਠ ਕੇ ਖੜੀ ਵੀ ਹੁੰਦੀ ਤਾਂ ਨੱਚਦੀ ਹੀ ਰਹਿੰਦੀ। ਰਾਵਣ-ਮੰਦੋਦਰੀ ਨੱਚਦੇ ਨੱਚਦੇ ਸਟੇਜ ਤੇ ਆਉਂਦੇ ਅਤੇ ਉਂਜ ਹੀ ਪਰਦੇ ਦੇ ਪਿੱਛੇ ਹੋ ਜਾਂਦੇ।

ਇਸ ਹਾਲਤ ਦਾ ਬਦਲਿਆ ਰੂਪ ਸੀ ਵਿਸ਼ਨੂੰਦਾਸ ਭਾਵੇ ਦਾ ਪਹਿਲਾ ਮਰਾਠੀ ਨਾਟਕ "ਸੀਤਾ ਸੁਐਂਮਵਰ" ਜੋ ਸਾਂਗਲੀ ਰਿਆਸਤ ਦੇ ਰਾਜੇ ਦੀ ਨਿਗਰਾਨੀ ਹੇਠ 1843 ਈਸਵੀ ਵਿਚ ਖੇਡਿਆ ਗਿਆ । ਇਨ੍ਹਾਂ ਨਿਰਤ ਨਾਟਾਂ ਨੂੰ ਮਿਰਦੰਗ ਦੇ ਬੋਲ ਦੇ ਅਧਾਰ ਤੇ 'ਤਾਗੜ ਥੋਮ' ਕਿਹਾ ਕਰਦੇ ਸਨ । ਇਨ੍ਹਾਂ "ਤਾਗੜ ਥੋਮ" ਨਾਟਕਾਂ ਵਿਚ 'ਫ਼ਾਰਸ' ਵੀ ਜੋੜੇ ਗਏ ਅਤੇ ਇਨ੍ਹਾਂ ਨਾਟਕਾ ਦੀ ਅਰੰਭਕ ਅਵੱਸਥਾ ਵਾਲੇ ਤਮਾਸ਼ਿਆਂ ਵਿਚ ਨਾਟਕਕਾਰ ਦਾ ਸਥਾਨ ਅਪ੍ਰਮੁੱਖ ਸੀ । ਵਧੇਰੇ ਸੰਸਕ੍ਰਿਤ ਨਾਟਕਾ ਦੇ ਅਨੁਵਾਦ ਹੀ ਹੁੰਦੇ ਸਨ । ਇਨ੍ਹਾਂ ਤੋਂ ਤੰਗ ਆ ਕੇ ਦੂਸਰੇ ਪਾਸੇ ਗਦ-ਨਾਟਕ ਲਿਖੇ ਜਾਣ ਲਗੇ । ਉਨ੍ਹਾਂ ਨੂੰ ਅੰਗ੍ਰੇਜ਼ੀ ਵਿਸ਼ੇਸ਼ਣ ਉਧਾਰ ਲੈਕੇ ਉਸ ਸਮੇਂ ਵੀ ਮਰਾਠੀ ਵਿਚ "ਬੁਕਿਸ" ਨਾਟਕ ਕਹਿੰਦੇ ਸਨ । ਇਕ ਪਾਸੇ ਜਨਤਾ ਪੁਰਾਣਕ ਨਾਟਕਾਂ ਦਾ ਅ-ਸੁਭਾਵਕ ਰੌਲਾ ਰੱਪਾ ਪਸੰਦ ਨਹੀਂ ਕਰਦੀ ਸੀ ਤਾਂ ਦੂਸਰੇ ਪਾਸੇ ਗਦ-ਨਾਟਕਾ ਦਾ ਰੁਖਾਪਨ ਪਸੰਦ ਨਹੀਂ ਸੀ ।

ਇਨ੍ਹਾਂ ਦੇ ਪਰਸਪਰ ਵਿਰੋਧੀ ਝੁਕਾਵਾਂ ਵਿਚੋਂ ਅੱਣਾ ਕਿਰਲੋਸਕਰ (ਨਾਟਕਕਾਰ-ਨਟ ਅਤੇ ਨਾਟ ਨਿਰਮਾਤਾ) ਨੇ ਸੰਗੀਤ ਨਾਟਕ ਲਿਖਣੇ ਅਰੰਭ ਕੀਤੇ । ਉਹ ਭਾਰਤ ਵਿਚ "ਆਪੇਰਾ" ਲਿਆਉਣਾ ਚਾਹੁੰਦੇ ਸਨ । ਪਾਰਸੀ ਥਿਏਟਰੀਕਲ ਕੰਪਨੀ ਵਾਂਗ ਉਨ੍ਹਾਂ ਨੇ ਸਾਰੇ ਸੰਬਾਦ ਪਦਮਈ ਅਤੇ ਸੰਗਤੀਮਈ ਰਚੇ । ਕਿਰਲੋਸਕਰ ਦੇ ਇਸ "ਢ੍ਰਿਸ਼ਟ ਸੰਚਾਇਕ" (ਏਕ-ਲੇਕਟਿਕ) ਨਾਟ-ਰੂਪ ਨਾਲ ਰੰਗਮੰਚ ਅਤੇ ਦਰਸਕ ਜਨਤਾ ਵਿਚ ਫ਼ਰਕ ਘੱਟ ਹੋਇਆ । ਪਰੰਤੂ ਕੇਵਲ ਸਾਹਿਤ ਦਾ ਪ੍ਰਧਾਨ ਗੁਣ ਮਨੋਰੰਜਨ ਬਹੁਤੇ ਸਮੇਂ ਤਕ ਨਹੀਂ ਰਹਿ ਸਕਦਾ । ਮਰਾਠੀ ਨਾਟਕ ਵਿਚ ਸਮਾਜਕ ਉਦੇਸ਼ ਦੀ ਮੰਗ ਵੱਧਣ ਲਗੀ ।

ਅਰੰਭਕ ਯੂਨਾਨੀ ਨਾਟਕਾਂ ਵਿਚ ਅਰਿਸਟੋਫੇਨੀਸ ਦੇ "ਮੇਢਕ" ਕਾਮੇਡੀ ਮਗਰੋਂ ਜੈਸੇ ਜੈਸੇ 'ਕੋਰਸ' ਦਾ ਅਤੇ ਪ੍ਰਾਮੁੱਖ (ਪ੍ਰੋਲੋਗ) ਦੀ ਵਰਤੋਂ ਸਮਾਜ ਤੇ ਵਿਅੰਗ ਕਰਨ ਲਈ ਕੀਤਾ ਗਿਆ; ਵੈਸੇ ਹੀ ਵੈਸੇ 1890 ਤਕ ਕਈ ਪ੍ਰਹਸਨ ਲਿਖੇ ਜਾਣ ਲਗੇ । ਉਨ੍ਹਾਂ ਦਾ ਸਮਾਜਕ ਵਿਅੰਗ ਬਹੁਤ ਸਥੂਲ ਅਤੇ ਭੱਦਾ (ਕਰੂੜ੍ਹ) ਹੋਇਆ ਕਰਦਾ ਸੀ । ਇਸ ਕੱਚੇ ਸਾਰੇ ਵਿਚੋਂ ਨਾਟ-ਪ੍ਰਤਿਮਾ ਦਾ ਨਿਰਮਾਣ ਕੀਤਾ ਖਾਡਿਲਕਰ ਜਿਹੇ ਰਾਸ਼ਟਰੀ ਅਭਿਮਾਨ ਨਾਲ ਭਰੇ ਹੋਏ ਨਾਟਕ-ਅਚਾਰੀਆਂ ਨੇ । 1911 ਤਕ "ਕਾਂਚਨਗੜ੍ਹ ਕੀ ਮੋਹਿਨਾ" "ਕੀਚਕਵਧ" "ਭਾਉਬੰਦਕੀ" ਇਤਆਦਿ ਨਾਟਕ ਲਿਖਕੇ ਮਰਾਠੀ ਰੰਗਮੰਚ ਨੂੰ ਖਾਡਿ-ਲਕਰ ਨੇ ਕਰਾਂਤੀਕਾਰ ਰੂਪ ਦਿੱਤਾ । ਪੁਰਾਣਕ ਵਿਸ਼ਿਆਂ ਵਿਚ ਅਨਿਓਕਤੀ ਅਤੇ ਰੂਪਕ (ਐਲੈਗਰੀ) ਰਾਹੀਂ ਵਰਤਮਾਨ ਤੇ ਵਿਅੰਗ ਕਰਨ ਵਾਲੇ ਨਾਟਕ ਬਹੁਤ ਦਿਨ ਤਕ ਨਾ ਚਲ ਸਕੇ । ਦਰਸ਼ਕਾਂ ਦੀ ਉਚਿਤ-ਕਲਾ ਦੀ ਭੁਖ ਉਂਜ ਹੀ ਅਬੁਝ ਹੀ ਰਹੀ । ਜਿਸ ਭੁੱਖ ਨੂੰ ਮਿਟਾਇਆ ਸ੍ਰੀਪਾਦ ਕ੍ਰਿਸ਼ਨ ਕੋਲਹਟਕਰ ਦੇ ਮੂਕਨਾਇਕ" ਆਦਿ ਨਾਟਕਾਂ ਨੇ,

ਅਤੇ ਉਨ੍ਹਾਂ ਦੀ ਸਾਹਿਤਕ ਪ੍ਰੰਪਰਾ ਦੇ ਸਿਸ਼ ਰਾਮਗਣੇਸ਼ ਗਡਕਰੀ ਨੇ ਆਪਣੇ ਅਮਰ ਪੰਜ ਨਾਟਕ ਲਿਖਕੇ ਮਰਾਠੀ ਰੰਗਭੂਮੀਂ ਨੂੰ ਖ਼ੁਸ਼ਹਾਲ ਬਣਾਇਆ । 'ਏਕਚ ਪਯਾਲਾ' "ਭਾਵ-ਬੰਧਨ" "ਪੁਨਯਪ੍ਰਭਾਵ" "ਬੇਡਯਾਚਾ ਪ੍ਰਭਾਵ" "ਰਾਜ ਸਨਿਆਸ" ਇਨ੍ਹਾਂ ਪੰਜ ਨਾਟਕਾਂ ਨਾਲ ਐਨੀ ਵੱਡੀ ਪ੍ਰਸਿੱਧੀ ਪ੍ਰਾਪਤ ਕਰਨ ਵਾਲਾ ਇਹ ਮਰਾਠੀ ਦਾ ਪ੍ਰਧਾਨ ਨਾਟਕਕਾਰ ਸੀ । ਗਡਕਰੀ ਦੇ ਨਾਟਕਾਂ ਵਿਚ ਅਤੀ ਨਾਟਕੀਅਤਾ ਸੀ । ਇਸ ਦਾ ਕਾਰਨ ਉਨ੍ਹਾਂ ਤੇ ਉਰਦੂ ਰੰਗਮੰਚ ਦਾ ਅਸਰ ਸੀ ।

### ਅਧੁਨਿਕ ਕਾਲ :—

ਇਸ ਤੋਂ ਮਗਰੋਂ ਮਰਾਠੀ ਨਾਟਕਾਂ ਦਾ ਆਧੁਨਿਕ ਯੁੱਗ ਆਉਂਦਾ ਹੈ. । ਇਸਦੇ ਪ੍ਰਮੁੱਖ ਉਦਗਾਤਾ ਭਾਰਗਾਰਾਮ ਬਿਠੱਲ ਉਰਫ਼ ਮਾਮਾਵਰੇਰਕਰ, ਪ੍ਰਹਿਲਾਦ ਕੇਸ਼ਵ ਅਤਰੇ ਅਤੇ ਮੋ. ਗ. ਰਾਂਗਕਰ । ਵਰੇਰਕਰ ਨੇ ਸਮਾਜਕ ਸਮੱਸਿਆਵਾਂ ਨੂੰ ਆਪਣੇ ਨਾਟਕਾਂ ਦਾ ਪ੍ਰਮੁੱਖ ਨਿਸ਼ਾਨਾ ਬਣਾਇਆ । ਜਦ ਨਾਟਕਾਂ ਸੰਪਰਦਾਯ ਮਰਾਠੀ ਵਿਚ ਹਿੰਦੀ ਇਕਾਂਗੀਆਂ ਵਾਂਗ ਰੂਹੜ ਹੋਇਆ ਤਦ ਵਰੇਰਕਰ ਓਧਰ ਮੁੜੇ ਅਤੇ ਉਨ੍ਹਾਂ ਨੇ 'ਪਾਪੀ' 'ਪੁਨਯ' 'ਸਦਾ ਬੰਦੀਵਾਨ' "ਨਾਮਾਨਿਰਾਲਾ" "ਸੰਸਾਰ" ਆਦਿ ਏਕਾਂਗੀ ਲਿਖੇ । ਮਰਾਠੀ ਦਾ ਪਹਿਲਾ ਛੋਟਾ ਨਾਟਕ ਜਾਂ ਆਧੁਨਿਕ ਤਰੀਕੇ ਦੀ ਇਕ ਹੀ ਸੈਟ ਤੇ ਖੇਡੀ ਜਾਣ ਵਾਲੀ ਏਕਾਂਗੀ ਬੰਬੇ ਥਿਏਟਰ ਵਿਚ ਇਕ ਅਗਸਤ 1930 ਨੂੰ ਬਾਲਮੋਹਨ ਸੰਗੀਤ ਮੰਡਲੀ ਨੇ ਖੇਡੀ । ਇਹ ਪਹਿਲੀ ਇਕਾਂਗੀ ਅਨੰਤ ਹਰੀ ਗਦਰੇ ਦੀ ਲਿਖੀ 'ਪ੍ਰੇਮ ਦੇਵਤਾ' ਸੀ । 1930 ਤੋਂ 1935 ਦੇ ਸਮੇਂ ਵਿਚ ਇਹ ਨਾਟਕ ਇਨ੍ਹਾਂ ਲੋਕਪ੍ਰਿਅ ਹੋਇਆ ਕਿ ਵੀਰ ਵਾਮਨ ਰਾਵ ਜੋਸ਼ੀ, ਅੱਪਾ ਟਿਪਣੀਸ, ਬਰਵੇ, ਮਾ. ਕ੍ਰਿਸ਼ਿੰਦੇ, ਸਰਪੋਤਦਾਰ, ਹ. ਵਿ. ਦਿਸਾਈ, ਨਾ. ਧੋ.ਤਾਮਹਨਕਰ ਆਦਿ ਨੇ ਤੀਹ ਚਾਲੀ ਇਕਾਂਗੀ ਸਟੇਜ ਤੇ ਬਹੁਤ ਸਫਲਤਾ ਨਾਲ ਖੇਡੇ ।

ਏਸੇ ਸਮੇਂ ਰਾਂਗਣੇਕਰ ਨੇ ਆਪਣੇ ਨਾਟ-ਮਨਵੰਤਰ ਦੀ ਸਥਾਪਨਾ ਕੀਤੀ । ਅਸਲ ਵਿਚ ਇਸਦਾ ਅਰੰਭ ਸੌਰੀਆਂ ਗਵੱਈਆਂ, ਐਕਟਰਾਂ, ਚਿਤਰਕਾਰਾਂ ਦੇ ਇਕ ਗਰੁਪ ਨਾਲ ਹੋਇਆ ਸੀ । ਇਸ ਸੰਸਥਾ ਨੇ ਰਾਂਗਣੇਕਰ ਦਾ "ਕੁਲਵਧੂ" ਨਾਟਕ ਸੈਂਕੜੇ ਵਾਰ ਖੇਡਿਆ ਅਤੇ ਉਸਨੂੰ ਬਹੁਤ ਹੀ ਸਫਲਤਾ ਮਿਲੀ । ਇਸ ਨਵੀਨ ਨਾਟ-ਪ੍ਰਯੋਗ ਵਿਚ ਮਹਾਂਰਾਸ਼ਟਰ ਦੀ ਸੰਗੀਤ-ਨਾਟਕ-ਪ੍ਰੰਪਰਾ, ਮਾ. ਨਾ. ਜੋਸ਼ੀ, ਅਤਰੇ ਆਦਿ ਦਾ "ਵਿਦਾਰਕ" ਸਮਾਜਕ ਵਿਅੰਗ ਅਤੇ ਇਬਸਨ ਆਦਿ ਪ੍ਰਭਾਵ ਤੋਂ ਲਈ ਹੋਈ ਸਮੱਸਿਆ ਪ੍ਰਧਾਨ ਅਤੇ ਆਧੁਨਿਕਤਾ ਦਾ ਵੱਧੀਆ ਸਮਿਸ਼ਰਣ (ਰਲਾਅ) ਸੀ । "ਨਾਟਯਮਨਵੰਤਰ" ਦੀ ਨਕਲ ਤੇ ਅਨੇਕ ਸੰਸਥਾਵਾਂ ਅਗੇ ਵੱਧੀਆ-ਨਾਟਯ-ਸੰਗਮ-ਕਲਾ-ਵਿਕਾਸ, ਨਵ-ਨਾਟ-ਸੰਘ, ਨਾਟ ਮੰਦਰ, ਲੋਕ-ਨਾਟ-ਸੰਘ ਆਦਿ । ਪਰ ਰਾਂਗਣੇਕਰ ਵਿਚ ਜੋ ਵਪਾਰਕ ਦ੍ਰਿਸ਼ਟੀ ਦੇ ਨਾਲ ਨਾਲ ਉਚਿਤ ਮਿਕਦਾਰ ਵਿਚ ਅਸ਼ੀਰਵਾਦ ਸੀ, ਉਹ ਹੋਰ ਸੰਸਥਾਵਾਂ ਵਿਚ ਏਨੇ ਮੇਲ ਨਾਲ ਨਹੀਂ ਮਿਲਿਆ ਕਿਤੇ ਨਾਟਕ ਅੱਛੇ ਸਨ ਅਤੇ ਕਿਤੇ ਐਕਟਰ । ਸਭਨਾਂ ਦੀ ਅਜਿਹੀ ਸਾਂਝ, ਜੈਸੀ

ਰਾਂਗਣੇਕਰ ਵਿਚ ਮਿਲੀ ਸੀ, ਹੋਰ ਦੁਰਲੱਭ ਸੀ ।

ਆਧੁਨਿਕ ਮਰਾਠੀ ਨਾਟਕਾਂ ਦੀਆਂ ਵਿਸ਼ੇਸ਼ਤਾਵਾਂ ਹਨ : ਸ਼ਾਸਤਰੀਆਂ ਸੰਗੀਤ ਅਤੇ ਭਾਵ ਗੀਤ ਦੀ ਵਧੇਰੇ ਵਰਤੋਂ, ਨਵੇਂ ਢੰਗ ਦੇ ਰੰਗਮੰਚ ਦੀ ਉਸਾਰੀ । ਸੁਭਾਵਕ ਸਮੱਸਿਆ ਪ੍ਰਧਾਨ ਛੋਟੇ ਛੋਟੇ ਸਾਹਿਤਕ ਗੁਣ ਵਾਲੇ ਨਾਟਕ, ਸਰਲ ਸਹਿਜ ਡਾਇਲਾਗ, ਇਸਤਰੀਆਂ ਦੀ ਐਕਟਿੰਗ ਇਸਤਰੀਆਂ ਕਰਦੀਆਂ ਹਨ, ਅਤਿਅੰਤ ਨਾਟਕੀਅਤਾ ਤੋਂ ਬਚਣ ਦਾ ਝੁਕਾਅ ਹਾਸੇ ਅਤੇ ਵਿਅੰਗ ਦੀ ਕਾਫ਼ੀ ਵਰਤੋਂ, ਘਰੇਲੂਪਨ ਅਤੇ ਨਾਟਕਕਾਰ, ਨਟ ਅਤੇ ਨਿਰਦੇਸ਼ਕ ਦਾ ਸੁਖਦਾਈ ਸਹਿਯੋਗ । ਹਿੰਦੀ ਵਿਚ ਰਾਸ਼ਟਰੀ ਰੰਗਮੰਚ ਉਸਾਰੀ ਦੀ ਚਰਚਾ ਦੇ ਸਮੇਂ ਇਹ ਗੱਲਾਂ ਚੰਗੇ ਰਹਿਬਰ ਦੀ ਤਰ੍ਹਾਂ ਕੰਮ ਆਉਣਗੀਆਂ, ਅਜਿਹੀ ਆਸ ਹੈ ।

# ਮਰਾਠੀ ਦੇ ਪ੍ਰਮੁਖ ਹਾਸ-ਕਾਰੀਗਰ

ਮਰਾਠੀ ਸਾਹਿਤ ਵਿਚ ਵਿਅੰਗ ਅਤੇ ਵਿਨੋਦ ਦੀ ਬੜੀ ਖਸ਼ਹਾਲ ਪ੍ਰੰਪਰਾ ਰਹੀ ਹੈ। ਉਂਜ ਤਾਂ ਹਾਸਰਸ ਦੇ ਉਦਾਹਰਣ "ਮਹਾਨੁਭਾਵ ਸਾਹਿਤ" ਵਿਚ, ਏਕ ਨਾਥ ਦੇ "ਭਾਰੂਨਾਂ" ਵਿਚ (ਜੋ ਕਿ ਕਬੀਰ ਦੀਆਂ "ਉਲਟਬਾਸੀਆਂ" ਵਾਂਗ ਕੁਛ ਅਨਓਕਤੀਆਂ ਅਧਯਵਸਿਤ (ਜਿਸ ਲਈ ਕੋਸਿਸ਼ ਕੀਤੀ ਗਈ ਹੋਵੇ) ਰੂਪਕਾ ਦੀ ਕਥਾ ਹੈ, ਰਾਮ ਦਾਸ ਦੇ "ਦਾਸਬੋਧ" ਵਿਚ ਅਤੇ ਤੁਕਾਰਾਮ ਦੇ ਅਭੰਗਾਂ ਵਿਚ ਵੀ ਮਿਲ ਜਾਣਗੇ। ਪਰੰਤੂ ਹਾਸ ਦੀ ਆਧੁਨਿਕ ਪ੍ਰੰਪਰਾ ਅਸਲ ਵਿਚ ਗਦ-ਲੇਖਨ ਦੇ ਵਿਕਾਸ ਅਤੇ ਪੱਤਰ ਪੱਤਰਕਾਵਾਂ ਦੇ ਵੱਧਦੇ ਹੋਏ ਪ੍ਰਚਾਰ ਦੇ ਨਾਲ ਮਿਲਦੀ ਹੈ। ਏਥੇ ਮੈਂ ਕੇਵਲ ਉਨ੍ਹਾਂ ਹੀ ਗ੍ਰੰਥਕਾਰਾਂ ਅਤੇ ਗ੍ਰੰਥਾਂ ਦਾ ਜ਼ਿਕਰ ਕਰ ਰਿਹਾ ਹਾਂ ਜਿਨ੍ਹਾਂ ਨੂੰ ਮੈਨੇ ਪੜ੍ਹਿਆ ਹੈ ਅਤੇ ਜਿਨ੍ਹਾਂ ਦਾ ਅਸਰ ਮੇਰੇ ਤੇ ਬਹੁਤ ਡੂੰਘਾ ਹੈ।

## ਸ੍ਰੀਪਾਦ ਕ੍ਰਿਸ਼ਣ ਕੋਲਹਟਕਰ

ਆਧੁਨਿਕ ਗਦ ਦੇ ਪ੍ਰਧਾਨ ਸਿਲਪੀਆਂ ਵਿਚ ਸ਼੍ਰੀਪਾਦ ਕ੍ਰਿਸਣ ਕੋਲਹਟਕਰ ਦਾ ਨਾਮ ਸਭ ਤੋਂ ਪਹਿਲਾਂ ਸਾਹਮਣੇ ਆਉਂਦਾ ਹੈ। ਉਨ੍ਹਾ ਨੇ ਕਵਿਤਾ, ਨਾਵਲ ਨਾਟਕ ਆਲੋਚਨਾ, ਸਭ ਕੁਛ ਲਿਖਿਆ, ਪਰ ਉਨ੍ਹਾਂ ਦੀ ਸਭ ਤੋਂ ਬੜੀ ਦੇਣ ਹੈ। "ਸੁਦਾਮ ਯਾਚੇ ਪੋਹੇ" (ਸੁਦਾਮਾ ਦੇ ਚੌਵਰ) ਜਿਸ ਵਿਚ ਉਨ੍ਹਾਂ ਦੀ "ਸਾਹਿਤ-ਬੱਤੀਸੀ" ਵੀ ਸ਼ਾਮਲ ਹੈ। ਇਹ ਹਾਸਰਸ ਪ੍ਰਧਾਨ ਨਿਬੰਧ ਹਨ। ਕਾਸ਼ੀ ਯੂਨੀਵਰਸਿਟੀ ਵਿਚ ਜਰਮਨ ਦੇ ਪ੍ਰੋਫੈਸਰ ਮਹਾਦੇਵ ਸੀਤਾ ਰਾਮ ਕਰਮਰਕਰ ਨੇ ਇਸ ਗ੍ਰੰਥ ਦੇ ਕਈ ਨਿਬੰਧਾਂ ਦਾ ਸਫਲ ਉੱਲਥਾ ਕੀਤਾ ਹੈ ਅਤੇ ਉਹ ਕਈ ਪੱਤਰ-ਪਤਰਕਾਵਾਂ ਵਿਚ ਛਪੇ ਹਨ। "ਚੋਰੋਂ ਕ ਸੰਮੇਲਨ" "ਸਾਹਿਤ-ਸੰਮੇਲਨ ਕੀ ਪੂਰਵ ਤਿਆਰੀ" "ਚਿਤਰਕਾਰ" "ਸੰਗੀਤ ਕਲਾ" ਆਦਿ ਅਨੇਕ ਨਿਬੰਧ ਨਾ ਭੁੱਲ ਸਕਣ ਯੋਗ ਹਨ। ਉਨ੍ਹਾਂ ਦੇ ਵਿਨੋਦ ਦਾ ਇਕ ਨਮੂਨਾ ਮੈਂ ਹੇਠ ਦੇ ਰਿਹਾ ਹਾਂ। ਸੁਦਾਮਾ ਦੇ ਚੌਵਰ ਵਿਚੋਂ......

**"ਇਸ ਚਾਬੀ ਰੂਪੀ ਇਸਤਰੀ ਦਾ ਤਾਲਾ ਰੂਪੀ ਪਤੀ ਤੇ ਇੰਨਾ ਜ਼ੋਰ ਹੁੰਦਾ ਹੈ ਕਿ ਉਸਦਾ ਵਿਛੋੜਾ ਹੁੰਦੇ ਹੀ ਤਾਲਾ ਆਪਣੇ ਮਾਲਕ ਦੀ ਵੀ ਨਹੀਂ ਮੰਨਦਾ।**

ਤਾਲੇ ਵੀ ਇਸ ਵਿਆਹ ਦੇ ਮਾਮਲੇ ਵਿਚ ਆਰੀਆ ਭੂਮੀ ਦੇ ਯੋਗ ਹੀ ਹਨ, ਕਿਉਂਕਿ ਹਰ ਤਾਲੇ ਦੀਆਂ ਦੋ ਦੋ ਚਾਬੀਆਂ ਹੁੰਦੀਆਂ ਹਨ ਅਤੇ ਦੋਨੋਂ ਖੋ ਜਾਣ ਤੇ ਤੀਸਰੀ ਇਸਤਰੀ ਕਰਨ ਦੀ ਉਨ੍ਹਾਂ ਨੂੰ ਧਰਮ ਵੱਲੋਂ ਇਜਾਜ਼ਤ ਹੈ। ਮੰਨ ਲਓ, ਚੋਰ ਤਾਲੇ ਦੇ ਨਾਲ ਨਾਲ ਸੰਦੂਕ ਵੀ ਲੈਕੇ ਨੱਸ ਜਾਣ ਤਾਂ ਆਪਣੀ ਥਾਂ ਨਾ ਛੱਡਕੇ ਜੈਸਾ ਵੀ ਸੰਕਟ ਆਵੇ ਉਸ ਵੱਲ "ਪਿਠ ਤਥ ਜੋਸੀ ਦੀ ਜ਼ੋ" ਨੀਤੀ ਤੇ ਉਹ ਚਲਦੇ ਹਨ। ਤਾਲੇ ਜਿਹੇ ਪਕੇ ਇਰਾਦੇ ਵਾਲੇ ਆਦਮੀ ਨੂੰ ਵੀ ਇਸਤਰੀ ਦੇ ਕਾਰਨ (ਚਾਬੀ ਦੇ ਕਾਰਨ) ਸਥਾਨ-ਭ੍ਰਸ਼ਟ ਹੋਣ ਦਾ ਮੌਕਾ ਕਦੇ ਮਿਲ ਹੀ ਜਾਂਦਾ ਹੈ।"

"ਭਾਸਾ ਵਿਗਿਆਨ ਮੇਂ ਮੇਰੇ ਸੋਧ, ਵਿਚੋਂ"............

'ਮਨੁੱਖ ਦਾ ਜਨਮ ਬਨਾਸਪਤੀਆਂ ਤੋਂ ਹੋਇਆ। ਦੇਖੋ "ਅਸਵੱਥ" ਪਿਪਲ ਵਿਚ "ਅਸ਼ਵ" ਹੈ ਹੀ ਯਾਨੀ ਅਸ਼ਵ ਵਿਚ ਵੀ "ਸ਼ਵ' ਯਾਨੀ ਕੁੱਤਾ ਹੈ ਹੀ। ਯਾਨੀ ਦੁਨੀਆਂ ਦੇ ਅਰੰਭ ਵਿਚ ਕੁੱਤਾ ਅਤੇ ਘੋੜਾ ਇਹ ਦੋ ਹੀ ਜਾਨਵਰ ਸਨ।

ਮਨੁੱਖ ਬਾਂਦਰ ਤੋਂ ਬਣਿਆ ਇਹ ਵੀ ਭਾਸ਼ਾ ਵਿਗਿਆਨ ਤੋਂ ਸਿੱਧ ਹੁੰਦਾ ਹੈ ਕਿਉਂਕਿ "ਬਾਨਰ" ਵਿਚ ਨਰ ਹੈ ਹੀ।

ਅਵਯਵਵਾਚਕ ਸਬਦਾਂ ਤੋਂ ਸਮਾਜ ਵਿਗਿਆਨ ਦਾ ਪਤਾ ਲਗਦਾ ਹੈ ਜਿਵੇਂ ਅਧਰ-ਅ-ਧਰ ਜਿਸਨੂੰ ਫੜ ਨਹੀਂ ਸਕਦੇ। "ਮਸਤਕ" ਮਸਤ ਤੋਂ ਬਣਿਆ ਹੈ। ਪ੍ਰਾਚੀਨ ਸਮੇਂ ਵਿਚ ਸੋਮਰਸ ਆਦਿ ਪੀਕੇ ਸਿਰ ਹਮੇਸ਼ਾਂ ਚੜ੍ਹਿਆ ਰਹਿੰਦਾ ਸੀ। ਓਸਨ (ਬੁਲ)—ਓ-ਸ-ਨ ਜਿਥੋਂ ਓਂ ਦਾ ਉਚਾਰਣ ਕੀਤਾ ਜਾਵੇ।"

## ਰਾਮ ਗਣੇਸ਼ ਗਡਕਰੀ

ਕੋਲਹਟਕਰ ਦੇ ਸਿਸ ਰਾਮਗਣੇਸ ਗਡਕਰੀ, ਜੋ ਨਾਟਕਕਾਰ ਦੇ ਨਾਤੇ ਬੇਸਕ ਪ੍ਰਸਿੱਧ ਹੋਏ, ਗੋਬਿੰਦਾਗ੍ਰਜ ਨਾਮ ਨਾਲ ਕਵਿਤਾ ਲਿਖਦੇ ਸਨ ਅਤੇ ਬਾਲਕ ਰਾਮ ਦੇ ਨਾਂ ਤੇ ਹਾਸ ਦੇ ਨਿਬੰਧ "ਰਿਕਾਮਪਣਚੀ ਕਾਮ ਗਿਰੀ" (ਵਿਹਲੇ ਸਮੇਂ ਦਾ ਕੰਮ) ਉਨ੍ਹਾਂ ਦਾ ਹਾਸ-ਨਿਬੰਧ-ਸੰਗ੍ਰਹਿ ਹੈ। ਉਸ ਵਿਚ "ਕਵੀਚਾ ਕਾਰਖਾਨਾ" (ਕਵੀਆਂ ਦਾ ਕਾਰਖਾਨਾ) ਅਤੇ "ਠਕੀਚੇ ਲਗਨ" (ਠਕੀ ਨਾਂ ਦੀ ਲੜਕੀ ਦਾ ਵਿਆਹ) ਜਿਸ ਤੇ ਅਗੇ ਚਲਕੇ ਫ਼ਿਲਮ ਵੀ ਬਣੀ ਉਨ੍ਹਾ ਦੇ ਬਹੁਤ ਹੀ ਪ੍ਰਸਿੱਧ ਨਿਬੰਧ ਹਨ। ਕੋਲਹਟਕਰ ਵਿਚ ਜੋ ਨਰਮ-ਮਿੱਠਾ ਮਖ਼ੌਲ ਹੁੰਦਾ ਸੀ, ਜੋ ਸਿਰਫ ਕੁਤਕੁਤਾੜੀ ਕਢੇ ਪਰ ਜੋ ਆਪ ਨੂੰ ਠਹਾਕੇ ਨਾਲ ਨਾ ਹਸਾਵੇ, ਉਹ ਗਡਕਰੀ ਵਿਚ ਆ ਕੇ ਵਰਣਾਯ ਜਾ ਭੜਕੀਲਾ ਹੋ ਗਿਆ ਹੈ। ਗਡਕਰੀ ਕੁਤਕੁਤਾੜੀਆਂ ਕਢਨ ਦੀ ਬਜਾਏ ਕਰਾਰੀਆਂ ਚੂੰਢੀਆ ਵੱਢਣ ਲਗ ਜਾਂਦੇ ਹਨ। ਗਡਕਰੀ ਦਾ ਹਾਸ ਕੋਲਹਟਕਰੀ ਸੰਪਰਦਾਯ ਵਿਚ ਜ਼ਿਆਦਾ ਸ਼ਬਦਨਿਸ਼ਟ (ਸਬਦਾਂ ਤੋਂ ਪੈਦਾ ਹੋਣ ਵਾਲਾ) ਹੈ, ਪਰ ਉਹ ਹਾਸੇ ਦੀ ਬਜਾਏ ਵਿਅੰਗ ਵੱਲ ਵਧੇਰੇ ਝੁਕੇ ਹਨ।

ਉਨ੍ਹਾਂ ਦੇ ਹਾਸ ਦਾ ਨਮੂਨਾ ਆਪਨੂੰ ਉਨ੍ਹਾਂ ਦੇ ਇਕ ਨਾਟਕ "ਪ੍ਰੇਮ ਸੰਨਿਆਸ" ਚੋਂ

ਹੇਠਲੇ ਹਵਾਲਿਆਂ ਤੋਂ ਮਿਲ ਸਕਦਾ ਹੈ :—

(ਅੰਕ 3, ਦ੍ਰਿਸ਼ਝ, ਕਿੰਕਣੀ ਦੇ ਦੋ ਪ੍ਰੇਮੀ ਹਨ—ਨੂਪੁਰ ਕਵੀ ਅਤੇ ਕੰਕਣ ਸਿਪਾਹੀ। ਸਿਪਾਹੀ ਨੇ ਪ੍ਰੇਮ ਯਾਚਨਾ ਦੇ ਫ਼ਿਕਰੇ ਰਟੇ ਹੋਏ ਹਨ ਜੋ ਉਹ ਐਨ ਮੌਕੇ ਤੇ ਭੁੱਲ ਜਾਂਦਾ ਹੈ)

ਕੰਕਣ—ਕਿੰਕਣੀ, ਸੁਣੋ ਹੇ ਪ੍ਰਾਣ ਪਿਆਰੀ। ਤੇਰੇ ਰੂਪ ਦਾ ਵਰਣਨ ਕੌਣ ਕਰ ਸਕਦਾ ਹੈ। ਹਜ਼ਾਰ ਜੀਭਾਂ ਵਾਲਾ ਬ੍ਰਹਮਦੇਵ, ਚਾਰ ਮੂਹਾਂ ਵਾਲੇ ਸ਼ੇਸ਼ (ਥੋੜ੍ਹਾ ਯਾਦ ਕਰਕੇ) ਅਤੇ ਇਕ ਕੌਣ ਇਹ ਸਭ ਥਕ ਜਾਣਗੇ।

ਨੂਪੁਰ—ਅੱਛਾ, ਸਿਦੌਰੀ ਖੋਲ੍ਹਣੀ ਸ਼ੁਰੂ ਕੀਤੀ।

ਕੰਕਣ—ਹੇ ਸੁੰਦਰੀ, ਤੇਰੇ ਨਕਸ਼ ਭੌਰੇ ਦੇ ਸਮਾਨ ਹਨ।

ਕਿੰਕਣੀ- ਕੀ ਮੇਰੇ ਨਕਸ਼ ਕਾਲੇ ਹਨ?

ਨੂਪੁਰ-ਵਾਹ। ਪਦ ਕਮਲਾਂ ਦੇ ਆਸ ਪਾਸ ਭੌਰਿਆਂ ਦੀ ਭੀੜ ਹੁੰਦੀ ਹੀ ਹੈ।

ਕੰਕਣ—ਤੇਰੇ ਚਰਣ ਪ੍ਰਵਾਲ ਦੇ ਸਮਾਨ, ਉਰੂ ਕਮਲ ਵਾਂਗ——

ਨੂਪੁਰ—ਇਹ ਉਰੂ ਕੀ ਹਨ?

ਕੰਕਣ—ਉਰੂ ਦਾ ਮਤਲਬ ਉਰ, ਉਰ ਦਾ ਇਸਤਰੀ ਲਿੰਗ ਹੈ ਓਹ। ਵਿਚ ਦੀ ਬੁੜ ਬੁੜ ਮਤ ਕਰ। ਤੇਰੀ ਚਾਲ ਕੇਲੇ ਦੇ ਥੰਮ ਵਰਗੀ, ਕਮਰ ਹਾਥੀ ਦੀ, ਛਾਤੀ ਸ਼ੇਰ ਵਾਂਗ ਸੁਹਾਂਦੀ ਹੈ।

ਨੂਪੁਰ—ਅੱਜ ਸੁੰਦਰੀ ਨੂੰ ਤੁਸੀਂ ਸਿੰਗਾਰ ਦੀ ਬਜਾਏ ਵੀਰ ਰਸ ਵਿਚ ਡੋਬੋ ਦੇ ਰਹੇ ਹੋ।

ਕਿੰਕਣੀ—ਤੁਸੀਂ ਉਨ੍ਹਾਂ ਨੂੰ ਵਿਚੋਂ ਦੀ ਟੋਕੋ ਮਤ।

ਕੰਕਣ—ਤੇਰੇ ਹੱਥ ਘਟ ਵਾਂਗ, ਕੰਠ ਕਮਲ ਨਾਲ ਜਿਹਾ, ਅਵਾਜ਼ ਸੰਖ ਵਾਂਗ ਅਤੇ ਹੋਠਾਂ ਦੀ ਸ਼ੋਭਾ ਕੋਇਲ ਦੀ ਤਰ੍ਹਾਂ ਹੈ। ਦੰਦ ਧਨੁਸ਼ ਵਾਂਗ, ਗੱਲ ਕੁੰਦ ਕਲੀ ਵਾਂਗ ਤੇ ਕਪਾਲ ਹਿਰਨ ਵਾਂਗ ਹੈ।

ਨੂਪੁਰ ਠੀਕ ਹੈ ਚਾਰੂਗਾਤਰੀ। ਤੇਰੀ ਲਲਿਤ ਲਲਿਤ (ਕੋਮਲ ਕੋਮਲ) ਮਧੁਰ ਸੁੰਦਰਤਾ ਨਾਲ ਇਸ ਦਾਸਾਂ ਦੇ ਦਾਸ ਤੇ ਮਿੱਠਾ ਮਿੱਠਾ, ਹਿਰਦਯ ਅੰਦੋਲਨ ਹੋਕੇ ਕੋਮਲ ਰਸ-ਲੀਲਾ ਵਿਲਾਸ ਨਾਲ ਜਗਦਾਵਿੰਦ ਸੁਗੰਧ-ਮਕਰੰਦ-ਰਸ-ਨਿਮਗਨ ਹੋ ਗਿਆ ਹੈ। ਹੇ ਕੰਬੂਕੰਠੀ ਲਲਨਾਵਲਾਮ ਭੂਤ ਲਲਿਤ-ਲਤਿਕਾਵਲੀ ਮ੍ਰਿਦ ਲਦਲਦਲਿਤ ਹ੍ਰਿਦਯ, ਮੈਨੂੰ ਪ੍ਰੇਮ ਸ਼ਬਦ ਤੋਂ ਬ੍ਰਹਮੰਡ ਯਾਦ ਆਉਂਦਾ ਹੈ, ਬ੍ਰਹਮੰਡ ਪ੍ਰੇਮੋਸੋ ਲਸਿਤ-ਹਸਿਤ-ਬ੍ਰਿਤੀ ਸੂਨਯ ਹੋ ਜਾਣ ਨਾਲ, ਪ੍ਰੇਮ ਦਾ ਬ੍ਰਹਮੰਡ ਵਿਗਲਿਤ ਹੋਕੇ ਬ੍ਰਹਮੰਡ ਦਾ ਪ੍ਰੇਮ ਹੋ ਜਾਂਦਾ ਹੈ।

**ਕਿਕੰਟੀ—ਬ੍ਰਹਮ-ਗੜਬੜ ਇਹੋ ਹੈ ਨਾ।**

**ਕੰਕਣ—ਮੈਂ ਤਾਂ ਇਕ ਅੱਖਰ ਵੀ ਨਹੀਂ ਸਮਝ ਸਕਦਾ।**

**ਕਿਕੰਟੀ—ਮੈਂ ਵੀ ਕੁਝ ਨਹੀਂ ਸਮਝ ਸਕੀ।**

**ਨੂਪੁਰ—ਹੇ ਚੰਦ ਰਿਕਾਧਵ ਲਤਨੁ ਲਤਾਨੁ-ਲਤਿਕੇ। (ਹੇ ਚਾਂਦਨੀ ਜਿਹੇ ਚਿੱਟੇ ਬਦਨ ਵਾਲੀ,) ਇਹ ਹੈ ਕਵਿਤਾ। ਕਾਵਿ ਦਾ ਅਰਥ ਸਮਝਣਾ ਜ਼ਰੂਰੀ ਨਹੀਂ।"**

## ਕੇਲਕਰ, ਜੋਸ਼ੀ ਅਤੇ ਅਤਰੇ

ਗਡਕਰੀ ਮਗਰੋਂ ਹਾਸ ਤੇ ਪ੍ਰਸਿੱਧ ਲੇਖਕਾਂ ਤੇ ਜਦੋਂ ਅਸੀਂ ਨਜ਼ਰ ਸੁੱਟਦੇ ਹਾਂ ਉਥੋਂ ਉਂਜ ਤਾਂ ਨਰ ਸਿੰਘ ਚਿੰਤਾਮਣ ਕੇਲਕਰ ਦੀ ਇਕ ਕਵਿਤਾ ਵਿਚ ਨਰਮ ਵਿਨੋਦ (ਮਖੌਲ) ਮਿਲਦਾ ਹੈ। ਫੇਰ ਵੀ ਉਹ ਹਾਸਰਸ ਦੇ ਨਿਰਮਾਤਾ (ਬਨਾਉਣ ਵਾਲੇ) ਦੀ ਥਾਂ ਉਸ ਤੇ ਭਾਸਯ (ਪੈਰੋਡੀ) ਕਰਨ ਵਾਲੇ ਜਿਆਦਾ ਸਨ। ਉਨ੍ਹਾਂ ਦਾ ਬਹੁਤ ਵੱਡਾ ਗ੍ਰੰਥ "ਹਾਸਯ-ਵਿਨੋਦ-ਮੀਮਾਨਸਾ" ਜਿਸ ਵਿਚ ਉਨ੍ਹਾਂ ਦਾ ਪੁਰਾਣਾ ਗ੍ਰੰਥ "ਸੁਭਾਸ਼ਿਤ-ਆਣਿ-ਵਿਨੋਦ" ਸ਼ਾਮਲ ਹੈ, ਇਕ ਬੇਜੋੜ ਕਿਤਾਬ ਹੈ, ਕਿਉਂਕਿ ਉਸ ਵਿਚ ਸੰਸਕ੍ਰਿਤ, ਅੰਗ੍ਰੇਜ਼ੀ ਅਤੇ ਮਰਾਠੀ ਹਾਸ ਦੇ ਉਦਾਹਰਣਾਂ ਤੋਂ ਇਲਾਵਾ ਅਸੀਂ ਹੱਸਦੇ ਕਿਉਂ ਹਾਂ ? ਇਸ ਵਿਸ਼ੇ ਦੀ ਵਿਸਤਾਰ ਵਾਲੀ ਰਸ-ਸਮੀਖਿਆ ਵੀ ਹੈ।

ਪਰੰਤੂ ਨਾਟਕਾਂ ਵਿਚ ਮਾਧਵਰਾਵ ਜੋਸ਼ੀ ਨੇ "ਵਿਨੋਦ" 'ਮਿਊਂਸਪੈਲਟੀ' ਆਦਿ ਲਿਖਕੇ ਜਿਸ ਤਰ੍ਹਾਂ ਯਥਾਰਥਵਾਦੀ (ਅਤੇ ਕਦੇ ਕਦੇ ਪੇਂਡੂਪੁਣੇ ਦੀ ਹਦ ਤਕ ਪੁਜਣ ਵਾਲੇ) ਉਪਰੋਦ (ਇਹ ਮਰਾਠੀ ਵਿਚ "ਵਿਅੰਗ" ਲਈ ਵਰਤਿਆ ਜਾਂਦਾ ਸਬਦ ਹੈ।) ਦੀ ਪ੍ਰੰਪਰਾ ਪ੍ਰਚਲਤ ਕੀਤੀ, ਉਹ ਬੇਜੋੜ ਹੈ। ਮਿਊਂਸਪੈਲਟੀ ਵਿਚ ਚੋਣ ਦਾ ਜੈਸਾ ਨਜ਼ਾਰਾ ਪੇਸ਼ ਕੀਤਾ ਹੈ ਵੈਸਾ ਹੋਰ ਕਿਧਰੇ ਮਿਲਣਾ ਮੁਸਕਲ ਹੈ। ਅਤਰੇ ਨੇ ਮਗਰੋਂ ਜੋ "ਬੰਦੇ ਮਾਤਰਮ "ਲਿਖਿਆ ਉਸ ਵਿਚ ਅਤੇ "ਮੀ ਉਭਾ ਆਹੇ" ਵਿਚ ਬਹੁਤ ਕੁਝ ਚੋਣ ਰਾਜਨੀਤੀ ਹੈ। ਪਰ ਜਿੰਨੀ ਦਰਦਨਾਕ ਸਮਾਜ ਸੁਧਾਰ ਦੇ ਆਦਰਸ਼ਾਂ ਤੋਂ ਪ੍ਰੇਰਤ ਅਤੇ ਤੇਜ਼ ਸਮਾਜਕ ਵਿਅੰਗਮਈ ਸ਼ੈਲੀ ਮਾਧਵਰਾਵ ਦੇ "ਮਿਊਂਸਪੈਲਟੀ" ਵਿਚ ਮਿਲਦੀ ਹੈ, ਅਤਰੇ ਦੇ ਉਸ ਨਾਟਕ ਵਿਚ ਨਹੀਂ ਹੈ। ਏਥੇ ਮੈਂ ਮਾਧਵ ਰਾਵ ਜੋਸ਼ੀ ਅਤੇ ਪ੍ਰਾ. ਕੇ. ਅਤਰੇ ਦੀਆਂ ਰਚਨਾਵਾਂ ਵਿਚੋਂ ਕੁਝ ਉਦਾਹਰਣ ਦਿੰਦਾ ਹਾਂ :—

ਮਾਧਵ ਰਾਵ ਜੋਸ਼ੀ ਦੇ "ਅਨੰਦ" ਨਾਟਕ ਵਿਚ ਦੋ ਡਾਕਟਰਾਂ ਦਾ ਸ਼ੇਖੀ ਭਰਿਆ ਸੰਭਾਸ਼ਣ :—

**ਹੋਮਿਉਪੇਥ ਡਾਕਟਰ—ਮੇਰੇ ਸਾਹਮਣੇ ਸਰਜਰੀ ਦੀ ਆਕੜ ਨਾ ਵਿਖਾਓ। ਪਰਸੋਂ ਇਕ ਕੁੱਤੇ ਦੀ ਪੂੰਛ ਤੋਂ ਗੱਡੀ ਦਾ ਪਹੀਆ ਲੰਘ ਗਿਆ ਅਤੇ ਉਹ ਟੁਟ ਗਈ। ਮੈਨੇ ਇਕ ਦਮ ਹੋਮਿਉਪੈਥਕ ਗੋਲੀਆਂ ਕੁੱਤੇ ਨੂੰ ਦਿੱਤੀਆਂ। ਇਕ ਦਮ ਕੁੱਤੇ ਦੀ ਪੂੰਛ ਫੇਰ ਲੰਬੀ ਹੋ ਗਈ।**

ਡਾਕਟਰ—ਬੜੀ ਆਕੜ ਵਿਖਾਉਂਦਾ ਹੈ ਹੋਮਿਉਪੈਥੀ ਦੀ। ਰੱਸੜੇ ਵਿਚ ਪਿਆ ਪੂੰਛ ਦਾ ਟੁੱਕੜਾ ਮੈਂ ਦਵਾਖਾਨੇ ਲੈ ਆਇਆ ਅਤੇ ਜਦ ਉਸਦਾ ਅਪਰੇਸ਼ਨ ਕੀਤਾ ਤਾਂ ਪੂੰਛ ਵਿਚੋਂ ਸਾਰਾ ਕੁੱਤਾ ਉਗ ਆਇਆ।

ਜੋਸ਼ੀ ਜੀ ਦੇ 'ਸ਼ਬਨਕ ਸਵਰਾਜਯ ਯਾ ਮਿਉਂਸਪੈਲਟੀ' ਨਾਟਕ ਵਿਚੋਂ: ਪਾਂਡੂ ਰੰਗ-ਕੀ ਹਿੰਮਤ ਹੈ ਕਾਨੂੰਨ ਦੀ ਕਿ ਅਮੀਰ ਵੱਲ ਜ਼ਰਾ ਵੀ ਅੱਖ ਟੇਢੀ ਕਰਕੇ ਵੇਖੇ। ਗ਼ਰੀਬ ਕੌਡੀਆਂ ਲੈਕੇ ਜਾਂ ਪੈਸੇ ਲੈਕੇ ਜੂਆ ਖੇਡੇ ਤਾਂ ਉਸਨੂੰ ਸਜ਼ਾ ਹੁੰਦੀ ਹੈ ਪਰ ਘੋੜਿਆਂ ਦੀਆਂ ਰੇਸਾਂ ਲਈ ਮੋਟਰਾਂ ਦਾ ਕੁੰਭ ਮੇਲਾ ਜਮ੍ਹਾਂ ਹੁੰਦਾ ਹੈ। ਗ਼ਰੀਬ ਸ਼ਿੰਗਾਰ ਭਰਿਆ ਨਾਵਲ ਲਿਖੇ ਤਾਂ ਅਸ਼ਲੀਲਤਾ ਦੇ ਦੋਸ਼ ਵਿਚ ਫੱੜਿਆ ਜਾਂਦਾ ਹੈ, ਪਰੰਤੂ ਨੰਗੇ ਨਾਚ ਦੇ ਯੂਰਪੀਨ ਸਿਨਮਾ, ਲਈ ਭੀੜ ਜਮ੍ਹਾਂ ਹੁੰਦੀ ਹੈ। ਗ਼ਰੀਬ ਵਿਚਾਰੇ ਗਾਲ ਮੰਦਾ ਬੋਲਣ, ਪੇਟ ਲਈ ਲੜਨ ਤਾਂ ਸਜ਼ਾ ਹੁੰਦੀ ਹੈ, ਅਮੀਰ ਜਾਂ ਅਫ਼ਸਰ ਲੋਕ ਬੂਟ ਦੀ ਲੱਤ ਮਾਰਕੇ ਗ਼ਰੀਬ ਦੀ ਜਾਨ ਲੈਣ ਤਾਂ ਗ਼ਰੀਬ ਦੇ ਪੇਟ ਦੀ ਬਿਮਾਰੀ ਦੂਰ ਹੋ ਜਾਂਦੀ ਹੈ।

ਧੋਨੂਬੱਲਬ—ਪਾਂਡੇ। ਪਾਂਡੇ। ਕਿੰਨੀ ਡੂੰਘੀ ਕਾਨੂੰਨ ਦੀ ਜਾਣਕਾਰੀ ਹੈ ਤੈਨੂੰ। ਓ ਪੁੱਤਰਾ। ਤੂੰ ਬੈਰਿਸਟਰ ਹੁੰਦਾ ਤਾਂ ਚੰਗਾ ਹੁੰਦਾ।

ਅਤੇ ਪ੍ਰਹਿਲਾਦ ਅਤਰੇ ਦੇ ਹਾਸੇ ਦੇ ਨਮੂਨੇ—

ਮੱਲੀ ਨਾਥ—ਮੈਂ ਆਸਟਰੇਲੀਆ ਦੀ ਟਿਬੰਕਟੂ ਯੂਨੀਵਰਸਿਟੀ ਦਾ ਪੀ. ਐਚ. ਡੀ ਹਾਂ। "ਰਾਮਾਇਣ ਕਾਲ ਕੀ ਚਲਚਿੱਤਰਪਟ ਕੰਪਨੀਆਂ' ਵਿਸ਼ੇ ਤੇ ਪ੍ਰਬੰਧ (ਥੀਸਿਸ) ਲਿਖਕੇ ਮੈਨੂੰ ਡਾਕਟਰੇਟ ਮਿਲੀ ਹੈ। ਮੈਨੂੰ ਇਸ ਡਿੱਗਰੀ ਦਾ ਐਨਾ ਮਹੱਤਵ ਨਹੀਂ ਲਗਦਾ। ਜਿਨ੍ਹਾਂ ਦਾ ਨਾਮ ਮੈਲਾ ਹੋ ਗਿਆ ਉਹ ਚਾਹੁਣ ਤਾਂ ਪੀ. ਐਚ. ਡੀ. ਦੀ ਡਿੱਗਰੀ ਦਾ ਇਹ ਝੂੱਠਾ ਗਿਲਾਫ (ਉਛਾੜ) ਆਪਣੇ ਉਪਰ ਚੜ੍ਹਾ ਲੈਣ। ਇਹ ਲਿਫ਼ਾਫ਼ਾ ਮੈਨੂੰ ਨਹੀਂ ਚਾਹੀਦਾ। ਅਤੇ ਮੈਨੇ "ਅਲੀ-ਬਾਬਾ ਚਾਲੀ ਚੋਰ" ਫ਼ਿਲਮ ਵਿਚ ਇਕਤਾਲੀਵੇਂ ਚੋਰ ਦਾ ਕੰਮ ਕੀਤਾ ਸੀ।

ਸ਼ੰਤਨੂ—ਮੈਨੂੰ ਯਾਦ ਨਹੀਂ ਆਉਂਦਾ ਕਿ ਕਿਧਰੇ ਫ਼ਿਲਮ ਵਿਚ ਤੁਹਾਨੂੰ ਵੇਖਿਆ ਹੋਵੇ। ਮੈਨੇ ਇਹ ਫ਼ਿਲਮ ਵੇਖੀ ਹੈ।

ਮੱਲੀਨਾਥ—ਸ਼ੁਰੂ ਤੋਂ ਆਖ਼ਰ ਤਕ ਸਾਨੂੰ ਤੇਲ ਦੇ ਪੀਪੇ ਵਿਚ ਹੀ ਬੈਠਾ ਰਹਿਣਾ ਪਿਆ। ਤਦ ਮੈਂ ਕਿਵੇਂ ਦਿਖਾਈ ਦਿੰਦਾ।

ਕਵੀ—ਮੇਰੀ ਕੋਟੀ ਦੀ ਜੇਬ ਤੁਸੀਂ ਫਰੋਲਕੇ ਵੇਖ ਲਓ। ਉਸ ਵਿਚ ਸੁਕੇ ਹੋਏ ਗੁਲਾਬ ਦੇ ਫੁੱਲ, ਜੂਹੀ ਦੀਆਂ ਸੁਕੀਆਂ ਕਲੀਆਂ, ਮਸਲੇ ਹੋਏ ਰੁਮਾਲ, ਚੂੜੀ ਦੇ ਟੁੱਕੜੇ ਅਤੇ ਹਰਮਿਟੇ ਅਤੇ ਕਈ ਚੀਜ਼ਾਂ ਮਿਲ ਜਾਣਗੀਆਂ। ਇਹੋ ਤਾਂ ਸੁਆਣੀਆਂ ਕਵਿਤਾਵਾਂ ਦੀ ਪੂੰਜੀ ਹੈ। ਕਵੀ ਦੀਆਂ ਜੇਬਾਂ ਨੂੰ ਸੋਹਣੀਆਂ ਦੀਆਂ ਗੁੰਮ ਹੋਈਆਂ ਚੀਜ਼ਾਂ ਦਾ ਪਤਾ ਲਗਾਉਣ ਦੀ ਪੱਕੀ ਥਾਂ ਸਮਝਣੀ ਚਾਹੀਦੀ ਹੈ।

**ਸੋਭਨਾ—ਇਹ ਹੈ ਪ੍ਰਸਿੱਧ ਕਵੀ ਭਦਰਾ ਭੂ । ਹੁਣ ਤਾਂ ਆਪਣੀ ਪਛਾਣ ਪੱਕੀ ਹੋਈ ?**

**ਸ਼ੰਤਨੂ—ਨਾਮ ਕਿਧਰੇ ਸੁਣਿਆ ਹੈ । ਆਪ ਬੀਮੇਂ ਬਾਰੇ ਕੋਈ ਬਿਜ਼ਨਸ ਕਰਦੇ ਹਨ ਨਾ ! ਉੱਮਰ ਜਿਸ ਨਾਲ ਭੱਦਰ ਹੋ..."**

ਅਤਰੇ ਨੇ ਝੇਂਡੂਚੀ ਫੂਲੇਂ, ਨਾਂ ਦੇ ਪੈਰੋਡੀ ਸੰਗ੍ਰਹਿ ਵਿਚ ਪੈਰੋਡੀ ਕਵਿਤਾ ਦਾ ਨਵਾਂ ਦੌਰ ਸ਼ੁਰੂ ਕੀਤਾ । ਅਤਰੇ ਦੇ ਨਾਲ ਹੀ ਨਾਲ ਚਿੰਤਾਮਣ ਵਿਨਾਇਕ ਜੋਸ਼ੀ ਨੇ ਮਹਾਂਰਾਸ਼ਟਰ ਦੇ ਘਰ ਘਰ ਵਿਚ ਆਪਣਾ ਅਮਰ ਪਾਤਰ "ਚਿਮਣਰਾਵ" ਨਿਰਮਾਣ ਕਰਕੇ ਹਾਸ ਰਸ ਪੈਦਾ ਕੀਤਾ । "ਚਿਮਣਰਾਵ" "ਚਾਚਾ ਛੱਕਨ" ਜਾਂ "ਜੀਵਸ" ਵਾਂਗ ਇਕ ਅਮਰ ਪਾਤਰ ਹੈ । ਏਸੇ ਤਰ੍ਹਾਂ ਦਾ ਇਕ ਕਮਾਲ ਦਾ ਹਸਾਉਣ ਵਾਲਾ ਪਾਤਰ ਨ. ਧੋਂ. ਤਾਮਹਣਕਰ ਨੇਂ "ਦਾ-ਜੀ" ਨਾ ਦਾ ਤਿਆਰ ਕੀਤਾ । ਵਿਜੇ ਨੰਦ ਜਾਂ ਮਹਾਂ ਕਵੀ ਚੱਚਾ ਜਾਂ ਸਿਵ ਸ਼ੰਭੂ ਸਰਮਾ ਵਿਚ ਅਤਿਸਿਉਕਤੀ (ਗੱਲ ਨੂੰ ਵਧਾ ਚੜ੍ਹਾ ਕੇ ਕਹਿਣਾ) ਹੈ । ਪਰ ਇਹ ਪਾਤਰ ਜਿਆਦਾ ਸਜੀਵ ਹਨ—ਮਧ ਸ੍ਰੇਣੀ ਦੀਆਂ ਮੁਸੀਬਤਾਂ ਇਨ੍ਹਾਂ ਵਿਚ ਚੰਗੀ ਤਰ੍ਹਾਂ ਚਿਤਰੀਆਂ ਹੋਈਆਂ ਹਨ । ਚਿ. ਵਿ. ਜੋਸੀ ਨੇ "ਲੰਕਾ ਵੈਭਵ" ਨਾਂ ਦੀ ਇਕ ਹਾਸਰਸ ਭਰਪੂਰ ਪੁਸਤਕ ਲਿਖੀ ਹੈ, ਜਿਸ ਵਿਚ ਕਲਪਨਾ ਕੀਤੀ ਗਈ ਹੈ ਕਿ ਰਾਮਾਇਣ ਕਾਲ ਵਿਚ ਜੇ ਅਖ਼ਬਾਰ ਹੁੰਦੇ ਅਤੇ ਰਿਪੋਰਟਰ ਹੁੰਦੇ ਤਾਂ ਰਾਮ-ਰਾਵਣ-ਜੰਗ ਦਾ ਕਿਸ ਤਰ੍ਹਾਂ ਦਾ ਵਰਣਨ ਹੁੰਦਾ । "ਲੰਕਾ ਵੈਭਵ" ਅਤੇ "ਅਯੁੱਧਿਆ-ਸਮਾਚਾਰ" ਨਾਂ ਦੇ ਅਖ਼ਬਾਰਾਂ ਦੀ ਕਲਪਨਿਕ ਕਤਰਨਾ ਦੇ ਅਧਾਰ ਤੇ ਇਹ ਤਿਆਰ ਕੀਤਾ ਗਿਆ ਹੈ । "ਲੰਕਾ ਵੈਭਵ ਦਾ ਰੇਡੀਉ ਰੂਪਾਂਤਰ ਮੈਂ ਇਲਾਹਾਬਾਦ ਤੋਂ ਪ੍ਰਸਾਰਤ ਕੀਤਾ ਸੀ । ਚਿ. ਵਿ. ਜੋਸ਼ੀ ਦੀਆਂ ਕਿਤਾਬਾਂ ਹਿੰਦੀ ਵਿਚ ਉੱਲ-ਬਧਈਆਂ ਜਾਣੀਆਂ ਚਾਹੀਦੀਆ ਹਨ ।

ਅਨੰਤ ਕਾਣੇਕਰ. ਯ. ਗ. ਜੋਸ਼ੀ, ਵਿ. ਸ. ਖਾਂਡੇਕਰ, ਵਿ. ਮਾ. ਦਿ. ਪਟਵਰਧਨ, ਕੈਪਟਨ ਲਿਮਯੇ, ਆਦਿ ਦੀਆਂ ਕਹਾਣੀਆਂ ਅਤੇ ਲਘੂ-ਨਿਬੰਧਾਂ ਵਿਚ ਹਾਸੇ ਦੀ ਬਹੁਤ ਪੁਠ ਹੈ । ਇਸ ਤੋਂ ਮਗਰੋਂ ਦੇ ਲੇਖਕਾਂ ਵਿਚ ਸਾਮਰਾਵ ਓਕ, ਸ਼ੰ. ਕ੍ਰਿ, ਦੇਸ਼ ਭਗਤ, ਪੁ. ਲ. ਦੇਸ਼ਪਾਂਡੇ, ਦੱਤੂ ਬਾਂਦੇਕਰ, ਭਾ. ਰਾ. ਭਾਗਵਤ, ਰਾਮਡੋਕੇ ਪ੍ਰਭ੍ਰਿਤੀ ਕਈ ਲੇਖਕਾਂ ਨੇ ਬਹੁਤ ਵੱਧੀਆ ਹਾਸਰਸ ਕਹਾਣੀਆਂ, ਹਾਸਰਸ ਦੇ ਨਿਬੰਧ ਅਤੇ ਪ੍ਰਹਸਨ ਮਰਾਠੀ ਨੂੰ ਦਿੱਤੇ ਹਨ । ਦੱਤੂ ਬਾਂਦੇਕਰ ਦੀ "ਦਾਦਾਓਂ ਕੀ ਕਾਨਫ਼ਰੰਸ" ਪਿੱਛਲੇ ਮਹਾਂ ਯੁੱਧ ਦੇ ਸਮੇਂ "ਅਭਯੁਦਯ" ਸਪਤਾਹਕ ਵਿਚ ਮੈਨੇ ਅਨੁਵਾਦ ਕਰਕੇ ਛਪਾਈ ਸੀ । ਪੁ. ਲ. ਦੇਸਪਾਂਡੇ ਦੀਆਂ ਚੀਜ਼ਾਂ ਬਹੁਤ ਸ਼ਕਤੀ ਸਾਲੀ ਹੁੰਦੀਆਂ ਹਨ । ਖ਼ਾਸ ਕਰ "ਅਭਿਰੁਚੀ" ਵਿਚ ਛੱਪੇ ਉਨ੍ਹਾਂ ਦੇ ਨਿਬੰਧ, ਜਿਸ ਤਰ੍ਹਾਂ "ਲੋਕਮਾਤਾ," "ਵਿਸੰਗਤ ਸੰਗੀਤ" "ਸੰਗੀਤ ਚਿਵੜਾਮਣੀ, ਆਦਿ ਬਹੁਤ ਪ੍ਰਸਿੱਧ ਹਨ ।

ਮਰਾਠੀ ਪਰਿਹਾਸ (ਮਖ਼ੌਲ) ਨਿਬੰਧਾਂ ਦਾ ਇਕ ਵੱਧੀਆ ਚੁਣਿਆ ਹੋਇਆ ਸੰਕਲਨ ਹਿੰਦੀ ਵਿਚ ਅਨੁਵਾਦ ਕਰਕੇ ਛਪਾਉਣਾ ਚਾਹੀਦਾ ਹੈ । ਹਿੰਦੀ ਵਿਚ ਵੱਧੀਆ ਕਿਸਮ ਦੇ

ਹੋਸੋਂ ਦੀ ਬਹੁਤ ਘਾਟ ਹੈ। ਇਸ ਘਾਟ ਦੀ ਪੂਰਤੀ ਹੋਰ ਭਾਸ਼ਾਵਾਂ ਦੇ ਵੱਧੀਆ ਹਾਸਰਸ ਲੇਖਕਾਂ ਦੇ ਅਨੁਵਾਦ ਨਾਲ ਕੀਤੀ ਜਾਵੇ। ਜਿਸ ਤਰ੍ਹਾਂ ਬੰਗਾਲੀ ਦੇ ਪਰਸ਼ੂ ਰਾਮ ਜਾਂ ਪਰਿਮਲ ਗੋਸੁਆਮੀ, ਗੁਜਰਾਤੀ ਦੇ ਜਯੋਤਿਚਰ ਜਾਂ ਸੁੰਦਰ ਬੇਟਾਈ ਅਤੇ ਮਰਾਠੀ ਦੇ ਸ਼ਾਮਰਾਵ ਓਕ ਅਤੇ ਪੁ. ਲ. ਦੇਸ਼ਪਾਂਡੇ ਆਦਿ। ਪਰ ਇਹ ਸੁ-ਬੁੱਧੀ ਹਿੰਦੀ ਦੇ ਪ੍ਰਕਾਸ਼ਕਾਂ ਨੂੰ ਕਦੋਂ ਆਵੇਗੀ ?

———

## ਕਸ਼ ਸਾਹਿਤ

ਇਹ ਅਧਿਆਏ ਲਿਖਦੇ ਸਮੇਂ ਮੈਂ "ਮਹਾਂਰਾਸ਼ਟਰ ਪਰਿਚਯ" ਨਾਂ ਦੇ ਮਹੱਤਵਪੂਰਣ ਸੰਦਰਭ (ਰੈਫਰੈਂਸ) ਗ੍ਰੰਥ ਦਾ ਸਹਾਰਾ ਲੈ ਰਿਹਾ ਹਾਂ। ਉਂਜ ਤਾਂ ਮਰਾਠੀ ਵਿਚ ਸਭ ਤੋਂ ਪਹਿਲਾਂ ਕੋਸ਼ ਸੰਨ 1810 ਈਸਵੀ ਵਿਚ ਹੀ ਡਾਕਟਰ "ਕਰੇ" ਨੇ ਬਣਾਇਆ ਸੀ। ਪਰੰਤੂ ਉਸ ਦਾ ਏਨਾ ਪ੍ਰਚਾਰ ਤੇ ਫੈਲਾਓ ਓਦੋਂ ਨਹੀਂ ਹੋਇਆ। ਕਰਨਲ ਕੈਨੇਡੀ ਸਾਹਿਬ ਦਾ ਕੋਸ ਵੀ (ਸੰਨ 1824 ਈਸਵੀ) ਛੋਟਾ ਅਤੇ ਅਨੇਕ ਪੱਖਾਂ ਤੋਂ ਅਧੂਰਾ ਸੀ। ਬੰਬਈ ਵਿਚ ਸਿਖਸਾ ਪ੍ਰਸਾਰ ਸਮਿਤੀ (ਕਮੇਟੀ) ਦੀ ਸਥਾਪਨਾ ਮਗਰੋਂ 1829 ਈਸਵੀ ਵਿਚ ਇਹ ਕੰਮ ਉਸ ਨੇ ਆਪਣੇ ਜ਼ਿਮੇਂ ਲਿਆ। ਬਾਲ ਸਾਸਤਰੀ ਘਗਵੇ, ਗੰਗਾਧਰ ਸਾਸਤਰੀ ਫੜਕੇ, ਸਖਾਰਾਮ ਜੋਸੀ, ਦਾਣੀ ਸ਼ਾਸਤਰੀ ਸੁਕਲ ਅਤੇ ਪਰਸ਼ੂਰਾਮ ਪੰਤ ਗੋਡਬੋਲੇ, ਇਨ੍ਹਾਂ ਵਿਦਵਾਨਾਂ ਨੇ ਮਿਲ ਕੇ ਮਹਾਂਰਾਸਠਰ ਭਾਸਾ ਦਾ ਸਭਨਾਂ ਪੱਖਾਂ ਤੋਂ ਸੁੰਦਰ ਕੋਸ਼ ਬਣਾਇਆ। ਇਹ ਸ਼ਾਸਤਰੀ ਕੋਸ਼ ਅਖਵਾਉਂਦਾ ਹੈ। ਸੰਨ 1829 ਈ: ਵਿਚ ਇਹ ਪ੍ਰਕਾਸ਼ਤ ਹੋਇਆ ਅਤੇ 1831 ਈ: ਵਿਚ ਮੋਲਸਵਰਥ ਨੇਂ ਆਪਣਾ ਮਰਾਠੀ-ਅੰਗਰੇਜ਼ੀ ਕੋਸ਼ ਛਪਵਾਇਆ। ਪਰ ਇਸ ਅਰੰਭਕ ਜਾਣਕਾਰੀ ਦੇ ਬਦਲੇ ਵਿਸੇਵਾਰ ਕੋਸਾ ਦਾ ਵਿਸਥਾਰ ਨਾਲ ਵਿਸ਼ਲੇਸ਼ਣ ਕਰਨਾ ਢੁਕਵਾਂ ਹੋਵੇਗਾ। ਹਿੰਦੀ ਵਿਚ ਪਰੀਭਾਸਾ ਦਾ ਕੰਮ ਸਾਲਾ ਤੋਂ ਚਲ ਰਿਹਾ ਹੈ, ਪਰ ਇਹ ਜਾਣ ਕੇ ਦੁੱਖ ਹੁੰਦਾ ਹੈ ਕਿ ਉਸ ਵਿਚ ਮਰਾਠੀ ਵਿਚ ਸੈਂਕੜੇ ਸਾਲਾਂ ਤੋਂ ਕੀਤੇ ਗਏ ਇਸ ਵੱਡੇ ਕੰਮ ਪ੍ਰਤੀ ਪੂਰੀ ਲਾਪ੍ਰਵਾਹੀ ਹੈ—ਇਕ ਵੀ ਮਹਾਂਰਾਸਟਰ ਦਾ ਕੋਸਕਾਰ ਉਸ ਨਾਲ ਜੁੜ ਨਹੀਂ ਸਕਿਆ, ਹਿੰਦੀ ਦੇ ਵੀ ਕਿਥੇ ਪੂਰੇ ਹੋਏ ਹਨ। ਪਰੰਤੂ ਜਿਥੇ ਵਿਰਤੀ ਹੀ ਸੁਲਭਤਾ (ਵਿਰਤੀ ਦੀ ਅਸਾਨੀ) ਅਤੇ ਹਿੰਦੀ ਦੇ ਕਿਸੇ ਵੀ ਸੋਰ ਮਚਾਉਣ ਵਾਲੇ ਨੂੰ ਲੈ ਲੈਣ ਦੀ ਹੈ, ਮਾਹਰ ਵਿਚਾਰੇ ਇਕੱਲ ਵਿਚ ਖਿੜਕੇ ਭਰਦੇ ਰਹਿਣਗੇ।

ਭਾਰਤ ਦੀਆਂ ਸਭਨਾਂ ਭਾਸ਼ਾਵਾਂ ਦੇ ਪਹਿਲੇ ਕੋਸ ਮਿਸ਼ਨਰੀਆਂ ਦੇ ਬਣਾਏ ਹੋਏ ਹਨ। ਮਰਾਠੀ ਵੀ ਅਪਵਾਦ (ਉਲਟ) ਨਹੀਂ ਹੈ। ਰਘੁਨਾਥ ਭਾਸ਼ਕਰ ਗੋਡਬੋਲੇ ਨੇ "ਮਰਾਠੀ ਭਾਸ਼ਾ ਦਾ ਨਵੀਨ ਕੋਸ਼" "ਹੰਸ ਕੋਸ਼" "ਭਾਰਤਵਰਸੀਆ ਪ੍ਰਚਾਨ ਤਥਾ ਅਰਵਾਚੀਨ ਕੋਸ਼" "ਮਰਾਠੀ-ਅੰਗਰੇਜ਼ੀ ਕੋਸ਼" ਆਦਿ ਕੋਸ਼ ਰਚੇ। ਲੋਕ-ਮਾਨਯ ਤਿਲਕ ਵੀ ਇਕ ਵੱਡਾ ਮਰਾਠੀ ਕੋਸ਼ ਬਣਾਉਣਾ ਚਾਹੁੰਦੇ ਸਨ। ਉਨ੍ਹਾਂ ਦੀ ਹੀ ਪ੍ਰੇਰਣਾ ਨਾਲ ਉਨ੍ਹਾਂ ਦੇ ਸਹਿਕਾਰੀ ਮਾਧਵਰਾਵ

ਨਾਮ ਜੋਸ਼ੀ ਨੇ "ਬ੍ਰਿਹਨ-ਮਰਾਠੀ ਕੋਸ਼" ਸ਼ੁਰੂ ਕੀਤਾ। 1922 ਈਸਵੀ ਵਿਚ ਵਾਸੁਦੇਵ ਗੋਬਿੰਦ ਆਪਟੇ ਨੇ "ਸ਼ਬਦ ਰਤਨਾਕਰ" ਪ੍ਰਕਾਸ਼ਤ ਕੀਤਾ। ਇਸ ਦੀ ਸਹਾਇਤਾ ਨਾਲ ਸੰਤ ਕਵੀਆਂ ਅਤੇ ਪ੍ਰਾਚੀਨ ਕਵੀਆਂ ਦਾ ਅਧਿਐਨ ਚੰਗੀ ਤਰ੍ਹਾਂ ਹੋ ਸਕਦਾ ਹੈ। ਇਸ ਦੀ ਇਕ ਛੋਟੀ ਐਡੀਸ਼ਨ "ਸ਼ਬਦ ਰਤਨਾਕਰ" ਨਾਂ ਤੇ ਛੱਪੀ ਜਿਸ ਦੀ 1932 ਈਸਵੀ ਵਿਚ ਸਵਰਗਵਾਸੀ ਲੇਲੇ-ਸ਼ਾਸਤਰੀ ਨੇ ਦੂਸਰੀ ਐਡੀਸ਼ਨ ਛਪਵਾਈ। ਜਿਸ ਵਿਚੋਂ ਵ-ਹਾਡੀ ਨਾਗਪੁਰੀ ਸ਼ਬਦ ਘੱਟ ਕਰ ਦਿੱਤੇ ਗਏ ਸਨ। ਏਧਰ ਗੋਪੀਨਾਥ ਤਲਵਲਕਰ ਨੇ ਉਸ ਦੀ ਸੁਧਰੀ ਹੋਈ ਐਡੀਸ਼ਨ ਪ੍ਰਕਾਸ਼ਤ ਕੀਤੀ ਹੈ। 1930 ਈਸਵੀ ਵਿਚ ਚਿਤਰਸ਼ਾਲਾ ਪ੍ਰੈਸ ਪੂਨਾਂ ਤੋਂ ਵਿਦਿਆਧਰ ਵਾਮਨ ਭਿਡੇ ਨੇ "ਸਰਸਵਤੀ ਕੋਸ਼" ਪ੍ਰਕਾਸ਼ਤ ਕੀਤਾ। ਇਸ ਵਿਚ ਪ੍ਰਾਚੀਨ ਨਵੀਨ ਗੱਦ-ਪੱਦ ਦੇ ਉਤਾਰੇ (ਹਵਾਲੇ) ਪ੍ਰਾਦੇਸ਼ਕ ਬੋਲੀਆਂ ਉਪ ਭਾਸ਼ਾਵਾਂ ਦੇ ਸ਼ਬਦ ਅਤੇ ਮੁਹਾਵਰੇ, ਵਿਉਤਪਤੀ ਚਕਿਸਤਾ (ਵਿਉਤਪਤੀ ਇਲਾਜ) ਸਭ ਅਰਥ ਛੱਟਾਵਾਂ ਆਦਿ ਵੀ। 1927 ਈਸਵੀ ਵਿਚ ਮਹਾਂਰਾਸ਼ਟਰ ਸਾਹਿਤ ਸੰਮੇਲਨ ਨੇ "ਮਰਾਠੀ ਭਾਸ਼ਾ ਕਾ ਸਰਵਾਂਗੀਣ ਵ੍ਰਿਹਤਕੋਸ਼" ਬਣਾਉਣ ਦਾ ਪ੍ਰਸਤਾਵ ਪਾਸ ਕੀਤਾ। 1928 ਈਸਵੀ ਦੇ ਅਪ੍ਰੈਲ ਵਿਚ ਦਾਤੇ-ਕਰਵੇ ਆਦਿ ਗਿਆਨ-ਕੋਸ਼ ਦਾ ਕੰਮ ਪੂਰਾ ਕਰਕੇ ਇਸ ਕੰਮ ਵਿਚ ਜੁੱਟ ਗਏ। "ਮਹਾਂ-ਰਾਸ਼ਟਰ-ਸ਼ਬਦ ਕੋਸ਼" ਦੇ 7 ਖੰਡ 1938 ਈਸਵੀ ਵਿਚ ਪ੍ਰਕਾਸ਼ਤ ਹੋਏ ਅਤੇ ਅਠਵੀਂ ਪੂਰਣਿਕਾ ਬਾਰਾਂ ਸਾਲ ਮਗਰੋਂ ਪ੍ਰਕਾਸ਼ਤ ਹੋਈ। ਇਸ ਦਸ ਸਾਲ ਦੇ ਮਹਾਨ ਕੋਸ਼-ਕੰਮ ਵਿਚ ਇਕ ਹਜ਼ਾਰ ਤੋਂ ਉਪਰ ਗ੍ਰੰਥਾਂ ਦੇ ਉਤਾਰੇ ਲਏ ਗਏ ਸਨ। ਇਸ ਕੰਮ ਤੋਂ ਪਹਿਲਾਂ ਦੇ ਸਾਰੇ ਕੋਸ਼ ਇਸ ਵਿਚ ਉਤਾਰ ਲਏ ਗਏ ਸਨ। ਇਸ ਕੋਸ਼ ਵਿਚ 50 ਦੇਸ਼ਾਂ ਦੀਆਂ ਦੋ ਹਜ਼ਾਰ ਸੰਗਿਆਵਾਂ ਸ਼ਾਮਲ ਹਨ। ਆਂਚਲਿਕ (ਪਹਾੜੀ) ਉਪਭਾਸ਼ਾਵਾਂ ਅਤੇ ਬੋਲੀਆਂ ਦੇ ਪੰਜ ਸੌ ਸ਼ਬਦ ਹਨ ਇਸ ਕੋਸ਼ ਦੇ ਸ਼ਬਦ ਸੰਕਲਨ (ਇਕੱਠੇ ਕਰਨ) ਅਤੇ ਨਿਰਮਾਣ (ਬਣਾਉਣ) ਵਿਚ ਕੋਈ ਸਰਕਾਰੀ ਮਦਦ ਨਹੀਂ ਸੀ ਪਰ ਯੋਜਨਾ ਪੱਕੀ ਅਤੇ ਸਿਲਸਲੇਵਾਰ ਸੀ "ਹੇਠਲੇ 20 ਵਿਭਾਗਾਂ ਵਿਚ ਸ਼ਬਦ ਛਾਂਟੇ ਗਏ ਸਨ—"

| ਪ੍ਰਾਚੀਨ | ਆਧੁਨਿਕ |
|---|---|
| 1. ਸ਼ਿਲਾ ਲੇਖ ਤਾਮਰਪਟ | ਅਧੁਨਿਕ ਕਾਵਯ |
| 2. ਮਹਾਨੁਭਾਵੀ ਵਾਂਗਮਯ | ਨਾਟਯ-ਨ੍ਰਿਤਯ |
| 3. ਮੁਕੰਦ ਰਾਜ ਗਿਆਨੇਸ਼ਵਰ | ਸਾਹਿਤ (ਅਲੰਕਾਰ) |
| 4. ਏਕਨਾਥ ਮੁਕਤੇਸ਼ਵਰ | ਸ਼ਾਸਤਰੀਆ (ਵਿਗਿਆਨਕ) |
| 5. ਰਾਮਦਾਸੀ | ਆਲੋਚਨਾਤਮਕ |
| 6. ਅਭੰਗ ਤੇ ਸਫੁਟ ਕਾਵਿ | ਨਿਬੰਧ ਆਤਮਕ |
| 7. ਆਰਯ ਗੀਤੀ | ਸਮਾਚਾਰ ਪੱਤ੍ਰੀਆ |
| 8. ਪੁਰਾਣਾ ਸ਼ਾਹੀਰੀ ਕਾਵਿ | ਪ੍ਰਾਂਤਿਕ-ਭਾਸ਼ਿਕ |
| 9. ਇਤਿਹਾਸਕ ਗਦਯ | ਦਸਤਕਾਰੀ ਸਬੰਧੀ |
| 10. ਨਿਬੰਧਕਾਲੀਨ ਗਦਯ | ਇਸਤਰੀਓਂ ਕਾ ਸਾਹਿਤ |

ਮਰਾਠੀ ਵਿਚ ਅੰਗ੍ਰੇਜ਼ੀ, ਫ਼ਾਰਸੀ, ਬੰਗਾਲੀ, ਹਿੰਦੀ ਨਾਲੋਂ ਵੱਧ ਕੋਸ਼ ਹਨ। ਉਨ੍ਹਾਂ ਵਿਚ ਪ੍ਰੋ. ਨੀ. ਬਾ. ਰਾਨਡੇ ਨੇ ਅੰਗ੍ਰੇਜ਼ੀ-ਮਰਾਠੀ ਕੋਸ਼ ਬਣਾਉਣ ਲਈ ਬੜੀ ਮਿਹਨਤ ਕੀਤੀ। ਇਨ੍ਹਾਂ ਵਿਚ ਪ੍ਰੀਭਾਸ਼ਕ, ਦਸਤਕਾਰੀ ਸਬੰਧੀ ਅਤੇ ਸਾਹਿਤਕ ਸ਼ਬਦਾਂ ਦਾ ਸੰਗ੍ਰਹਿ ਕਰਕੇ ਉਨ੍ਹਾਂ ਦਾ ਅਰਥ ਪੁਰਾਣੇ ਨਵੇਂ ਮਰਾਠੀ ਪ੍ਰਤੀ ਸ਼ਬਦਾਂ (ਬਰਾਬਰ ਦੇ ਸ਼ਬਦ) ਵਿਚ ਦਿੱਤਾ ਹੈ। ਹੁਣ ਇਹ ਰਾਨਡੇ ਕੋਸ਼ ਦੁਰਲਭ ਹੈ ਪਰੰਤੂ ਪ੍ਰਿੰ-ਵਾ. ਸ਼ਿ. ਆਪਟੇ ਦੇ ਸੰਸਕ੍ਰਿਤ-ਅੰਗ੍ਰੇਜ਼ੀ ਕੋਸ਼ ਵਾਂਗ ਹੈ ਇਸ ਵਿਚ ਵੀ ਕੋਸ਼ਕਾਰ ਦੀ ਡੂੰਘੀ ਵਿਦਵਤਾ ਅਤੇ ਮਿਹਨਤ ਵਿਖਾਈ ਦਿੰਦੀ ਹੈ।

ਗਿਆਨੇਸ਼ਵਰ ਤੋਂ ਮਗਰੋਂ ਮਰਾਠੀ ਵਿਚ ਫ਼ਾਰਸੀ ਦੇ ਸ਼ਬਦ ਆਉਣ ਲੱਗੇ ਅਤੇ ਉਨ੍ਹਾਂ ਦੀ ਜ਼ਿਆਦਤੀ (ਬਹੁਲਤਾ) ਪੇਸ਼ਵਾਵਾਂ ਦੇ ਸਮੇਂ ਹੋਇਆ। ਪੁਰਾਣੇ ਕਾਗਜ਼ ਪੱਤਰਾਂ ਵਿਚ ਤਕਰੀਬਨ 50 ਫ਼ੀ ਸਦੀ ਸਬਦ ਹਨ ਅਤੇ ਗਿਆਨੇਸ਼ਵਰੀ ਦੇ ਸ਼ਬਦਾਂ ਵਾਂਗ ਉਹ ਮੁਸ਼ਕਲ ਹਨ। ਪ੍ਰੋ. ਮਾਧਵਰਾਵ ਪਟਵਰਧਨ ਨੇ 1925 ਵਿਚ ਇਹ ਕੋਸ਼ ਇਕੱਲਿਆਂ ਬਣਾਇਆ ਅਤੇ ਭਾਰਤ ਇਤਿਹਾਸ ਸੰਸ਼ੋਧਕ ਮੰਡਲ ਤੋਂ ਪ੍ਰਕਾਸ਼ਤ ਕਰਵਾਇਆ। ਪਰ ਇਸ ਦੀ ਸੁਧਰੀ ਹੋਈ ਨਵੀਂ ਐਡੀਸਨ ਨਹੀਂ ਨਿਕਲ ਸਕੀ।

ਵਾਸੁਦੇਵ ਰਾਵ ਆਪਟੇ ਦਾ "ਬੰਗਾਲੀ-ਮਰਾਠੀ-ਕੋਸ਼" ਬਹੁਤ ਛੋਟਾ ਜਿਹਾ ਹੈ। ਇਹ ਵੀ ਸੰਨ 1925 ਈਸਵੀ ਵਿਚ ਛੱਪਿਆ। ਉਸ ਨਾਲ ਪਹਿਲਾਂ ਬੰਗਾਲੀ ਨਾਵਲਾਂ ਦਾ ਮਰਾਠੀ ਵਿਚ ਪ੍ਰਕਾਸ਼ਨ ਬੜੇ ਉਤਸਾਹ ਨਾਲ ਹੋਇਆ ਸੀ। "ਮਾਸਿਕ ਮਨੋਰੰਜਨ" ਜਿਹੇ ਪਰਚਿਆਂ ਨੇ ਇਹ ਕੰਮ ਵੱਡੇ ਪੈਮਾਨੇ ਤੇ ਕੀਤਾ ਸੀ। ਮਿਰਜ ਦੇ ਕਾਤਗੜੇ ਨੇ ਹਿੰਦੀ-ਮਰਾਠੀ ਕੋਸ 1928 ਈਸਵੀ ਵਿਚ ਛਾਪਿਆ। ਪਰ ਉਸ ਤੋਂ ਮਗਰੋਂ ਰਾਸ਼ਟਰ ਭਾਸ਼ਾ ਦੇ ਕਈ ਵੱਡੇ ਛੋਟੇ ਕੋਸ਼ ਪ੍ਰਕਾਸ਼ਤ ਹੋਣ ਲੱਗੇ ਹਨ, ਜਿਨ੍ਹਾਂ ਵਿਚ ਸਵਰਗਵਾਸੀ ਮ. ਰਾਂ. ਵੈਸ਼ੰਪਾਯਨ ਦੇ ਕੋਸ਼ ਬਹੁਤ ਪ੍ਰਸਿੱਧ ਹਨ।

ਕੋਂਕਣੀ ਭਾਸ਼ਾ ਗੋਆ ਦੀ ਰਾਜ-ਵਰਤੋਂ ਦੀ ਭਾਸ਼ਾ ਹੈ। ਸੂਰਯਾ ਜੀ ਆਨੰਣ ਰਾਵ ਰਾਜਾ ਧਿਅਕਸ਼ ਨੇ 1879 ਵਿਚ ਮਹਾਂਰਾਸਟਰ-ਪੁਰਤਗੀਜ਼ ਕੋਸ਼ ਦਾ ਪਹਿਲਾ ਭਾਗ ਪ੍ਰਕਾਸ਼ਤ ਕਰਾਇਆ। 15 ਸਾਲ ਵਿਚ ਇਹ ਕੰਮ ਪੂਰਾ ਹੋਇਆ। ਪਹਿਲਾ ਭਾਗ "ਥ" ਅੱਖਰ ਤਕ ਹੈ। ਪਰ ਉਸ ਨਾਲ ਸੰਪਾਦਕ ਦੀ ਯੋਗਤਾ ਅਤੇ ਮਹਾਰਤ ਚੰਗੀ ਤਰ੍ਹਾਂ ਵਿਅਕਤ (ਬਿਆਨ) ਹੁੰਦੀ ਹੈ। ਕੋਂਕਣੀ ਦੇ ਕਈ ਕੋਸ਼ ਪੁਰਤਗਾਲੀ ਵਿਚ ਹਨ, ਵੈਸੇ ਹੀ ਕੋਂਕਣੀ ਦੇ ਸ਼ਬਦਾਰਥ ਦੇਣ ਵਾਲੇ ਅੰਗ੍ਰੇਜ਼ੀ ਅਤੇ ਕੰਨੜ ਵਿਚ ਵੀ ਹਨ, ਜੋ ਮਿਸ਼ਨਰੀਆਂ ਦੇ ਬਣਾਏ ਹੋਏ ਹਨ।

ਪਹਿਲਾ ਸੰਸਕ੍ਰਿਤ-ਮਰਾਠੀ-ਕੋਸ਼ ਸਵਰਗਵਾਸੀ ਜ. ਵਿ. ਓਕ ਨੇ "ਗੀਰਵਾਣ ਕੋਸ਼" ਨਾਂ ਨਾਲ 1915 ਈਸਵੀ ਵਿਚ ਪ੍ਰਕਾਸ਼ਤ ਕੀਤਾ। ਪ੍ਰਿੰ. ਵ. ਸ਼ਿ. ਆਪਟੇ ਦਾ "ਸੰਸਕ੍ਰਿਤ-ਅੰਗਰੇਜ਼ੀ ਕੋਸ਼" ਹੁਣ ਦੁਰਲੱਭ ਹੈ, ਇਸ ਲਈ ਪ੍ਰਕਾਸ਼ ਪ੍ਰਕਾਸ਼ਨ, ਪੂੰਨਾ—2 ਤੋਂ ਇਹ ਕੋਸ਼ ਫੇਰ ਛੱਪੇਗਾ।

'ਵਿਗ੍ਰਹ ਕੋਸ਼' ਮਗਰੋਂ ਧੂਲੀਆ ਦੇ ਰਾਜਵਾੜੇ "ਸੰਸ਼ੋਧਨ ਮੰਡਲ" ਵੱਲੋਂ ਸਵਰਗਵਾਸੀ ਵਿ. ਕਾ. ਰਾਜਵਾੜੇ ਨੇ ਅਪਣੇ "ਧਾਤੂ ਕੋਸ਼" ਵਿਚ ਪੰਦਰਾਂ ਹਜ਼ਾਰ ਤੋਂ ਉਪਰ ਮਰਾਠੀ ਧਾਤੂ ਦਿੱਤੀਆਂ ਹਨ। ਆਠਲਯੇ ਆਗਾਸ਼ੇ ਦਾ "ਸ਼ਬਦ ਸਿੱਧੀ ਨਿਬੰਧ" (1875) ਅਤੇ ਪ੍ਰ: ਰਾ. ਪੰਡਿਤ ਦੀ "ਅਪਭ੍ਰਸ਼ਟ-ਚੰਦਰਿਕਾ" (1878) ਅਤੇ ਗੋ. ਸ਼ਿ. ਬਾਪਟ ਦਾ "ਵਿਉਤਪਤੀ ਪ੍ਰਦੀਪ" ਇਹੋ ਪ੍ਰਮੁੱਖ ਪੁਸਤਕਾਂ ਸਨ। ਪਰੰਤੂ ਇਨ੍ਹਾਂ ਸਭਨਾਂ ਤੋਂ ਵੱਡਾ ਅਤੇ ਬਹੁਤ ਹੀ ਵਰਣਨਯੋਗ ਕੰਮ 1946 ਈਸਵੀ ਵਿਚ ਪ੍ਰਕਾਸ਼ਤ ਪ੍ਰੋ. ਕ੍ਰਿ-ਪਾਂ ਕੁਲਕਰਣੀ ਦਾ ਬਹੁਤ ਵੱਡਾ 'ਮਰਾਠੀ ਵਿਉਤਪਤੀ ਕੋਸ਼' ਹੈ। ਹਿੰਦੀ ਵਿਚ ਪ੍ਰੀਭਾਸ਼ਾ ਦਾ ਕੰਮ ਕਰਨ ਵਾਲੇ ਕਈ ਕਹੇ ਜਾਂਦੇ ਵਿਦਵਾਨਾਂ ਨੂੰ ਨੌਂ ਸਾਲ ਪਹਿਲਾਂ ਰਚੇ ਇਸ ਮਹੱਤਵਪੂਰਣ ਸੰਦਰਭ ਗ੍ਰੰਥ ਦਾ ਪਤਾ ਹੀ ਨਹੀਂ ਹੈ, ਇਹ ਜਾਣ ਕੇ ਇਨ੍ਹਾਂ ਪੰਗਤੀਆਂ ਦੇ ਲੇਖਕ ਨੂੰ ਬਹੁਤ ਹੀ ਹੈਰਾਨੀ ਹੋਈ।

ਮਰਾਠੀ ਦੇ ਪਹਿਲੇ ਸਵਰਗਵਾਸੀ ਰ. ਭ. ਗੋਡਬੋਲੇ ਨੇ "ਪ੍ਰਾਚੀਨ ਅਤੇ ਅਰਵਾਚੀਨ" ਇਤਿਹਾਸ-ਨਾਮਕੋਸ਼ ਬਣਾਏ ਸਨ। ਵੈਦ ਸਾਸਤਰ ਸੰਪੰਨ ਚਿਤ੍ਰਾਵ-ਸਾਸਤਰੀ ਨੇ 1932 ਵਿਚ ਪ੍ਰਾਚੀਨ ਚਰਿੱਤ੍ਰ ਕੋਸ਼ ਪ੍ਰਕਾਸ਼ਤ ਕੀਤਾ। ਰਸੇਲ ਦੀ ਸੰਸਾਰ ਪ੍ਰਸਿੱਧ ਕਲਾਸੀਕਲ ਡਿਕਸ਼ਨਰੀ ਵਾਂਗ ਇਹ ਗ੍ਰੰਥ ਵੇਦ ਪੁਰਾਣ ਆਦਿ ਦੇ ਅਧਿਐਨ ਲਈ ਬਹੁਤ ਹੀ ਉਪਯੋਗੀ ਸੰਦਰਭ ਪੁਸਤਕ ਹੈ। ਸਵਰਗਵਾਸੀ ਗਣੇਸ ਪ੍ਰਸਾਦ ਦਿਵੇਦੀ ਹਿੰਦੁਸਤਾਨੀ ਅਕਾਡਮੀ ਤੋਂ ਇਸ ਦਾ ਨਿਚੋੜ ਜਾਂ ਅਨੁਵਾਦ ਕਰਵਾਉਣ ਵਾਲੇ ਸਨ ਪਰ ਪਤਾ ਨਹੀਂ ਕੀ ਹਇਆ। ਚਿਤ੍ਰਾਵ ਸ਼ਾਸਤਰੀ ਦੇ "ਮੱਧ-ਯੁਗੀਨ ਚਰਿਤ੍ਰ ਕੋਸ" (ਈਸਾ ਪੂਰਵ 50 ਤੋਂ ਸੰਨ 1918 ਈਸਵੀ ਤਕ) ਅਤੇ "ਅਰਵਾਚੀਨ ਚਰਿਤ੍ਰ ਕੋਸ" ( 1945ਈਸਵੀ ਦੇ ਆਖ਼ਰ ਤਕ) ਇਹੀ ਉਸ ਦੇ ਅਗਲੇ ਦੋ ਖੰਡ ਹੋਰ ਵੀ ਉਪਯੋਗੀ ਹਨ। ਇਸ ਕੋਸ ਵਿਚ ਇਤਿਹਾਸਕ ਨਾਵਾਂ ਦੇ ਨਾਲ ਨਾਲ ਸੰਖੇਪ ਚਰਿਤ੍ਰ ਅਤੇ ਜੀਵਨੀਆਂ ਵੀ ਦਿੱਤੀਆਂ ਗਈਆਂ ਹਨ। ਗੰ. ਦੇ. ਖਾਨੋਂਸਕਰ ਨੇ "ਅਰਵਾਚੀਨ ਵਾਂਗਮਯ ਸੇਵਕ" ਨਾਂ ਗ੍ਰੰਥ ਵਿਚ ਲੇਖਕਾਂ ਦੀਆ ਜੀਵਨੀਆਂ ਜਾਣ ਪਛਾਣ ਅਤੇ ਉਨ੍ਹਾ ਤੇ ਆਲੋਚਨਾਤਮਕ ਲੇਖ ਤਿੰਨ ਖੰਡਾਂ ਵਿਚ ਦਿੱਤੇ ਹਨ—"ਬ" ਤਕ ਉਹ ਆਏ ਹਨ।

ਗਿਆਨਕੋਸ਼ ਦੀ ਚਰਚਾ ਪਹਿਲਾਂ ਡਾਕਟਰ ਕੇਤਕਰ ਦੇ ਹਵਾਲੇ ਵਿਚ ਆ ਚੁਕੀ ਹੈ। 23 ਖੰਡਾਂ ਵਿਚ ਅਜਿਹਾ ਕੰਮ ਐਨੇ ਆਦਮੀਆਂ ਨੇ ਮਿਲ ਕੇ ਸ਼ਾਇਦ ਹੀ ਕਿਸੇ ਭਾਸ਼ਾ ਵਿਚ ਪੂਰਾ ਕੀਤਾ ਹੋਵੇ। ਗਿਆਨ ਕੋਸ਼ ਤੋਂ ਮਗਰੋਂ "ਵਿਵਹਾਰਕ ਗਿਆਨ ਕੋਸ਼" ਨਾਂ ਨਾਲ ਸਚਿੱਤ੍ਰ ਪੰਜ ਖੰਡਾਂ ਵਿਚ ਦੈਨਿਕ ਅਤੇ ਨਮਿਤਕ ਵਿਵਹਾਰ ਦੀਆਂ ਚੀਜ਼ਾਂ ਦੀ ਜਾਣਕਾਰੀ ਦਿੱਤੀ ਗਈ ਹੈ। ਹਿੰਦੀ ਵਿਚ "ਗਿਆਨ ਸਾਗਰ" ਦਾ ਪਹਿਲਾ ਖੰਡ ਬੱਚਿਆਂ ਲਈ 1955 ਵਿਚ ਨਿਕਲਿਆ। "ਮਰਾਠੀ ਵਿਵਹਾਰਕ ਗਿਆਨ ਕੋਸ਼" 15 ਸਾਲ ਪਹਿਲਾਂ ਛੱਪ ਚੁਕਾ ਸੀ। ਮਰਾਠੀ ਭਾਸਾਂ ਦੀਆਂ ਛੱਪੀਆਂ ਕਿਤਾਬਾਂ ਦੀ ਵੱਡੀ ਸੂਚੀ 'ਮਹਾਂਰਾਸ਼ਟਰ ਵਾਂਗਮਯ ਸੂਚੀ' ਨਾਂ ਨਾਲ 1919 ਵਿਚ ਪ੍ਰਕਾਸ਼ਤ ਹੋਈ। ਸ੍ਰੀ. ਸ਼ੰ. ਗ. ਦਾਂਤੇ ਨੇ ਇਕੱਲੇ, 1500 ਛੱਪੇ ਸਫ਼ਿਆਂ ਦੀ "ਮਰਾਠੀ ਗ੍ਰੰਥ ਸੂਚੀ" (1800—1937 ਈ:) ਬਣਾਈ। ਜਿਸ ਵਿਚ

ਛਾਪੇ ਦੀ ਕਲਾ ਦੇ ਆਉਣ ਤੋਂ ਮਗਰੋਂ ਜਿੰਨੀਆਂ ਵੀ ਛੱਪੀਆਂ ਹੋਈਆਂ ਮਰਾਠੀ ਕਿਤਾਬਾਂ ਹਨ, ਉਨ੍ਹਾਂ ਦੋ ਹਜ਼ਾਰ ਕਿਤਾਬਾਂ ਦੀ ਸੂਚੀ ਹੈ। ਇਸ ਵਿਚ ਉਨ੍ਹਾਂ ਨੇ ਨਵਾਂ ਦਸ਼ਮਲਵ ਤਰੀਕਾ ਵੀ ਦਿੱਤਾ ਹੈ। ਸਵਰਗਵਾਸੀ ਗੋ. ਕਾ. ਚਾਂਦੋਰਕੀ ਦੀ "ਸੰਤ ਕਵੀ ਕਾਵਿ ਸੂਚੀ" ਖੋਜ ਕਰਨ ਵਾਲਿਆਂ ਦੇ ਬੜੇ ਕੰਮ ਦੀ ਚੀਜ਼ ਹੈ। ਇਸੇ ਵਿਚ 1896 ਈ. ਵਿਚ ਪ੍ਰਕਾਸ਼ਤ ਕਰਕਰੇ ਵੈਦ ਦਾ "ਸਬਲ-ਨਾਮ-ਕੋਸ਼" ਵੀ ਆ ਗਿਆ ਹੈ। ਇਸ ਤੋਂ ਇਲਾਵਾ 1899 ਈਸਵੀ ਵਿਚ ਕਾਟਨ ਮੋਨਵਰਿੰਗ ਨੇ ਮਰਾਠੀ ਦੀਆਂ ਕਹਾਵਤਾਂ ਅਤੇ ਮਹਾਵਰਿਆਂ ਦਾ ਇਕ ਕੋਸ਼ ਬਣਾਇਆ। ਵਾ. ਗੋ. ਆਪਟੇ ਅਤੇ ਵਿ. ਵਾ. ਭਿੜੇ ਦੀ "ਮਰਾਠੀ ਵਾਕਪ੍ਰਚਾਰ ਆਣਿ ਮਹਣੀ" ਛੋਟੀ ਕਿਤਾਬ ਵੀ ਏਸੇ ਅਧਾਰ ਤੇ ਹੈ। ਮਹਾਂਰਾਸ਼ਟਰ ਸ਼ਬਦ ਕੋਸ਼ ਮੰਡਲ ਨੇ ਦੋ ਖੰਡਾਂ ਵਿਚ ਇਕ ਵੱਡਾ "ਮਹਾਂਰਾਸ਼ਟਰ ਵਾਕਸੰਪਰਦਾਯ ਕੋਸ਼" ਪ੍ਰਕਾਸ਼ਤ ਕੀਤਾ, ਜਿਸ ਵਿਚ 40 ਹਜ਼ਾਰ ਤੋਂ ਉਪਰ ਕਹਾਵਤਾਂ ਅਰਥ ਸਮੇਤ ਤੇ ਉਦਾਹਰਣਾ ਸਹਿਤ ਸ਼ਾਮਲ ਹਨ। ਇੰਦੌਰ ਦੇ ਸਵਰਗਵਾਸੀ ਕਲੇਲੇ ਨੇ ਇਕ ਰਾਜਕੋਸ ਨਾਮ ਨਾਲ ਗਜ਼ਟ ਦੇ ਥੇਜਾਰਸ ਦੇ ਰੂਪ ਵਿਚ ਪ੍ਰਜਾਯਵਾਚੀ ਕੋਸ ਬਣਾਉਣਾ ਅਰੰਭ ਕੀਤਾ ਸੀ। ਪਰ ਦੋ ਖੰਡ ਪ੍ਰਕਾਸ਼ਤ ਹੋਏ ਅਤੇ ਉਹ ਕੰਮ ਬੰਦ ਹੋ ਗਿਆ।

ਸਾਸਤਰੀਆ ਪ੍ਰੀਭਾਸਾ ਕੋਸ ਦੇ ਖੇਤਰ ਵਿਚ ਡਾ. ਗੱਜਾਰ ਦੇ "ਬਹੁ-ਭਾਸ਼ਾ-ਕੋਸ਼" ਮਗਰੋਂ ਬੜੌਦਾ ਦੇ "ਸ੍ਰੀ ਸਯਾ ਜੀ ਸ਼ਾਸਨ ਕਲਪਤਰੂ" ਦਾ ਜ਼ਿਕਰ ਹੋ ਚੁਕਿਆ ਹੈ। ਉਸ ਵਿਚ ਪੰਜ ਭਾਸਾਵਾਂ ਤੋਂ ਇਲਾਵਾ ਉਰਦੂ, ਫ਼ਾਰਸੀ ਪ੍ਰਜਾਯਵਾਚੀ ਸ਼ਬਦ ਵੀ ਹਨ। "ਸਾਸਤਰੀਆ ਪ੍ਰੀਭਾਸਾ-ਕੋਸ" ਦਾਤੇ-ਕਰਵੇ ਦਾ ਇਕ ਬਹੁਤ ਵੱਡਾ ਕੰਮ ਹੈ। ਇਹ 1948 ਈਸਵੀ ਵਿਚ ਪ੍ਰਕਾਸਤ ਹੋਇਆ ਬੜੌਦਾ ਦੇ ਸਰਦਾਰ ਹਾ. ਚਿ. ਮਜੂਮਦਾਰ ਨੇ ਦਸ ਖੰਡਾਂ ਵਿਚ "ਵਿਆਯਾਮ ਗਿਆਨਕੋਸ਼" ਪ੍ਰਕਾਸ਼ਤ ਕਰਾਇਆ ਹੈ। ਛੇ ਖੰਡਾਂ ਵਿਚ 13 ਹਜ਼ਾਰ ਲੇਖ ਅਤੇ 7 ਸੋ ਤੋਂ ਉਤੇ ਤੱਸਵੀਰਾ ਦਾ ਇਕ "ਸੁਲਭ ਵਿਸ਼ਵਕੋਸ਼" ਮਰਾਠੀ ਵਿਚ ਛੱਪ ਚੁਕਿਆ ਹੈ। ਤਰਕਤੀਰਥ ਲਕਸ਼ਮਣ ਸ਼ਾਸਤਰੀ ਜੋਸੀ ਦਾ ਧਰਮ ਕੋਸ਼ ਸੰਸਕ੍ਰਿਤ ਵਿਚ ਹੈ।

ਮਹਾਂਰਾਸਟਰ ਦੀ ਇਸ ਪੂੱਜਨੀਕ ਕੋਸ਼ਕੰਮ-ਪ੍ਰੰਪਰਾ ਤੋਂ ਕੋਈ ਲਾਭ ਹਿੰਦੀ ਭਾਸ਼ਾ ਅਤੇ ਸਾਹਿਤ ਦੇ ਖੇਤਰ ਵਿਚ ਹੁਣ ਤਕ ਨਹੀਂ ਲਿਆ ਗਿਆ, ਇਹ ਇਸੇ ਗੱਲ ਦਾ ਸੂਚਕ ਹੈ ਕਿ ਹਿੰਦੀ ਵਿਚ ਵਿਗਿਆਨਕ ਚਿੰਤਨ ਅਤੇ ਯੋਜਨਾਮਈ ਪ੍ਰਬੰਧਤ ਟੀਮ ਵਰਕ (ਸਾਂਝਾ ਕੰਮ) ਦਾ ਸਰਬ ਭਾਰਤੀ ਪੱਧਰ ਤੇ ਅਜੇ ਕੰਮ ਸ਼ੁਰੂ ਨਹੀਂ ਹੋਇਆ ਹੈ। ਇਹ ਗਿਆਨ ਅਜੇ ਯੂਨੀਵਰਸਟੀਆਂ ਜਾਂ ਸਰਕਾਰੀ ਕੁਰਸੀਆਂ ਤਕ ਹੀ ਸੀਮਤ ਹੈ ਅਤੇ ਉਹ ਕੁਰਸੀਆਂ ਜ਼ਿਆਦਾਤਰ ਪਾਠ-ਪੁਸਤਕਾਂ ਵਿਚ ਉਲਝੀਆਂ ਹੋਈਆਂ ਹਨ। ਪਰ ਇਹ ਹਾਲਤ ਰਾਸ਼ਟਰ-ਭਾਸ਼ਾ ਵਿਚ ਬਹੁਤੇ ਸਮੇਂ ਤਕ ਟਿਕੀ ਨਹੀਂ ਰਹਿ ਸਕਦੀ।

# ਹਿੰਦੀ ਅਤੇ ਮਰਾਠੀ

ਦੋ ਭਾਸ਼ਾਵਾਂ ਵਿਚ ਲੈਣ ਦੇਣ ਤਿੰਨ ਤਰੀਕਿਆਂ ਨਾਲ ਹੋ ਸਕਦਾ ਹੈ। ਦੋਨੋਂ ਭਾਸ਼ਾਵਾਂ ਬੋਲਣ ਵਾਲੇ ਸਮਾਜਕ ਜੀਵਨ ਵਿਚ ਅਤੇ ਕਾਰੀਆ ਖੇਤਰ ਵਿਚ ਆਪਸੀ ਸੰਪਰਕ ਵਿਚ ਆਉਣ ਨਾਲ ਇਕ ਦੂਸਰੇ ਦੀ ਭਾਸਾ ਦੇ ਸ਼ਬਦਾਂ, ਮੁਹਾਵਰਿਆ, ਵਾਕ-ਪ੍ਰਚਾਰਾਂ ਦਾ ਅਣਜਾਣੇ ਵਟਾਦਰਾਂ ਕਰਦੇ ਹਨ ਅਤੇ ਇਕ ਦੂਸਰੇ ਦੀ ਸੰਸਕ੍ਰਿਤੀ ਤੋਂ ਪ੍ਰਭਾਵਤ ਹੁੰਦੇ ਹਨ। ਦੂਸਰੇ, ਇਕ ਭਾਸ਼ਾ ਤੋਂ ਦੂਸਰੀ ਭਾਸਾ ਵਿਚ ਪੁਸਤਕਾ ਦਾ ਜਾਂ ਫੁਟਕਲ ਰਚਨਾਵਾਂ ਦਾ ਅਨੁਵਾਦ ਹੁੰਦਾ ਹੈ। ਤੀਸਰੇ ਇਕ ਭਾਸਾ ਬੋਲਣ ਵਾਲੇ ਦੂਸਰੀ ਭਾਸ਼ਾ ਵਿਚ ਸੁਤੰਤਰ ਮੌਲਿਕ ਰਚਨਾ ਕਰਦੇ ਹਨ। ਹਿੰਦੀ ਅਤੇ ਮਰਾਠੀ ਸਾਹਿਤਾਂ ਦੇ ਪ੍ਰਸਪਰ ਪ੍ਰਭਾਵ ਅਤੇ ਪ੍ਰਸਪਰ ਰਿਣ (ਕਰਜ਼) ਦਾ ਵਿਚਾਰ ਕਰਦੇ ਸਮੇਂ ਕੁਛ ਜਾਣ ਪਛਾਣ ਵਾਲੀਆਂ ਕੁਛ ਗੱਲਾਂ ਮਰਾਠੀ ਸਾਹਿਤ ਦੇ ਇਤਹਾਸ ਅਤੇ ਵਿਕਾਸ ਦੇ ਵਿਸ਼ੇ ਵਿਚ ਜਾਣਨੀਆਂ ਜਰੂਰੀ ਹਨ।

ਹਿੰਦੀ ਅਤੇ ਮਰਾਠੀ ਭਾਸ਼ਾ ਦੇ ਪਰਸਪਰ ਸਬੰਧ ਲਈ ਦੋ ਤਿੰਨ ਗੱਲਾਂ ਬਹੁਤ ਸਹਾਇਕ ਹਨ। ਇਕ ਤਾਂ ਦੋਹਾਂ ਭਾਸ਼ਾਵਾ ਦੀ ਲਿੱਪੀ ਇਕੋ ਜਿਹੀ ਹੈ ਅ. ਲ. ਝ. ਕਸ਼, ਣ (अ, ल, झ, क्ष, ण,) ਦੀ ਲਿਖਾਵਟ ਦਾ ਫ਼ਰਕ ਵੀ ਨਿਰਣਯ ਸਾਗਰ ਤੋਂ ਵਿਜਾਪੁਰੇ ਟਾਈਪ ਤਕ ਮਰਾਠੀ-ਮੁਦਰਣ (ਛਪਾਈ) ਸੁਲਭਤਾ ਨੇ ਮਿਟਾ ਦਿੱਤਾ ਹੈ ਅਤੇ ਮਰਾਠੀ ਵਿਚ ਇਕ ਅੱਧ ਅੱਖਰ ਲ (ळ) ਦਾ ਜ਼ਿਆਦਾ ਹੋਣਾ ਅਤੇ ਚ. ਝ (च, झ,) ਦੇ ਉਚਾਰਨ ਦਾ ਵੱਖਰਾਪਣ ਕੋਈ ਵੱਡੀ ਰੋਕ ਨਹੀਂ। ਇਨ੍ਹਾਂ ਅਪਰਧਾਨ ਅੱਖਰ ਭੇਦਾਂ ਨੂੰ ਛੱਡ ਵੀ ਦੇਈਏ ਤਾਂ ਬੜਾ ਲਾਭ ਇਹ ਹੈ ਕਿ ਦੋਹਾਂ ਭਾਸ਼ਾਵਾਂ ਵਿਚ ਸੰਸਕ੍ਰਿਤ ਦੇ ਤਤਸਮ ਸ਼ਬਦ ਅਕਸਰ 40 ਫ਼ੀ ਸਦੀ ਇਕੋ ਜਿਹੇ ਹਨ। ਦੋਵੇਂ ਭਾਸ਼ਾਵਾਂ ਪ੍ਰਾਕਿਰਤ ਵਿਚੋਂ ਨਿਕਲੀਆਂ ਹਨ, ਭਾਵੇਂ ਮਹਾਰਾਸ਼ਟਰੀ ਅਤੇ ਸ਼ੌਰ ਸੇਨੀ ਪ੍ਰਾਕਿਰਤ ਵਿਚ ਵਿਆਕਰਣ ਦੇ ਕਈ ਵਖਰੇਵੇਂ ਹਨ, ਫੇਰ ਵੀ 'ਅਈਲ, ਗਈਲ, ਅਈਲੀ ਗਈਲੀ' ਜਿਹਾ ਭੋਜਪੁਰੀ ਮੈਥਿਲੀ ਪ੍ਰਯੋਗ ਮਰਾਠੀ ਵਿਚ ਵੀ ਮਿਲਦਾ ਹੈ ਅਤੇ ਪਹਾੜੀ ਬੋਲੀ ਵਿਚ ਵੀ ਮਰਾਠੀ ਦੇ ਕਈ ਸ਼ਬਦ ਵੈਸੇ ਹੀ ਮਿਲਦੇ ਹਨ ਜਿਹੇ ਉੜੀਆ ਵਿਚ ਵੀ। ਦੋਹਾਂ ਭਾਸ਼ਾਵਾਂ ਦਾ ਇਤਹਾਸ, ਜਾਂ ਕਹੀਏ ਕਿ ਉਤਰ ਭਾਰਤ ਦੀਆਂ ਚਾਰੇ ਪ੍ਰਮੁੱਖ ਭਾਸ਼ਾਵਾਂ ਬੰਗਲਾ ਹਿੰਦੀ ਗੁਜਰਾਤੀ ਅਤੇ ਮਰਾਠੀ ਦੇ ਸਾਹਿਤ

ਦਾ ਇਤਿਹਾਸ ਇਕੋ ਜਿਹੀ ਸੇਧ ਵਿਚ ਵੱਧਿਆ ਫੁਲਿਆ ਹੈ । ਅਰੰਭ ਵਿਚ ਉਹ ਸਿੱਧ ਅਤੇ ਨਿਰਗੁਣ ਸੰਤ, ਫੇਰ ਵੈਸ਼ਨਵ ਭਗਤੀ ਲਹਿਰ, ਰਾਮ ਕ੍ਰਿਸ਼ਨ ਚਰਿਤ ਤੇ ਆਸ਼ਰਿਤ (ਆਸਰੇ ਤੋਂ) ਕਾਵਿ, ਫੇਰ ਇਕ ਪੁੱਗ-ਭੜਕੀਲਾ ਸ਼ਿੰਗਾਰ ਜਾਂ ਭੜਕਾਊ ਵੀਰ ਰਸ ਨਾਲ ਭਰੀਆਂ ਲੋਕ ਗੀਤ ਕਹਾਣੀਆਂ ਦੇ ਰੀਤੀ ਬੱਧ ਕਾਵਿ ਦਾ, ਫੇਰ ਅੰਗ੍ਰੇਜ਼ੀ ਦੇ ਆਉਣ ਤੋਂ ਮਗਰੋਂ ਇਕ ਨਵੀਂ ਜਾਗਰਤੀ ਦਾ ਫੁਟਣਾ । ਆਧੁਨਿਕ ਸਮੇਂ ਵਿਚ ਵੀ ਉਹੀ ਅਰੰਭਕ ਵਿਦੇਸ਼ੀ ਪ੍ਰਭਾਵ ਦੇ ਪ੍ਰਤੀ ਸ਼ੱਕੀ-ਮਨ ਅਸਥਿਰਤਾ, ਫੇਰ ਅੰਧਾਧੁੰਦ ਨਕਲ, ਮਗਰੋਂ ਗਾਂਧੀ ਵੱਲੋਂ ਪ੍ਰੇਰੀ ਹੋਈ ਕੌਮੀਅਤ ਅਤੇ ਅੰਤ ਵਿਚ ਮਾਰਕਸ-ਫਰਾਈਡ ਦੇ ਵਿਆਪਕ (ਫੈਲਵੇਂ) ਪ੍ਰਭਾਵ ਦੀ ਛਾਇਆ । ਪੁਰਾਣੀ ਲੀਂਹ ਛੱਡਕੇ ਚੱਲਣ ਦੀ ਛਟਪਟਾਹਟ, ਸਾਰੇ ਸਾਹਿਤਾਂ ਵਿਚ ਇਕੋ ਜਿਹਾ ਹੀ ਝੁਕਾਓ ਨਜ਼ਰ ਆਉਂਦਾ ਹੈ, ਇਕ ਦੋ ਸਦੀ ਦਾ ਫ਼ਰਕ ਏਧਰ ਜਾਂ ਓਧਰ ਛੱਡ ਦਿਓ ਉਨ੍ਹਾ ਹਰ ਇਕ ਸੂਬੇ ਦੀ ਸਮਾਜਕ-ਸੰਸ-ਕ੍ਰਿਤਕ ਜਾਗਰਤੀ ਦੀ ਚਾਲ ਦਾ ਸਿਰਫ਼ ਫ਼ਰਕ ਹੈ ।

ਮਰਾਠੀ ਦੇ ਅਰੰਭਕ ਪਦਯ ਜਿਹੇ ਗਦਯ ਦਾ ਇਕ ਹਿੱਸਾ ਮੈਂ ਦਿੰਦਾ ਹਾਂ । ਭਾਸ਼ਾ ਏਨੀ ਸੰਸਕ੍ਰਿਤਮਈ ਹੈ ਕਿ ਹਿੰਦੀ ਵਾਲੇ ਵੀ ਉਸਨੂੰ ਅਸਾਨੀ ਨਾਲ ਸਮਝ ਲਵੇਗਾ "ਵਿਚਾਰਬੰਦ" ਨਾਂ ਦੇ ਗ੍ਰੰਥ ਦਾ ਇਕ ਅੰਸ਼ ਦੇਖੋ :—

**"ਅਨੰਤੇ ਬ੍ਰਹਮਾਂਡੇ : ਅਨੰਤਾ ਦੇਵਤਾ । ਅਨੰਤ ਜੀਵ । ਗਣਨਾ ਵਿਸ਼ਯੋ ਤਲਹਵੇ ਤੇ ਅਨੰਤ : ਮਾ ਤਰਿ ਬ੍ਰਹਮਾਂਡੇ ਗਣਲੀ ਚਿ ਤੇ ਕੈਸੇ । ਨਾ ਬ੍ਰਹਮਾਂਡ ਪ੍ਰਤਵੇਂ ਚਿੱਤਾਝਾਲੀ ਅਸੇ ਹੇ ਕਾਈ ਪਾ: ਪਰਿ ਅਨੰਦ ਬ੍ਰਹਮਾਡੀਚੇ ਜੀਵ ਗਣਿਲੇ ਤੇਚਿ ਕੇਵਿ: ਨ: ਜੀਵ ਪ੍ਰਤੱਵੇ ਸੰਗਲਨ ਜਾਲੀ ਅਸੇ ਮਹੁਣੋਨਿ ।"** (ਬ੍ਰਹਿਮੰਡ ਅਨੰਤ ਹੈ, ਦੇਵਤਾ ਅਨੰਤ ਹੈ, ਜੀਵ ਅਨੰਤ ਹੈ । ਗਿਣਨ ਵਿਸ਼ੇ ਵੀ ਅਨੰਤ ਹੈ । ਫਿਰ ਬ੍ਰਹਿਮੰਡ ਗਿਣੇ ਵੀ ਕਿਸ ਤਰ੍ਹਾਂ ਗਏ ? ਜਿਤਨੇ ਬ੍ਰਹਿਮੰਡ ਉਤਨੇ ਹੀ ਚਿੱਤਰ ਹੋਏ ਹਨ । ਇਹ ਕਿਦਾਂ ਤੇ ਕਿਉਂ ? ਪਰ ਅਨੰਤ ਬ੍ਰਹਿਮੰਡ ਦੇ ਜੀਵ ਗਿਣ । ਉਹ ਕਿਵੇਂ ? ਨਹੀਂ, ਜੀਵ ਦੇ ਨਾਲ ਸੰਲਗਨ ਹੋਏ ਹਨ, ਇਸ ਲਈ ਗਿਣੇ ਜਾ ਸਕੇ ਹਨ ।) ਮੰਨੇ ਜਾਂਦੇ ਹਨ ।

(1) ਗਿਆਨੇਸ਼ਵਰ ਅਤੇ ਮਹਾਨੁਭਾਵੀ ਸੰਤਾਂ ਦਾ ਯਾਦਵ ਕਾਲ (1250-1350)
(2) ਏਕ ਨਾਥ ਦਾ ਸੰਪੰਤ ਦਾ ਬਹਮਨੀ ਕਾਲ (1350—1600)
(3) ਰਾਮਦਾਸ ਤੁਕਾਰਾਮ ਦਾ ਸ਼ਿਵਕਾਲ (1600—1700)
(4) ਮੋਰੋਪੰਤ—ਰਾਮਜੋਸ਼ੀ ਦਾ ਪੇਸ਼ਵਾਕਾਲ (1700—1800)

ਸੰਨ 1818 ਵਿਚ ਪੇਸ਼ਵਾਈ ਦੇ ਖ਼ਾਤਮੇ ਮਗਰੋਂ ਆਧੁਨਿਕ ਕਾਲ ਦਾ ਅਰੰਭ ਹੁੰਦਾ ਹੈ, ਜਿਸ ਵਿਚ 1856 ਈਸਵੀ ਵਿਚ ਚਿਲਣੂਕਰ ਦੀ ਨਿਬੰਧਮਾਲਾ ਦੇ ਛੱਪਣ ਤੋਂ ਮਗਰੋਂ ਆਧੁਨਿਕ ਮਰਾਠੀ ਗੱਦ ਦਾ ਖ਼ਾਸ ਵਿਕਾਸ ਹੋਇਆ ।

ਹਰ ਇਕ ਕਾਲ ਦੇ ਇਕ ਇਕ ਪ੍ਰਮੁੱਖ ਸੰਤ ਕਵੀ ਨੂੰ ਲਈਏ ਤਾਂ ਗਿਆਨੇਸ਼ਵਰ,

ਨਾਮਦੇਵ, ਏਕਨਾਥ, ਤੁਕਾਰਾਮ, ਰਾਮਦਾਸ ਆਦਿ ਸਭ ਦੀਆਂ ਮਰਾਠੀ ਰਚਨਾਵਾਂ ਦੇ ਨਾਲ ਹੀ ਕੁਛ ਕੁਛ ਫੁਟਕਲ ਪਦ-ਰਚਨਾ ਹਿੰਦੀ ਵਿਚ ਵੀ ਮਿਲਦੀ ਹੈ। ਸਨ 1894 ਈਸਵੀ ਵਿਚ ਪ੍ਰਕਾਸ਼ਤ "ਅਨੇਕ ਕਵੀ ਕਿਰਤ ਪਦਾਂ ਕਟਾਓ, ਲਾਵਣਯ ਆਦਿ ਪਦ ਸੰਗ੍ਰਹਿ : ਭਾਗ ਪਹਿਲਾਂ ਨਾਂ ਦੇ ਗ੍ਰੰਥ ਵਿਚ ਅਨੇਕ ਪੁਰਾਣੀਆਂ ਹੱਥ ਲਿਖਤ ਪ੍ਰਤੀਆਂ ਦੇ ਅਧਾਰ ਤੇ ਸੰਕਲਿਤ (ਇਕੱਠੇ ਕੀਤੇ ਗਏ) ਮਰਾਠੀ ਦੇ ਪ੍ਰਾਚੀਨ ਕਵੀਆਂ ਦੇ ਕੁਛ ਹਿੰਦੀ ਪਦ ਵੀ ਮਿਲਦੇ ਹਨ। ਮੈਂ ਉਦਾਹਰਣ ਦੇ ਤੌਰ ਤੇ ਹਰ ਇਕ ਪਦ ਦੀਆਂ ਕੁਛ ਪੰਕਤੀਆਂ ਹੀ ਏਥੇ ਦੇ ਰਿਹਾ ਹਾਂ। ਗਿਆਨੇਸ਼ਵਰ ਜਾਂ ਗਿਆਨਦੇਵ ਦਾ ਪਦ 1290 ਈਸਵੀ ਦੇ ਲੱਗ-ਭੱਗ ਦਾ ਹੈ :—

ਸੋਹੀ ਕਚਾ ਬੇਕਚਾਬੇ। ਨਹ ਗੁਰੂ ਕਾ ਬੱਚਾ ॥
ਦੁਨੀਆ ਤਜ਼ਕਰ ਖ਼ਾਕ ਲਗਾਈ ਜਾ ਕਰ ਬੈਠਾ ਬਣ ਮੇਂ ॥
ਖੇਚਰਿ ਮੁਦ੍ਰਾ ਬਜ੍ਰਾਸਨ ਮੇਂ ਧਯਾਨ ਧਰਤ ਹੈ ਮਨ ਮੇਂ ॥
ਤੀਰਥ ਕਰਕੇ ਉਮੱਰ ਖੋਈ, ਜਾਗੇ ਜੁਗਤਿਓਂ ਸਾਰੀ ॥

× × × × ×

ਹੁਕਮ ਨਿਵ੍ਰਿਤੀ ਕਾ ਗਿਆਨੇਸ਼ਵਰ ਕੂ ਤੀਨ ਊਪਰ ਮੇਨਾ।
ਸਦਗੁਰੂ ਕੀ ਕਿਰਪਾ ਭਈ ਜਦ ਆਪੀ ਆਪ ਪਿਛਾਨਾ ॥

ਨਾਮਦੇਵ (1270 ਤੋਂ 1350 ਈਸਵੀ) ਦੇ ਇਕ ਪਦ "ਗੌਲਣੀ ਠਕਵਿਲਿਅਮ" ਵਿਚ ਕੁਛ ਪੰਗਤੀਆ ਹਿੰਦੀ ਵਿਚ ਹਨ:—

ਦੇਖ ਘਨੱਈਆ। ਮੈਂ ਇੱਜ਼ਤ ਕੀ ਬੜੀ ॥
ਕਦਮ ਪਕੜੂੰਗੀ। ਮੈਂ ਯਾਕਰੋਂ ਜੜੀ ॥
ਮੇਰੀ ਛੂਨਰੀ ਦੇ। ਮੇਰੀ ਦੇ ਦੁਲੱਡੀ ॥

ਅਤੇ ਦੂਸਰਾ ਇਕ ਪਦ ਹੈ "ਸਾਮਯ ਰੇ ਭਜਲੇ ਹੇ ਰਾਜਾ।" ਇਸ ਵਿਚ ਮਰਾਠੀ ਪ੍ਰਭਾਵ ਸਪੱਸਟ ਹੈ। ਜਿਵੇਂ :—

ਜਿੰਨੇ ਜਨਮ ਮੇਂ ਡਾਰਾ ਹੈ ਤੁਜਕੂੰ। ਬਿਸਰ ਗਯਾ ਉਨਕੂ ਧਯਾਨਾ।
ਫਿਰ ਪਛਤਾਏਗਾ ਦਗਾ ਪਾਯੇਗਾ। ਨਿਕਸ ਜਾਏਗਾ ਅਵਸਾਨਾ ॥
ਲਕਸ਼ ਚੌਯਾਂ ਸੀ ਕਾ ਫੇਰਾ ਆਵੇਗਾ ਤਬ ਚੁਪੀ ਮਿਲਾ ਯੇ ਬੰਦਕੂ ॥
ਫਿਰਤਾ ਫਿਰਤਾ ਜੁ ਰਮਤਾ ਹੈ ਬਾਬਾ। ਕੌਨ ਰਖੇ ਤੇਰੇ ਤਨਕੂ ॥
ਜਿਸ ਮਾਯ ਉਦਰੀ ਜਨਮ ਲਿਯੇਗਾ ਤੇਰੇ ਸੰਗਤ ਦੁਖ ਉਨਕੂ ॥
ਗਰਭੀ ਕੀ ਯਾਤਨਾ ਸੁਨ ਮੇਰੇ ਭਾਈ। ਤਵਮਾਸ ਬੰਧਨ ਡਾਰੇ ॥
ਨਹੀਂ ਜਗਾ ਹਲਨੇ ਚਲਨੇ ਕੁ ਬਾਬਾ। ਛੋਡਨ ਕੁ ਕੋਈ ਨਹੀਂ ਆਵੇ ॥
ਆਗ ਲਗੀ ਹੈ ਦੇਖਤ ਅੰਧੇ। ਕਾਯ ਕੇ ਖਾਤਾ ਧੋਖਾ ॥"

ਬੰਬਈ ਵਿਚ ਅਜੇ ਵੀ ਸਾਧਾਰਣ ਮਰਾਠੀ ਬੋਲਣ ਵਾਲੀ ਜਨਤਾ ਜੋ ਹਿੰਦੀ ਬੋਲਦੀ

ਹੈ ਉਨ੍ਹਾਂ ਵਿਚ ਇਹ "ਹਮਕੂ ਤੁਮਕੂ" "ਕਾਜਕੇ ਵਾਸਤੇ" ਆਦਿ ਸੁਣਾਈ ਦੇਣਗੇ ।

ਏਕਨਾਥ (1533 ਤੋਂ 1599 ਈ:) ਦੇ ਪਦ 111 ਤੋਂ 120 ਹਿੰਦੀ ਵਿਚ ਹਨ, ਜਿੰਨਾ ਦੀਆਂ ਪਹਿਲੀਆਂ ਪੰਕਤੀਆਂ ਹਨ :—

(1) ਬੰਦੇ ਹੁਸ਼ਾਰ ਰਹਿਨਾ ਬੇ । ਸਾਹਬੇ ਰਾਜੀ ਰਖਨਾ ਬੇ ।
(2) ਗੁਰੂ ਕ੍ਰਿਪਾਂਜਨ ਪਾ ਯੋ ਮੇਰੇ ਭਾਈ, ਰਾਮ ਬਿਨਾ ਕੁਛ ਜਨਤ ਨਾਹੀਂ ।
(3) ਰਾਮ ਮੀਠਾ ਲਗਾ । ਸਬ ਸੁਖ ਹਮ ਤਯਾਗਾ
(4) ਗੋਰਸ ਬੇਚਨ ਚਲ ਗੋਰੀ ਮਥਰਾ, ਤੁਮ ਕੇਵ ਠਾਛੇ ਨੰਦ ਕਿਸੋਰਾ ।
(5) ਪੰਚਤੱਤਵ ਕਾ ਸ਼ੋਧ ਕਰੀਓ ਫ਼ਕੀਰ ਭਯੋ ਭਾਈ ॥
(6) ਏਕਨਾ ਏਕ ਹਜ਼ਾਰ ਬੀਰੇ ਇਸਮੇਂ ਮੇਰਾ ਮੌਲਾ ਬਸੇ
(7) ਮਲੰਗੂ ਫ਼ਕੀਰ ਐਸਾ ਮਲੰਗੂ ਫ਼ਕੀਰ ।
(8) ਗਾਫ਼ਲ ਹੂਆ । ਆਗੇ ਗਫ਼ਲਤ ਕਾ ਕੁਵਾ ॥
(9) ਛੋਡਾ ਤਨ ਧਨ ਗਹੇ ਕਾ ਕਾਮ । ਜਯਾ ਸੇ ਹਰਿਸੇ ਬਦਲਾਮ ।
(10) ਭਜਨ ਬਿਨ ਧਿਗ ਚਤੁਰਾਈ ਗਿਆਨ ॥

ਏਕਨਾਥ ਦੇ ਸਿਸ਼ ਤ੍ਰਿਅੰਬਕ ਕਵੀ ਦਾ ਵੀ ਇਕ ਹਿੰਦੀ ਪਦ ਮਿਲਦਾ ਹੈ :—

**ਜਿਸਨੇ ਤੁਜਕੂ ਪੈਦਾ ਕਿਆ ਕਰ ਉਸਕਾ ਸੰਦੇਗ ਰੇ**

ਤੁਕਾਰਾਮ (1608—1650 ਈ.) ਦੀ ਗਾਥਾ ਵਿਚ "ਗੌਲਣੀ" ਅਤੇ "ਵਿਰਾਣੀ" ਅੰਸਾਂ ਵਿਚ ਕੁਛ ਹਿੰਦੀ ਪਦ ਹਨ ਅਤੇ ਫੁਟਕਲ ਪਦਾਂ ਵਿਚ 16 ਪਦ ਹਿੰਦੀ ਵਿਚ ਮਿਲਦੇ ਹਨ, ਜਿਨ੍ਹਾਂ ਦੀਆ ਕੁਛ ਪਹਿਲੀਆਂ ਪੰਕਤੀਆਂ ਹਨ :—

ਆਜ ਲਬੂੰ ਨਿਰਬਾਨ, ਛਾਡੇ ਧਨ ਮੰਦਿਰ ਬਨ ਬਸਾਯਾ,
ਮੰਤਰ ਤੰਤਰ ਨਹੀਂ ਮਾਨਤ ਸਾਖੀ,
ਹਰਿਸੋਂ ਮਿਲਨਦੇ ਏਕ ਹੀ ਬੇਰ ।
ਕਿਆ ਕਹੂੰ ਲਹੇਂ ਬੁਝਤ ਲੋਕਾ
ਕਬ ਭਰੂ ਪਾਈਂ ਚਰਨ ਤੁਮਾਰੇ ਦਾਸੋਂ ਪਾਛੇ ਦੌਰੇ ਰਾਮ
ਕਾਹੇ ਰੋਵੇ ਅਗਲਾ ਮਰਨਾ,
ਕਾਹੇ ਭੂਲਾ ਧਨਸਮਤੀ ਘਭੇਰ,
ਦੇਖਤ ਆਖੋ ਝੂਠਾਂ ਕੋਰਾ
ਕਿਆ ਮੋਰੇ ਲਾਲ ਕਬਨ ਚੂਕੀ ਭਈ

ਰਾਮਦਾਸ (1608—1681 ਈ.) ਦੇ ਚਾਰ ਪੰਜ ਪਦ ਹਿੰਦੀ ਵਿਚ ਮਿਲੇ ਹਨ ਜਿਵੇਂ :—

**ਚਾਤੁਰ ਚਾਤੁਰ ਸੇ ਭਟਕਾ, ਰਘੂਰਾਜ ਕੇ ਦਰਬਾਰ ਘਮੰਡੀ ਕਾ ਜੜ੍ਹ ਹੈ,**

ਮਿਆਂ ਮਨੂ ਮਨੂ ਆਸਾ ਲਗਾਵੇ ਵੋ, ਹਾਤ ਚਕ੍ਰ ਤ੍ਰਿਸੂਲ ਵਿਰਾਜੇ ਆਦਿ ।

ਦੱਖਣੀ ਭਾਰਤ ਦੇ ਸੰਤ ਕਵੀ ਕੇਸ਼ਵ ਸੁਆਮੀ (1628 ਈ:) ਦੇ ਕੁਛ ਪਦ ਹਿੰਦੀ ਵਿਚ ਮਿਲਦੇ ਹਨ ਜਿਸ ਵਿਚ ਉਰਦੂ ਸ਼ਬਦਾਂ ਦੀ ਬਹੁਲਤਾ ਹੈ :—

(1) ਦੁਨੀਆ ਕਾ ਧੰਦਾ ਸਾਰਾ ਛੋਡ ਦੀਆ ਭਾਈ ।
ਹਥਿਆਰ ਸੇ ਨਜ਼ਰ ਬੜੇ ਸਾਹਬੇ ਸੋਂ ਲਾਈ ।
(2) ਕਹਾਂ ਕਾ ਪਾਪ ਕਹਾਂ ਕਾ ਪੁਨ । ਹਮ ਤੋਂ ਭਯੇ ਹੈ ਸੂਨ ਕੇ ਸੂਨ ।
(3) ਬੱਚਾ ! ਕਰਲੇ ਬਿਬੇਕ । ਸ਼ਬਸੇ ਸਬਸੋਂ ਏਕ । ਬੱਚਾ । ਬਾਹਰੇ ਮਤ ਦੇਖ । ਤੂੰ ਹੀ ਤੂੰ ਅਲੇਖ ।
(4) ਹਾਰ ਮੁੰਡੇ ਹੁਸ਼ਾਰ ਮੁੰਡੇ ਦੇਖ ਮੁੰਡੇ ਦਾਈ ॥
ਢੋਂਗੀ ਨਜ਼ਰ ਦੇਖ ਬਾਬਾ ਨਜੀਕ ਇਲਾਹੀ ।

ਮਧਯੁੱਗ ਦੇ ਇਕ ਹੋਰ ਸੰਤ ਸੋਹਿਰਾਬਾ ਅੰਬੀਏ ਦੇ ਹਿੰਦੀ ਪਦਾਂ ਤੇ ਇਕ ਸੁਤੰਤਰ ਲੇਖ ਮੈਨੇ ਕਈ ਸਾਲ ਪਹਿਲਾਂ "ਆਜ" ਵਿਚ 1943 ਵਿਚ ਲਿਖਿਆ ਸੀ ।

ਮਤਲਬ, ਰਾਮੇਸ਼ਵਰ ਤੋਂ ਬਦਰੀ ਕੈਲਾਸ਼ ਤਕ ਘੁੰਮਣ ਵਾਲੇ ਰੱਸਤੇ ਰਾਮ ਜੋਗੀ ਸਾਧੂਆਂ ਨੇ ਹਿੰਦੀ ਦੇ ਹਰ ਥਾਂ ਵਿਆਪਣ ਨੂੰ ਕਦੇ ਤੋਂ ਮੰਨ ਲਿਆ ਹੈ । ਮਰਾਠੀ ਸੰਤਾਂ ਦੇ ਹਿੰਦੀ ਪਦ ਮਿਲਦੇ ਹਨ । ਪਰੰਤੂ ਹਿੰਦੀ ਦੇ ਕਿਸੇ ਪ੍ਰਾਚੀਨ ਕਵੀ ਦੀ ਕੋਈ ਪੰਕਤੀ ਮਰਾਠੀ ਵਿਚ ਨਹੀਂ ਮਿਲਦੀ । ਅਪਭ੍ਰੰਸ਼ ਕਾਲ ਦੇ ਕਵੀ ਅਬਦੁਰ ਰਹਿਮਾਨ, ਫੁੱਫਦੰਤ ਆਦਿ ਨੇ ਮਰਹੱਠ ਦੇਸ਼ ਦਾ ਅਤੇ ਕਵਚਿਤ ਮਰਹੱਠ-ਵਧੂ ਦਾ ਵਰਣਨ ਵੀ ਕੀਤਾ ਹੈ । ਜਿਵੇਂ ਦੇਵ ਦੇ "ਜਾਤੀ ਵਿਲਾਸ" ਵਿਚ, ਪਰੰਤੂ ਕਿਸੇ ਹਿੰਦੀ ਕਵੀ ਨੇ ਪ੍ਰਾਚੀਨ ਜਾਂ ਅਰਵਾਚੀਨ ਹਿੰਦੀ ਭਾਸ਼ਾ ਤੋਂ ਇਲਾਵਾ ਹੋਰ ਕਿਸੇ ਭਾਸ਼ਾ ਨੂੰ ਵੀ ਅਪਣਾਇਆ ਹੋਵੇ, ਅਜਿਹਾ ਉਦਾਹਰਣ ਨਹੀਂ ਮਿਲਦਾ । "ਭਾਰਤੇਂਦੂ" ਜਾਂ "ਨਿਰਾਲਾ" ਦੇ ਬੰਗਲਾ ਪਦ ਕੁਛ ਅਪਵਾਦ (ਉਲਟ) ਸਰੂਪ ਹਨ ।

ਆਧੁਨਿਕ ਸਮੇਂ ਵਿਚ ਇਹ ਲੈਣ ਦੇਣ ਹੋਰ ਵੱਧਿਆ । ਹਿੰਦੀ ਦੇ ਇਕ ਸਾਧਾਰਣ ਪਾਠਕ ਤੋਂ ਜੇ ਮਰਾਠੀ ਸਾਹਿਤ ਦੇ ਵਿਸ਼ੇ 'ਚ ਪੁੱਛਿਆ ਜਾਵੇ ਤਾ ਉਹ ਕੀ ਉਤਰ ਦੇਵੇਗਾ । ਉਹ ਜੇ ਹਿੰਦੀ ਵਿਚ ਉਲਥਾਏ ਸਾਹਿਤ ਦੇ ਸਹਾਰੇ ਕੁਝ ਕਹਿਣਾ ਚਾਹੇ ਤਾਂ ਪ੍ਰਾਚੀਨ ਸਾਹਿਤ ਵਿਚ ਗਿਆਨੇਸ਼ਵਰੀ, ਮਧਯੁੱਗ ਦੇ ਸਾਹਿਤ ਵਿਚ "ਮਾਝਾ ਪ੍ਰਵਾਸ" ਅਤੇ "ਗੀਤਾ ਰਹੱਸ" ਅਤੇ ਆਧੁਨਿਕ ਸਾਹਿਤ ਵਿਚੋਂ ਕੁਝ ਨਾਵਲਾਂ ਨੂੰ ਛੱਡਕੇ ਹੋਰ ਨਾਮ ਨਹੀਂ ਗਿਣਿਆ ਜਾ ਸਕੇਗਾ । ਹਰੀ ਨਾਰਾਇਣ ਆਪਟੇ ਦੇ "ਉਸ਼ਾਕਾਲ" ਅਤੇ "ਗਡਆਲਾਪਣ ਸਿੰਘ ਗੇਲਾ" ਆਦਿ, ਬਾਲ ਚੰਦਰ ਨੇਮਚੰਦ ਸ਼ਹਾ ਦੇ "ਸਮਰਾਟ ਅਸ਼ੋਕ, ਅਤੇ "ਛੱਤਰਸ਼ਾਲ" ਇਤਹਾਸਕ ਨਾਵਲ ਹਿੰਦੀ ਵਿਚ ਅਨੁਵਾਦ ਹੋਏ ਹਨ । ਵਾਮਨ ਮਲਹਾਰ ਜੋਸ਼ੀ ਦੇ ਰਾਗਿਨੀ ਅਤੇ "ਆਸ਼ਰਮ ਹਾਰਿਣੀ" ਦੇ ਅਨੁਵਾਦ ਹਰੀ ਭਾਊ ਉਪਾਧਯ ਨੇ ਕੀਤੇ ਹਨ । ਸਾਨੇ ਗੁਰੂ ਜੀ ਦੇ "ਸ਼ਯਾਮੀਚੀ ਆਈ" ਦਾ ਗੋਪੀਬੱਲਭ ਉਪਾਧਯ ਨੇ ਅਨੁਵਾਦ ਪੇਸ਼ ਕੀਤਾ ਹੈ । ਵਿ. ਸ. ਖਾਂਡੇਕਰ ਦੇ "ਕ੍ਰੌਚਬਧ" ਦਾ ਭਾਵੇ ਵੱਲੋਂ ਅਤੇ

"ਸੁਖਾਂਚਾ ਸ਼ੋਧ" ਦਾ ਅਨੰਦ ਕੁਮਾਰ ਵੱਲੋਂ ਅਨੁਵਾਦ ਹਿੰਦੀ ਵਿਚ ਹਨ। "ਉਲਕਾ" ਦਾ ਅਨੁਵਾਦ ਮੈਨੇ ਕੀਤਾ ਹੈ। ਮਾਡਖੋਲਕਰ ਦੇ ਇਕ ਦੋ ਨਾਵਲ ਗੋਬਿੰਦ ਰਾਵ ਮਰਾਠੇ ਨੇ ਅਨੁਵਾਦ ਕੀਤੇ ਹਨ। ਕੁਛ ਕਹਾਣੀਆਂ ਏਧਰ ਓਧਰ ਉੱਲਬਧੀਆਂ ਮਿਲਦੀਆਂ ਹਨ, ਜਿਸ ਤਰ੍ਹਾਂ ਵਾਮਨ ਘੋਰਪੜੇ ਅਤੇ ਮੇਰਾ ਕੀਤਾ ਹੋਇਆ "ਗਲਪ ਸੰਸਾਰ ਮਾਲਾ" ਦਾ ਮਰਾਠੀ ਭਾਗ) ਪਰੰਤੂ ਇਹ ਫੁਟਕਲ ਇਕ ਦਰਜਣ ਕਿਤਾਬਾਂ ਸਮੁੱਚਾ ਮਰਾਠੀ ਸਾਹਿਤ ਨਹੀਂ ਹਨ ਅਤੇ ਨਾਂ ਹੀ ਉਹ ਪ੍ਰਤੀਨਿੱਧਤਾ ਕਰਨ ਵਾਲੀਆਂ ਹਨ। ਮਰਾਠੀ ਨਾਟਕਾਂ ਦਾ ਖੇਤਰ ਐਨਾ ਉੱਨਤ ਹੁੰਦੇ ਹੋਏ ਇਕ ਵੀ ਪੁਰਾਣੇ ਮਰਾਠੀ ਨਾਟਕ ਦਾ ਹਿੰਦੀ ਅਨੁਵਾਦ ਨਹੀਂ ਮਿਲਦਾ। ਏਧਰ ਮਾਮਾ ਵਰੇਰਕਰ, ਮੁਕਤਾਬਾਈ ਦੀਕਸ਼ਤ ਅਤੇ ਮੋ. ਗ. ਰਾਂਗਣੇਕਰ ਦੇ ਨਾਟਕਾਂ ਦੇ ਅਨੁਵਾਦ ਹਿੰਦੀ ਵਿਚ ਹੋਏ ਹਨ। ਹਿੰਦੀ "ਕ੍ਰਿਸ਼ਣ-ਅਰਜਣ-ਯੁੱਧ" ਨਾਟਕ ਤੇ ਨਰਸਿੰਘ ਚਿੰਤਾਮਣੀ ਕੇਲਕਰ ਦੀ ਉਸੇ ਨਾਮ ਦੀ ਛਾਇਆ ਹੈ। ਇਹ ਹਾਲਤ ਹਿੰਦੀ ਵਿਚ ਮਰਾਠੀ ਦੇ ਅਨੁਵਾਦ ਦੀ ਹੈ। ਸੁਤੰਤਰ ਹਿੰਦੀ ਬੋਲਣ ਵਾਲੇ ਲੇਖਕ ਜੋ ਮਰਾਠੀ ਵਿਚ ਲਿਖਦੇ ਹੋਣ, ਉਹ ਤਾਂ ਚਿਰਾਗ ਲੈਕੇ ਭਾਲਣ ਤੇ ਵੀ ਸ਼ਾਇਦ ਹੀ ਦੋ ਤਿੰਨ ਮਿਲਣ, ਜਿਵੇਂ ਦੂ. ਆ. ਤਿਵਾੜੀ, ਗੋਪਾਲ ਸਿੰਘ ਪ੍ਰਦੇਸੀ, ਸਾਂਤਾ ਸ਼ਰਮਾ ਆਦਿ ਕੁਛ ਨਾਮ ਹਨ। ਭਾਰਤੇਂਦੂ ਹਰੀਸ਼ ਚੰਦਰ ਨੇ ਆਪਣੇ "ਰਾਜਯੋਗਿਨੀ" ਨਾਟਕ ਦੇ ਚੌਥੇ ਗਰਭ-ਅੰਕ ਵਿਚ ਉਸ ਸਮੇਂ ਦੇ ਕਾਸ਼ੀ ਦੇ ਵਿਜੈਪ੍ਰਿਅ ਦੱਖਣੀ ਪੰਡਤਾਂ ਦਾ ਵਿਅੰਗ ਚਿੱਤਰ ਖਿਚਿਆ ਹੈ। ਇਸ ਇਕੱਲੇ ਹਿੰਦੀ ਨਾਟਕ ਵਿਚ ਤਿੰਨ ਚਾਰ ਸੱਡੇ ਮਰਾਠੀ ਭਾਸ਼ਾ ਦਿੱਤੀ ਗਈ ਹੈ। ਉਂਜ ਅਚਾਰੀਆ ਮਹਾਂਵੀਰ ਪ੍ਰਸਾਦ ਦਿਵੇਦੀ ਦੀ ਗੱਦ-ਸੈਲੀ ਪਰ ਅਤੇ ਮਾਖਨ ਲਾਲ ਚਤੁਰਵੇਦੀ ਦੀ ਕਵਿਤਾ ਤੇ ਮਰਾਠੀ ਸਾਹਿਤ ਦੀ ਛਾਇਆ ਅਤੇ ਪ੍ਰਭਾਵ ਹੈ।

ਇਸ ਤੋਂ ਉਲਟ ਮਰਾਠੀ ਵਿਚ ਹਿੰਦੀ ਸਾਹਿਤ ਦੇ ਅਨੁਵਾਦ ਵੀ ਮਿਲਦੇ ਹਨ ਅਤੇ ਸੁਤੰਤਰ ਮੌਲਿਕ ਰਚਨਾਵਾਂ ਕਰਨ ਵਾਲੇ ਕਈ ਮਰਾਠੀ ਬੋਲਣ ਵਾਲੇ ਲੇਖਕ ਹਨ। ਜਿਨ੍ਹਾਂ ਵਿਚੋਂ ਤਿੰਨ ਹਿੰਦੀ ਸਾਹਿਤ ਸਮੇਲਨ ਦੇ ਸਾਬਕ ਸਭਾਪਤੀ ਵੀ ਰਹਿ ਚੁੱਕੇ ਹਨ। ਸਵਰਗ-ਵਾਸੀ ਮਾਧਵ ਰਾਵ ਸਪਰੇ, ਸਗਰਗਵਾਸੀ ਸਯਾਜੀ ਰਾਵ ਗਾਇਕ ਵਾੜ, ਸਵਰਗਵਾਸੀ ਬਾਬੂ ਰਾਵ ਵਿਸ਼ਣੂੰ ਪਰਾੜਕਰ ਅਤੇ ਉਹ ਮਰਾਠੀ ਵਾਲੇ, ਜੋ ਹਿੰਦੀ ਵਿਚ ਲਿਖਦੇ ਹਨ ਉਨ੍ਹਾਂ ਵਿਚੋਂ ਕੁਛ ਨਾਮ ਇਹ ਹਨ :—ਪੰਡਤ ਸਾਤਵ ਲੇਕਰ, ਲੱਛਮਣ ਨਾਰਾਇਣ ਗਰਦੇ, ਸਰਦਾਰ ਮਾਧਵ ਰਾਵ ਕਿਬੇ, ਕਮਲਾ ਬਾਈ ਕਿਬੇ, ਗੋਪਾਲ ਦਮੋਦਰ ਤਾਮਸਕਰ, ਡਾਕਟਰ ਹਰੀ ਰਾਮਚੰਦਰ ਦਿਵੇਕਰ, ਅਨੰਤ ਸਦਾ ਸ਼ਿਵ ਅਲਤੇਕਰ, ਸ੍ਰੀਧਰ ਵਿਅੰਕਟੇਸ਼ ਪੁਣਤਾਂ ਬੇਕਰ, ਕਾਕਾ ਕਾਲੇਲਕਰ, ਦਾਦਾ ਧਰਮ-ਅਧਿਕਾਰੀ, ਵਿਨੋਬਾ ਭਾਵੇ ਵਾਮਨ ਘੋਰਪੜੇ, ਗ. ਰਾ. ਵੈਸ਼ੰਪਾ ਯਨ, ਜੋਗਲੇਕਰ, ਦੱਤੋ ਵਾਮਨ ਪੋਤਦਾਰ, ਰਾਰ. ਖਾ ਡਿਲਕਰ, ਭਾਸਕਰ, ਰਾਮ ਚੰਦਰ ਭਾਲੇਰਾਵ ਆਦਿ ਪੁਰਾਣੀ ਪੀੜ੍ਹੀ ਦੇ ਲੇਖਕ ਹਨ। ਨਵੇਂ ਲੇਖਕਾਂ ਵਿਚ ਸ੍ਰੀ ਪਾਦ ਜੋਸ਼ੀ, ਅਨੰਤ ਗੋਪਾਲ ਸ਼ਵੜੇ ਮਹਾਂਦੇਵ ਸੀਤਾ ਰਾਮ ਕਰਮਰਕਰ, ਨਾਰਾਇਣ ਸ਼ਾਮ ਰਾਵ ਚਿਤਾਂਬਰੇ ਗਜਾਨਨ ਮਾਧਵ ਮੁਕਤੀਬੋਧ, ਮੈਨਾਵਤੀ ਮਾਟੇ ਤਾਰਾ ਪੋਤਦਾਰ ਆਦਿ।

ਇਨ੍ਹਾਂ ਲੇਖਕਾਂ ਤੋਂ ਇਲਾਵਾ ਹਿੰਦੀ ਤੋਂ ਮਰਾਠੀ ਵਿਚ ਜੋ ਸਾਹਿਤ ਉੱਲਥਾ ਹੋਇਆ ਹੈ ਉਹ ਇਸ ਤਰ੍ਹਾਂ ਹੈ: ਤੁਲਸੀ ਰਾਮਾਇਣ ਅਤੇ ਕਬੀਰ ਦੇ ਪਦ, ਨਾਨਕ, ਮੀਰਾਂ ਦੀ ਜੀਵਨੀ ਜਿਹੇ ਪੁਰਾਣੇ ਕਵੀ ਚਰਿੱਤ੍ਰ ਅਤੇ ਕਾਵਿ, ਆਧੁਨਿਕ ਕਾਲ ਵਿਚ ਪ੍ਰੇਮ ਚੰਦ, ਪ੍ਰਸਾਦ, ਰਾਹੁਲਸੰਕ੍ਰਿਤਯਾਯਨ, ਜੈਨੇਂਦਰ ਕੁਮਾਰ, ਅਗੇਅ, ਆਦਿ ਦੀਆਂ ਕਹਾਣੀਆਂ ਅਤੇ ਨਾਵਲ-"ਪ੍ਰੇਮ ਚੰਦਾਚਯਾ ਗੋਸ਼ਟੀ" (ਦੋ ਭਾਗ) ਅਨੰਦ ਰਾਵ ਜੋਸ਼ੀ ਨੇ ਉਲਥਾਇਆ ਹੈ, ਰਾਹੁਲ ਜੀ ਦੇ "ਬੋਲਗਾ ਸੇ ਗੰਗਾ" "ਜੈ ਯੋਧਅ" ਅਤੇ" ਸਿੰਘ ਸੈਨਾਪਤੀ" ਸ. ਅ. ਮੋਡਕ ਅਤੇ ਵਿਅੰਕਟੇਸ਼ ਵਕੀਲ ਨੇ, ਜੈਨੇਂਦਰ ਕੁਮਾਰ ਦਾ "ਤਿਆਗ ਪੱਤਰ" ਅ. ਮ. ਜੋਸ਼ੀ ਨੇ ਅਤੇ ਮੋਨੇ। "ਅਗੇਅ" ਦੀਆਂ ਕੁਛ ਕਹਾਣੀਆਂ ਉਲਥਾਈਆਂ ਤੇ ਪ੍ਰਕਾਸ਼ਤ ਕੀਤੀਆਂ ਗਈਆਂ ਹਨ। ਕਵੀਆਂ ਵਿਚ ਮੈਥਲੀ ਸ਼ਰਨ ਗੁਪਤ, ਪੰਤ, ਮਹਾਂਦੇਵੀ, ਨਿਰਾਲਾ, ਬੱਚਨ ਦੀਆਂ ਕੁਛ ਰਚਨਾਵਾਂ ਮਰਾਠੀ ਵਿਚ ਉਲਥਾਈਆਂ ਗਈਆਂ ਹਨ। ਅਸ਼ਕ, ਰਾਮ ਕੁਮਾਰ ਵਰਮਾ ਅਤੇ ਕ੍ਰਿਸ਼ਨ ਚੰਦਰ ਦੇ ਕੁਛ ਇਕਾਂਗੀ ਵੀ ਉਲਥਾਏ ਗਏ ਹਨ। ਹਿੰਦੀ ਤੋਂ ਮਰਾਠੀ ਵਿਚ ਕੋਸ਼ ਵੀ ਹੈ। ਹਿੰਦੁਸਤਾਨੀ ਕੋਸ਼ ਵੀ ਪ੍ਰਕਾਸ਼ਤ ਹੋਇਆ ਹੈ। ਹਿੰਦੀ, ਹਿੰਦੁਸਤਾਨੀ ਅਤੇ ਉਰਦੂ ਦੇ ਸਵੈ-ਸ਼ਿਖਸ਼ਕ ਤਾਂ ਕਈ ਹਨ। ਹਿੰਦੀ ਪ੍ਰਚਾਰ ਦਾ ਸਭ ਤੋਂ ਵੱਧ ਕੰਮ ਮਹਾਂਰਾਸ਼ਟਰ ਵਿਚ ਹੀ ਹੋਇਆ ਹੈ। ਪਰੰਤੂ ਉਹ ਸਭ ਲੋੜੀਂਦਾ ਨਹੀਂ।। ਇਹ ਕੰਮ ਵੱਡੇ ਪੈਮਾਨੇ ਤੇ ਅਤੇ ਵਿਵ-ਸਥਿਤ ਰੂਪ ਵਿਚ ਹੋਣਾ ਚਾਹੀਦਾ ਹੈ। ਅਨੁਵਾਦਕਾਂ ਵਿਚ ਯ. ਨ. ਮੋਘੇ ਗ. ਰ. ਸਰਵਟੇ, ਯਸ਼ਵੰਤ ਤੇਂਦੁਲਕਰ, ਰ. ਸੰ: ਕੇਲਕਰ, ਪ੍ਰਦੇਸੀ ਆਦਿ ਮਰਾਠੀ ਭਾਸ਼ੀ ਅਤੇ ਰਾਮ ਚੰਦਰ ਵਰਮਾ, ਸ਼ੰਕਰਦੇਵ ਵਿਦਿਆਲੰਕਾਰ, ਅਵਧ ਨਾਰਾਇਣ ਆਦਿ ਹਿੰਦੀ-ਭਾਸ਼ੀ ਵੀ ਹਨ।

ਭਾਰਤ ਦੀ ਸੁਤੰਤਰਤਾ ਅਤੇ ਹਿੰਦੀ ਦੇ ਰਾਸ਼ਟਰ ਭਾਸ਼ਾ ਦੇ ਐਲਾਨ ਹੋਣ ਤੋਂ ਮਗਰੋਂ ਭਾਰਤ ਦੀ ਸੂਬਾਈ ਭਾਸ਼ਾਵਾਂ ਦੇ ਸਾਹਿਤ ਦਾ ਲੈਣ ਦੇਣ ਹੋਰ ਵੀ ਜ਼ਰੂਰੀ ਹੋ ਗਿਆ ਹੈ। ਭਾਰਤੀ ਸਾਹਿਤ ਪਰੀਸ਼ਦ ਦੇ ਪ੍ਰਮੁੱਖ ਪੱਤਰ "ਹੰਸ" ਨੇ ਸੰਨ 1934 ਈਸਵੀ ਵਿਚ ਅਤੇ ਮਗਰੋਂ "ਭਾਰਤੀਆ ਸੰਸਕ੍ਰਿਤੀ," ਪਤ੍ਰਿਕਾ ਨੇ ਇਹ ਕੰਮ ਕੀਤਾ ਹੈ ਅਤੇ "ਰਾਸ਼ਟਰਭਾਰਤੀ" "ਦੱਖਣ ਭਾਰਤੀ" ਆਦਿ ਪੱਤਰਕਾਵਾਂ ਅਜੇ ਵੀ ਕੁਛ ਅੰਸ਼ਾਂ ਤਕ ਕੰਮ ਕਰ ਰਹੀਆਂ ਹਨ। ਪਰ ਏਨਾ ਨਾਲ ਸੰਤੋਸ਼ ਕਰ ਲੈਣਾ ਕਾਫੀ ਨਹੀਂ। ਜ਼ਰੂਰਤ ਹੈ ਇਕ ਕੇਂਦਰੀ ਸਾਹਿਤ-ਨਿਰਮਾਣ-ਯੋਜਨਾ ਦੀ, ਜਿਸ ਵਿਚ ਭਾਰਤ ਦੀਆਂ ਸਾਰੀਆਂ ਹਿੰਦੀਤਰ, ਭਾਸ਼ਾਵਾਂ ਦੇ ਕੋਸ਼-ਵਿਆਕਰਣਕ ਸਵੈ-ਸ਼ਿਖਸ਼ਕ ਅਤੇ ਵਧੀਆ ਤੋਂ ਵਧੀਆ ਗ੍ਰੰਥਾਂ ਦੇ ਅਨੁਵਾਦ ਹਿੰਦੀ ਵਿਚ ਅਤੇ ਇਸੇ ਤਰ੍ਹਾਂ ਹਿੰਦੀ ਤੋਂ ਉਨ੍ਹਾਂ ਉਨ੍ਹਾਂ ਭਾਸ਼ਾਵਾਂ ਵਿਚ ਪ੍ਰਕਾਸ਼ਤ ਕੀਤੇ ਜਾਣ, ਛੇਤੀ ਅਤੇ ਵੱਡੇ ਪੈਮਾਨੇ ਤੇ।

## ਇਨਸਾਈਕਲੋ ਪੀਡੀਆ ਆਫ਼ ਲਿਟਰੇਚਰ

ਲੇਖਕ : ਸਿਪਲੇ

ਮਹਾਂ ਰਾਸਟਰ ਇਕ ਅਜਿਹਾ ਇਲਾਕਾ ਹੈ ਜਿਥੇ ਕਿ ਸਦੀਆਂ ਤਕ ਮਰਾਠੀ ਲਿਖੀ ਅਤੇ ਬੋਲੀ ਜਾਂਦੀ ਰਹੀ ਹੈ। ਮੋਟੇ ਤੌਰ ਤੇ ਇਹ ਇਕ ਤਿਕੋਨ ਵਿਚ ਘਿਰਿਆ ਹੋਇਆ ਹੈ। ਇਸ ਦਾ ਇਕ ਸਿਰਾ ਭਾਰਤ ਦੇ ਪੱਛਮੀ ਸਾਹਿਤ ਤੋਂ ਦਮਨ ਤਕ, ਉੱਤਰ ਵਿਚ ਤੇ ਦੱਖਣ ਵਿਚ ਗੋਆ ਨਾਲ ਮਿਲਿਆ ਹੋਇਆ ਹੈ ਇਸ ਤਰ੍ਹਾਂ ਇਸ ਤਿਕੋਨ ਦਾ ਸਿਰਾ ਨਾਗਪੁਰ ਤੋਂ ਪਰੇ ਪੂਰਬ ਵਿਚ ਮੱਧ ਪ੍ਰਦੇਸਾ ਨਾਲ ਜਾ ਮਿਲਦਾ ਹੈ, ਇਸਦੀ ਅਬਾਦੀ ਲੱਗ-ਭੱਗ 21 ਲੱਖ 50 ਹਜਾਰ ਹੈ।

ਏਥੋਂ ਦੇ ਸਾਹਿਤ ਦੀ ਭਾਸਾ ਇੰਡੋ-ਆਰੀਆਨ (ਸੰਪਕ੍ਰਿਤ) ਵਿਚੋਂ ਨਿਕਲੀ ਹੈ ਜੋ ਕਿ ਆਪਣੀ ਵਿਸੇਸ ਪ੍ਰਾਕਿਰਤ ਸਕਲ ਅਤੇ ਅਪਭ੍ਰੰਸ਼ ਵਿਚੋਂ ਨਿਕਲੀ ਹੈ ਅਤੇ ਇਸ ਤਰ੍ਹਾਂ ਇਹ ਮਰਾਠੀ ਦੀ ਸਭ ਤੋਂ ਪੁਰਾਣੀ ਸਕਲ ਧਾਰਣ ਕਰਦੀ ਹੈ। ਇਹ ਸੁਭਾਵਕ ਹੀ ਹੈ ਕਿ ਇਸਨੇ ਲੱਗ-ਭੱਗ ਰੋਬਸੀ ਵੇਲੇ ਅਪਭ੍ਰੰਸ਼ ਤੋਂ ਮਰਾਠੀ ਦੀ ਸਕਲ ਧਾਰਨ ਕੀਤੀ ਹੋਵੇ। ਇਜ ਜਾਪਦਾ ਹੈ ਕਿ 1188 ਬਿਕਰਮੀ ਵਿਚ ਮੁੱਢਲੀ ਸਾਹਿਤ ਰਚਨਾ ਦੇ ਯਤਨ ਅਰੰਭ ਹੋ ਗਏ ਸਨ ਪਰ ਇਸ ਦੀ ਅਗਾਹ ਵਧੂ ਸਾਹਿਤਕ ਵਿਸ਼ੇਸਤਾ ਤੋਂ ਪਤਾ ਲਗਦਾ ਹੈ ਕਿ ਇਸ ਦੀ ਰਿਵਾਇਤ ਬਹੁਤ ਪੁਰਾਣੀ ਹੈ।

ਜੇਕਰ ਪੁਰਾਣੇ ਮਰਾਠੀ ਸਾਹਿਤ ਉਤੇ ਇਕ ਸਰਸਰੀ ਨਜਰ ਮਾਰੀ ਜਾਵੇ ਤਾਂ ਦੋ ਸਚਾਈਆਂ ਸਾਹਮਣੇ ਆਉਂਦੀਆਂ ਹਨ। ਪਹਿਲੀ ਸਾਰੇ ਸਾਹਿਤ ਦਾ ਧਾਰਮਕ ਤੇ ਦਾਰਸ਼-ਨਿਕ ਆਚਰਣ ਹੈ। ਪਰ "ਪਵਾਦ" ਅਤੇ "ਲਵਾਨੀ" (ਪਿਆਰ ਭਰੇ ਗੀਤ) ਸ਼ਾਮਲ ਨਹੀਂ ਹਨ ਅਤੇ ਦੂਸਰੀ ਵਾਰਤਕ ਲਿਖਤਾਂ ਦੀ ਘਾਟ ਹੈ। ਪੁਰਾਣਾ ਓਵੀ ਮੀਟਰ ਵਾਰਤਕ ਦੇ ਬਹੁਤ ਨੇੜੇ ਆਉਂਦਾ ਹੈ ਅਤੇ ਇਸਨੇ ਦਾਰਸ਼ਨਿਕ ਵਾਦ-ਵਿਵਾਦ ਕਹਾਣੀ ਦੇ ਜਾਂ ਬਿਆਨ ਦਾ ਮਤਲੱਬ ਪੂਰਾ ਕੀਤਾ ਹੈ। ਦੂਜੇ ਪੁਰਾਣੇ ਮਰਾਠੀ ਮੀਟਰ "ਅਭੰਗ" ਆਪਣੀਆਂ ਸਾਰੀਆਂ ਤਬਦੀਲੀਆਂ ਵਿਚ ਦਿਲੀ ਭਾਵ ਪ੍ਰਗਟਾਉਣ ਦੇ ਗੀਤਾਂ ਦੇ ਰੂਪ ਵਿਚ ਵਰਤਿਆ ਗਿਆ ਹੈ। 17 ਵੀਂ ਸਦੀ ਵਿਚ ਕਵੀਆਂ ਨੇ ਵੱਡੇ ਪੈਮਾਨੇ ਤੇ ਸੰਸਕ੍ਰਿਤ ਮੀਟਰ ਅਪਣਾ ਲਏ।

ਅਠਾਰ੍ਹਵੀਂ ਸਦੀ ਦੇ ਕਵੀਆਂ ਨੇ ਇਕ ਹੋਰ ਅਤੇ ਮਾਤਰਾ ਮੀਟਰ ਬਣਾ ਲਏ ।

ਪੁਰਾਣੇ ਮਰਾਠੀ ਸਾਹਿਤ ਦਾ ਧਾਰਮਕ ਆਚਰਣ ਅਤੇ ਪੁਰਾਣੀ ਮਰਾਠੀ ਸਾਹਿਤ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਬਹੁਤ ਸਾਰੀਆਂ ਆਖਿਆਤਮਕ ਵਿਦਿਆਵਾਂ ਦੀਆਂ ਧਾਰਨਾਂ ਨੇ ਹਿੱਸਾ ਪਾਇਆ ਹੈ । ਪਿੱਛੋਂ ਇਸ ਦੀ ਇਕ ਸੂਰਤ ਪੁਰਾਤਜਤਾ ਵਿਚੋਂ ਨਿਕਲਦੀ ਹੈ । ਪੰਡਰਪੁਰ ਦੇ ਵਿਡੋਵਾ ਦੇ ਵਾਰਕਾਰੀਸ਼ਾ ਦਾ ਹਿੱਸਾ ਸਭ ਤੋਂ ਵੱਧ ਮਹਾਨਤਾ ਰੱਖਦਾ ਹੈ । ਇਸ ਤੋਂ ਮਗਰੋਂ ਨਾਥ ਪੰਥ ਆਉਂਦਾ ਹੈ ਜਿਸ ਨਾਲ ਆਮ ਤੌਰ ਤੇ ਦਨੇਸ਼ਵਰ ਸਬੰਧਤ ਸੀ। ਏਸੀ ਯੋਗ, ਦਿਮਾਗੀ ਸਰੀਰਕ ਸਭਿਅਤਾ ਉਤੇ ਜ਼ੋਰ ਦਿੰਦਾ ਹੈ ਅਤੇ ਇਹ ਉਤਰ ਵਿਚੋਂ ਲਿਆਂਦਾ ਗਿਆ । ਰਾਮਦਾਸੀ ਇਕ ਹੋਰ ਪੰਥ ਜਿਸ ਦੀ ਨੀਂਹ ਸਤਾਰ੍ਹਵੀਂ ਸਦੀ ਵਿਚ ਰਾਮਾ ਨੇ ਰੱਖੀ ਸੀ । "ਅਨੰਦ" ਅਤੇ ਦੱਤਾ ਪੰਥਾਂ ਨੇ ਵੀ ਇਸ ਵਿਚ ਆਪਣਾ ਹਿੱਸਾ ਪਾਇਆ ਹੈ ।

ਰਿਵਾਇਤ ਨੇ ਮੁਕੰਦਰਾਜ ਨੂੰ ਮਰਾਠੀ ਵਿਚ ਪਹਿਲਾਂ ਲਿਖਾਰੀ ਬਣਾ ਦਿੱਤਾ ਹੈ । ਉਸ ਦੀਆਂ ਦੋ ਕਿਤਾਬਾਂ ਵਿਵੇਕਾ ਸਿੰਧੂ (1188 ਬਿਕਰਮੀ ਵਿਚ) ਅਤੇ 'ਪਰਮਾਰਮਰਿਕਤ'. ਦੋਵੇਂ ਕਿਤਾਬਾਂ ਦਾਰਸ਼ਨਿਕਤਾ ਦੇ ਮਜ਼ਮੂਨ ਤੇ ਅਧਾਰਤ ਹਨ । ਉਹ ਇਕ ਕਵੀ ਨਾਲੋਂ ਦਾਰਸ਼ਨਿਕ ਵਧੇਰੇ ਸੀ ਪਰ ਬਹੁਤ ਸਾਰੇ ਲਿਖਾਰੀਆਂ ਨੇ ਉਸ ਦੀਆਂ ਕਿਤਾਬਾਂ ਦੀ ਭਾਸਾ ਨੂੰ ਆਧੁਨਿਕ ਰੂਪ ਦੇ ਦਿੱਤਾ ਹੈ । ਸਾਰੇ ਭਾਰਤ ਵਿਚ ਉਸਦੇ ਕੰਮ ਤੋਂ 'ਮਹਾਨਭਾਵ' ਪੰਥ ਦੇ ਬਹੁਤ ਸਾਰੇ ਮੈਂਬਰਾਂ ਨੇ ਪ੍ਰੇਰਨਾ ਲਈ ਹੈ ਜਿਨ੍ਹਾਂ ਦੀ ਕਿ ਆਪਣੀ ਭਾਸਾ ਮਰਾਠੀ ਸੀ । ਇਨ੍ਹਾਂ ਵਿਚੋਂ ਉਘੇ ਸ਼ਿਸ਼ ਪਾਲਵਧ ਤੇ ਉਦਾਖਗੀਤਾ ਦੇ ਲਿਖਾਰੀ ਭਾਸਕਰ ਭੱਟ ਅਤੇ 'ਰੁਕਮਣੀ ਸੁਐਂਮਬਰ' ਦੇ ਲੇਖਕ ਨਰਿੰਦਰ 'ਵਛਾਹਰਨ' ਦੇ ਲੇਖਕ ਦਮੋਦਰ ਅਤੇ ਮਹਿੰਦਰ ਭੱਟ ਜਿਸਨੇ ਕਿ ਚੱਕਰਧਰ ਦੀਆਂ ਯਾਦਾਂ ਲਿਖੀਆਂ ਹਨ, ਇਸ ਪੰਥ ਦੇ ਬਾਨੀ ਸਨ । ਇਹ ਸਾਰੇ ਲਿਖਾਰੀ ਵਿਦਵਤਾ ਭਰੀ ਰੁਚੀ ਦੇ ਮਾਲਕ ਸਨ ਅਤੇ ਇਨ੍ਹਾਂ ਵਿਚ ਇਕ ਨਿਘਰ ਕਾਵਿ-ਯੋਗਤਾ ਕੁਟ ਕੁਟ ਕੇ ਭਰੀ ਹੋਈ ਸੀ । ਭਾਸਕਰ ਭੱਟ ਨੂੰ ਇਕ ਵਿਦਵਾਨ ਅਤੇ ਕਵੀ ਦੇ ਤੌਰ ਤੇ ਬਾਕੀ ਸਾਰਿਆਂ ਵਿਚੋਂ ਉੱਚ ਸਥਾਨ ਪ੍ਰਾਪਤ ਹੈ । ਲੱਗ-ਭੱਗ ਸੌ ਸਾਲਾਂ ਮਗਰੋਂ ਇਕ ਪੰਥ ਦਾ ਪਤਨ ਹੋ ਗਿਆ ਅਤੇ ਇਸ ਦੇ ਪੈਰੋਕਾਰਾਂ ਨੇ ਅਵਾਜ਼ਾਰੀ ਤੋਂ ਬਚਣ ਲਈ ਕੁਝ ਗੁਪਤ ਸੰਦੇਸ਼ ਅਪਣਾ ਲਏ । ਏਸ ਲਈ 19 ਵੀਂ ਸਦੀ ਦੇ ਅਖ਼ੀਰ ਵਿਚ ਬਹੁਤ ਵੱਡੀ ਗਿਣਤੀ ਵਿਚ ਲੋਕ ਇਨ੍ਹਾਂ ਦੇ ਸਾਹਿਤ ਤੋਂ ਅਨਜਾਣ ਰਹੇ ਅਤੇ ਅਖ਼ੀਰ ਇਕ ਵਿਦਵਾਨ ਰਾਜਵਾਂਦੇ ਨੇ ਇਸਨੂੰ ਉਜਾਗਰ ਕੀਤਾ ।

ਜਨਾਨਦੇਵ ਜਾਂ ਜਨਾਨੇਸ਼ਵਰ (1271—96 ਧਾਰਮਕ ਲਹਿਰ ਦੇ ਨੇਤਾ ਅਤੇ ਦਾਰਸ਼ਨਿਕ ਕਵੀ ਦੇ ਤੌਰ ਤੇ ਇਕ ਮਹਾਨ ਸ਼ਖ਼ਸ਼ੀਅਤ ਸਨ । ਉਨ੍ਹਾਂ ਦੀ ਸਭ ਤੋਂ ਚੰਗੀ ਕਿਤਾਬ 'ਜਨਾਨੇਸ਼ਵਰੀ' ਹੈ ਜਿਸ ਰਾਹੀਂ ਇਕ ਸ਼ਾਨਦਾਰ ਤਰੀਕੇ ਨਾਲ ਭਗਵਤ ਗੀਤਾ ਦੀ ਵਿਆਖਿਆ ਕੀਤੀ ਗਈ ਹੈ ਅਤੇ ਏਸ ਵਿਚ ਕਵਿਤਾ ਤੋਂ ਦਾਰਸ਼ਨਿਕਤਾ ਨੂੰ ਵੱਖ ਕਰਨਾ ਬਹੁਤ ਮੁਸ਼ਕਲ ਹੈ । ਇਸ ਰੰਗ ਵਿਚ 9 ਹਜ਼ਾਰ ਤੋਂ ਵੱਧ ਓਵੀਜ਼ (ਛੰਦ ਦੀ ਇਕ ਕਿਸਮ)

ਵਰਤੇ ਗਏ ਅਤੇ ਉਸ ਨੇ ਭਾਸ਼ਾ ਨੂੰ ਅਲੰਕਾਰ ਤੁਲਨਾ ਅਤੇ ਕਲਪਨਾਵਾਂ ਨਾਲ ਸ਼ਿੰਗਾਰ ਦਿੱਤਾ ਹੈ। ਜੋ ਕਿ ਸਾਦਗੀ ਨਾਲ ਮਿਲੀ ਹੋਈ ਮਿਠਾਸ ਦਾ ਇਕ ਨਮੂਨਾ ਹੈ। 'ਅਮ੍ਰਿਤਾਨੁ-ਭਵ' ਉਸ ਦੀ ਇਕ ਹੋਰ ਕਿਤਾਬ ਹੈ ਜੋ ਕਿ ਖੁਲੀ ਕਵਿਤਾ ਵਿਚ ਹੈ ਅਤੇ ਇਹ ਉਸ ਦੀ ਕਾਵਿ ਯੋਗਤਾ ਨਾਲੋਂ ਉਸਦੀ ਵਿਦਵਤਾ ਦਾ ਵਧੇਰੇ ਸਬੂਤ ਪੇਸ਼ ਕਰਦੀ ਹੈ ਪਰ ਇਹ ਘੱਟ ਹਰਮਨ ਪਿਆਰੀ ਹੈ। ਵਰਕਰੀ ਨੇ 'ਜਨਾਨੇਸ਼ਵਰੀ' ਨੂੰ ਇਸ ਦੀ ਸਭ ਤੋਂ ਵੱਡੀ ਦੇਣ ਕਰਾਰ ਦਿੱਤਾ ਹੈ ਅਤੇ ਉਸਨੇ ਇਸ ਨੂੰ ਮਾਂ ਕਿਹਾ ਹੈ। ਮਰਾਠੀ ਭਾਸ਼ਾ ਵਿਚ ਏਨੇ ਲੰਮੇਂ ਸਮੇਂ ਤਕ ਹੋਰ ਕਿਸੇ ਕਿਤਾਬ ਨੇ ਵੀ ਲੋਕਾਂ ਦੇ ਮਨਾਂ ਤੇ ਪ੍ਰਭਾਵ ਨਹੀਂ ਪਾਇਆ ਜਿੰਨਾ ਇਸ ਨੇ ਪਾਇਆ ਹੈ।

ਨਾਮਦੇਵ ਜਿਹੜਾ ਕਿ ਜਨਾਨ ਦੇਵ ਤੋਂ ਥੋੜ੍ਹਾ ਜਿਹਾ ਹੀ ਵੱਡਾ ਸੀ ਵਿਠੋਵਾ ਦਾ ਇਕ ਅਨਪੜ੍ਹ ਦੇਣਕਾਰ ਹੈ। ਉਹ ਬੇਹੱਦ ਗੰਭੀਰ ਸੀ ਅਤੇ ਉਸਦਾ ਵਿਸ਼ਵਾਸ਼ ਬੜਾ ਸਾਦਾ ਸੀ। ਅਜਿਹੀ ਦੇਣ ਵਿਚੋਂ ਸੈਂਕੜੇ 'ਅਭੰਗ' ਗੀਤ ਅਤੇ ਨਿਚੋੜ ਪੈਦਾ ਹੋਏ ਹਨ। ਜਿਨ੍ਹਾਂ ਨੇ ਜਾਨਾਨਦੇਵ ਦੀ ਮਹਾਨ ਬੌਧਰਤਾ ਦੇ ਅਭੰਗ ਵਿਚ ਦਿਲੀ ਜਜ਼ਬਾਤ ਭਰ ਦਿੱਤੇ ਹਨ। ਇਹ ਦੋਵੇਂ ਕਵੀ ਵਰਕਰੀ ਲਹਿਰ ਦਾ ਧੁਰਾ ਬਣ ਗਏ ਹਨ ਜੋ ਕਿ ਅਜੇ ਤਕ ਨਾਮਦੇਵ ਦੇ ਅਭੰਗਾਂ ਨੂੰ ਭਜਨ ਦੇ ਮਨੋਰਥ ਲਈ ਪ੍ਰੇਰਨਾ ਦਿੰਦੇ ਹਨ। ਕਿਹਾ ਜਾਂਦਾ ਹੈ ਕਿ ਉਸਨੇ ਉਤਰੀ ਭਾਰਤ ਦੇ ਪੰਜਾਬ ਜਿਥੇ ਕਿ ਸਿੱਖਾਂ ਨੇ ਆਪਣੇ ਪਵਿਤਰ ਗ੍ਰੰਥ ਵਿਚ ਅਭੰਗਾਂ ਦੇ ਵਿਚਾਰ ਦੀ ਯਾਦ ਸਾਂਭੀ ਹੋਈ ਹੈ, ਦਾ ਦੌਰਾ ਕੀਤਾ।

ਇਨ੍ਹਾਂ ਅਭੰਗਾਂ ਦੀ ਰਚਨਾ ਵਿਚ ਗੀਤਾ ਦੀ ਜੋ ਲੜੀ ਮਿਲਦੀ ਹੈ ਉਹ ਉਸ ਵੇਲੇ ਦੇ ਹੋਰ ਕਵੀਆਂ ਵਿਚ ਵੀ ਵੇਖੀ ਜਾ ਸਕਦੀ ਹੈ। ਨਾਮਦੇਵ ਦੀ ਅਖੌਤੀ ਨੌਕਰਾਨੀ ਜਨਾਬਾਈ ਨੂੰ ਕਵਿਤਾ ਤੇ ਅਬੂਰ ਹਾਸਲ ਸੀ। ਵੱਖ ਵੱਖ ਜਾਤੀਆਂ ਨੇ ਸਭ ਤੋਂ ਵੱਡੇ ਕਵੀ ਗੋਰਾ ਨੂੰ ਜੋ ਕਿ ਇਕ ਘਮਾਰ ਸੀ, ਦੇ ਵਹਾਓ ਵਿਚ ਭਾਰੀ ਹਿੱਸਾ ਪਾਇਆ ਸੀ। ਨਾਮਦੇਵ ਦਾ ਅਧਿਆਤਮ ਗੁਰੂ ਬਿਠੋਵਾ ਇਕ ਵਪਾਰੀ ਸੀ। ਨਰਹਰੀ ਇਕ ਸੁਨਿਆਰ ਸੀ, ਸਾਂਵਤਾ ਇਕ ਮਾਲੀ ਸੀ ਅਤੇ ਜੋਗਾ ਇਕ ਤੇਲੀ ਸੀ। ਧਨਦੇਵ ਦੀ ਭੈਣ ਮੁਕਤਾਬਾਈ ਆਪਣੇ ਤਤੀਰੀ ਅਭੰਗਾਂ ਕਾਰਣ ਪ੍ਰਸਿੱਧ ਹੈ ਪਰ ਇਨ੍ਹਾਂ ਵਿਚੋਂ ਬਹੁਤੇ ਮਹਾਨ ਕਵੀਆਂ ਨਾਲੋਂ ਵਧੇਰੇ ਕਰਕੇ ਮਹਾਨ ਸੰਤ ਸਨ।

ਇਸ ਦੇ ਨਾਲ ਹੀ ਹਨੇਰ ਦਾ ਸਮਾਂ ਚਲਦਾ ਰਿਹਾ ਜਿਸ ਨੂੰ ਕਿ ਸਮਾਜਕ ਉੱਥਲ ਪੁੱਥਲ ਦਾ ਸਮਾਂ ਸਮਝਿਆ ਜਾਂਦਾ ਹੈ। ਦੋ ਸਦੀਆਂ ਪਹਿਲਾਂ ਮਹਾਂਰਾਸ਼ਟਰ ਨੇ ਆਪਣੇ ਆਪ ਨੂੰ ਇਸ ਦੀ ਰਾਜਨੀਤਕ ਕਿਸਮਤ ਦੇ ਨਾਲ ਜੋੜ ਦਿੱਤਾ। ਪੰਦਰਵੀਂ ਸਦੀ ਦੇ ਅੱਧ ਵਿਚ ਏਕਨਾਥ ਦਾ ਦਾਦਾ ਭਾਨੂੰਦਾਸ ਦੀ ਮੂਰਤੀ ਨੂੰ ਸੁਰੱਖਿਆ ਦੇ ਮਨੋਰਥ ਨਾਲ ਵਾਪਸ ਲਿਆ-ਇਆ ਅਤੇ ਵਿਜੈ ਨਗਰ ਲੈ ਗਿਆ ਉਸ ਦਾ ਨਾਂ ਤੇ ਅਗਲੇ ਸਾਹਿਤਕ ਸਮੇਂ ਨੂੰ ਯਾਦ ਕੀਤਾ ਜਾਂਦਾ ਹੈ। ਏਕਨਾਥ ਦਾ ਧਾਰਮਕ ਗੁਰੂ ਜਨਾਰਧਨ ਸੁਆਮੀ ਉਸ ਨੂੰ ਆਪਣੇ ਦੇਤਾ ਪੰਥ ਵਿਚ ਲੈ ਆਇਆ। ਉਸ ਦੀਆਂ ਦੋ ਮਹਾਨ ਲਿਖਤਾਂ 'ਏਕਨਾਥੀ ਭਾਗਵਤ' ਅਤੇ ਭਗ

ਰਥ ਰਮਾਇਣ ਹਨ । ਇਨ੍ਹਾਂ ਵਿਚੋਂ ਹਰ ਇਕ ਵਿਚ 20 ਹਜ਼ਾਰ ਤੋਂ ਵਧ ਓਵੀਜ਼ ਹਨ । 'ਰੁਕਮਣੀ ਸੁਐਂਮਬਰ' ਉਸ ਦੀਆਂ ਛੋਟੀਆਂ ਲਿਖਤਾਂ ਵਿਚੋਂ ਸਭ ਤੋਂ ਪ੍ਰਸਿੱਧ ਹੈ । ਭਾਵੇਂ ਕਿ ਅਧਿਆਤਮਕ ਲਿਖਤਾਂ ਵਿਚ ਤੁਲਨਾਤਮਕ ਤੌਰ ਤੇ ਉਸ ਦਾ ਭਰੁਦਾਸ ਕਾਫ਼ੀ ਪ੍ਰਸਿੱਧ ਹੋ ਸਕਦਾ ਹੈ । ਉਸਦੀ ਦਿਨੇਸ਼ਵਰੀ ਦੇ ਅਧਿਐਨ ਨੇ ਜਿਸ ਨੂੰ ਉਸਨੇ ਕਿ ਐਡਿਟ ਕੀਤਾ ਹੈ ਤੇ ਜਿਸਦੀ ਉਸਨੇ ਵਿਆਖਿਆ ਕੀਤੀ ਹੈ, ਉਸ ਨੂੰ ਤੁਲਨਾ ਦੇ ਖੇਤਰ ਵਿਚ ਉਸਤਾਦ ਬਣਾ ਦਿੱਤਾ ਹੈ ਤੇ ਉਸ ਦੀਆਂ ਦਾਰਸ਼ਨਿਕ ਸਿਖਿਆਵਾਂ ਹੋਰ ਕਾਵਿ ਮਈ ਹੋ ਗਈਆਂ ਹਨ । ਚੁਲਾਰੇ ਉਸਨੇ ਨੇਧਨਨਦੇਵ ਵਾਂਗ ਹੀ ਆਪਣੇ ਵਿਚਾਰ ਪੇਸ਼ ਕੀਤੇ ਹਨ ।

ਜਿਥੋਂ ਤਕ ਪੰਚੋਤਨਾ (ਪੰਨਟਾਂਡ) ਦਾ ਸਬੰਧ ਹੈ ਉਹ ਏਕਨਾਥ ਦੇ ਨਾਂ ਨਾਲ ਪ੍ਰਸਿੱਧ ਹੈ ਤੇ ਇਕ ਹੋਰ ਲੰਮੀਆਂ ਚੌੜੀਆਂ ਲਿਖਤਾਂ ਲਿਖਣ ਵਾਲੇ ਲਿਖਾਰੀ ਦਾਸੋਪੰਤੂ ਨਾਲ ਸਬੰਧ ਰੱਖਦਾ ਹੈ । ਗੀਤਾਨਵਾ ਭਗਵਤ ਗੀਤਾ ਦੀ ਇਕ ਬਹੁਤ ਲੰਮੀਂ ਟੀਕਾ ਹੈ । ਜਿਸਦੇ ਇਕ ਲੱਖ ਤੋਂ ਵੱਧ ਓਵੀਜ਼ (ਛੰਦ) ਹਨ ਪਰ ਇਹ ਉਸ ਦੀਆਂ 50 ਲਿਖਤਾਂ 'ਚੋਂ ਇਕ ਹੈ ।

ਏਕਨਾਥ ਦੇ ਪੋਤੇ ਮੁਕਤੇਸਨਰ ਨੇ ਮਹਾਨ ਸੰਸਕ੍ਰਿਤ ਮਹਾਂਕਾਵ 'ਮਹਾਂ ਭਾਰਤ' ਨੂੰ ਮਰਾਠੀ ਵਿਚ ਲਿਆਉਣ ਦੀ ਪਹਿਲੀ ਵੱਡੀ ਕੋਸ਼ਿਸ਼ ਕੀਤੀ । ਹੇਠ ਲਿਖੀਆਂ ਅਸਲ ਦਾ ਕੁਛ ਖ਼ਾਕਾ ਉਸਨੇ ਆਪਣੀ ਕਹਾਣੀ ਦੇ ਤੌਰ ਤੇ ਦਿੱਤਾ ਹੈ । ਉਸਨੇ ਪੰਜ "ਪ੍ਰਵਾਸ" ਪੂਰੇ ਕੀਤੇ ਹਨ ਜੋ ਕਿ ਉਸਦੀ ਕਾਵਿ ਯੋਗਤਾ ਦਾ ਪ੍ਰਤੀਕ ਹਨ । ਉਹ ਬੋਲੀ ਦਾ ਉਸਤਾਦ ਸੀ ਤੇ ਉਸ ਦੀ ਖਿਆਲ ਉਡਾਰੀ ਨੇ ਪੁਰਾਣੇ ਸਮੇਂ ਦੇ ਦੂਜੇ ਮਰਾਠੀ ਲਿਖਾਰੀਆਂ ਨਾਲੋਂ ਚੰਗੇ ਪੁਰਸ਼ਾਂ ਅਤੇ ਇਸਤਰੀਆਂ ਦੇ ਜਾਨਦਾਰ ਚਿੱਤਰ ਖਿੱਚੇ ਹਨ ਉਹ ਕਿਸੇ ਮਹਾਨ ਪੰਥ ਨਾਲ ਸਬੰਧ ਨਹੀਂ ਰੱਖਦਾ ਸੀ ਅਤੇ ਇਉਂ ਜਾਪਦਾ ਹੈ ਕਿ ਆਪਣੀ ਤੌਰ ਤੇ ਹੀ ਕਵਿਤਾ ਰਚਿਆ ਕਰਦਾ ਸੀ ।

'ਮੁਕਤੇਸਵਰ' ਦੇ ਪਾਏ ਪੂਰਨਿਆਂ ਤੇ ਚਲਦੇ ਹੋਏ ਤਿੰਨ ਸਾਹਿਤਕ ਹਸਤੀਆਂ, ਤੁਕਾਰਾਮ, ਰਾਮਦਾਸ ਅਤੇ ਵਾਮਨ ਪੰਡਤ, ਸਾਹਮਣੇ ਆਈਆਂ । ਇਨ੍ਹਾਂ ਵਿਚੋਂ ਅਖੀਰਲੇ ਨੇ ਯਥਾਰਥ ਦੀਪਕ, ਲਿਖਿਆ । ਚੀਜ਼ ਤੇ ਕੁਛ ਨਾ ਕੁਛ ਲਿਖਿਆ ਹੈ । ਉਸਨੇ ਤੌਰ ਤਰੀਕਿਆਂ ਨਾਲੋਂ ਮੈਟਰ ਦਾ ਵਧੇਰੇ ਖਿਆਲ ਰਖਿਆ ਹੈ ਤੇ ਉਸਨੇ ਆਪਣੇ ਵਿਚਾਰ ਪ੍ਰਗਟ ਕਰਨ ਲਈ ਬੜੇ ਖਰਵੇ ਢੰਗ ਨਾਲ ਭਾਸ਼ਾ ਨੂੰ ਚਲਾਇਆ ਹੈ ਅਤੇ ਉਹ ਆਪਣੀ ਮਰਜ਼ੀ ਅਨੁਸਾਰ ਬਿਲਕੁਲ ਵੱਖਰੀ ਸ਼ਖ਼ਸੀਅਤ ਸੀ । ਪੰਜ ਹਜ਼ਾਰ ਦੂਜੇ ਅਭੰਗਾਂ ਤੋਂ ਵੱਧ ਉਹ ਨਾਮਦੇਵ ਦੇ ਸਕੂਲ ਨਾਲ ਸਬੰਧਤ ਸੀ । ਜਿਹੜਾ ਕਿ ਅਧਿਆਤਮਕ ਜੀਵਨ ਦੇ ਬਦਲੇ ਮਨੁੱਖੀ ਜੀਵਨ ਨੂੰ ਅੱਖੋਂ ਉਹਲੇ ਕਰਨ ਨੂੰ ਤਰਜੀਹ ਦਿੰਦਾ ਸੀ । ਉਹ ਜ਼ਾਤ ਦਾ ਬਾਣੀਆ ਸੀ ਇਸ ਲਈ ਉਸ ਨੂੰ ਅਜਿਹੀਆਂ ਵਿਦਿਅਕ ਸਹੂਲਤਾਂ ਨਹੀਂ ਮਿਲ ਸਕਦੀਆਂ ਜੋ ਕਿ ਉਸ ਦੇ ਸਾਹਿਤਕ ਪੇਸ਼ੇ ਲਈ ਲਾਭਦਾਇਕ ਸਾਬਤ ਹੋ ਸਕਦੀਆਂ, ਉਹ ਇਕ ਕਵੀ ਨਾਲੋਂ ਸੰਤ ਵਧੇਰੇ ਸੀ । ਜੋ ਕਿ ਭਗਵਤ ਗੀਤਾ ਦਾ ਇਕ ਹੋਰ ਟੀਕਾ ਹੈ । ਇਸ ਨੂੰ ਕਾਵਿਕ ਗੁਣਾਂ ਵਿਚ ਦਨੇਸ਼ਵਰਾ ਨਾਲ ਟਾਕਰਾ ਨਹੀਂ ਕੀਤਾ ਜਾ ਸਕਦਾ ਭਾਵੇਂ ਕਿ ਇਹ ਅਸਲ ਦੇ ਆਮ ਤੌਰ

ਤੇ ਨੇੜੇ ਹੈ। ਇਕ ਕਵੀ ਦੇ ਤੌਰ ਤੇ ਵਾਮਨ ਦੀ ਪ੍ਰਸਿੱਧੀ ਉਸ ਦੀਆਂ ਲੰਬੀਆਂ ਵਿਆਖਿਆ ਮਈ ਲਿਖਤਾਂ ਤੇ ਨਿਰਭਰ ਹੈ। ਇਥੇ ਉਹ ਡੂੰਘਾਈਆਂ 'ਚ ਘਟ ਜਾਂਦਾ ਹੈ ਅਤੇ ਜ਼ਿਆਦਾ ਜਜ਼ਬਾਤੀ ਹੈ। ਭਾਵੇਂ ਕਿ ਉਹ ਸੰਸਕ੍ਰਿਤ ਵਿਚੋਂ ਭਾਰੀ ਗਿਣਤੀ ਵਿਚ ਸ਼ਬਦ ਲੈ ਕੇ ਇਕ ਸੁੰਹਣਾ ਗੁਲਦਸਤਾ ਬਣਾਉਂਦਾ ਹੈ। ਰਾਮਦਾਸ ਘਟ ਪੜ੍ਹਿਆ ਲਿਖਿਆ ਸੀ ਪਰ ਉਸ ਨੇ ਬਹੁਤ ਸਫਰ ਕੀਤਾ ਅਤੇ ਜੀਵਨ ਦੇ ਦੇਸ਼ ਦੀ ਹਾਲਤ ਬਾਰੇ ਉਸ ਦੀ ਵਾਕਫ਼ੀਅਤ ਬੜੀ ਵਿਸ਼ਾਲ ਅਤੇ ਅਸਲੀ ਸੀ। ਉਸ ਦੇ ਜੀਵਨ ਦੀ ਫਿਲਾਸਫ਼ੀ ਸੁੱਲਝੀ ਹੋਈ ਅਤੇ ਅਮਲੀ ਸੀ। ਉਸ ਨੇ ਆਪਣੇ ਪੈਰੋਕਾਰਾਂ ਜੋ ਕਿ ਰਾਮਦਾਸੀਆਂ ਦੇ ਨਾਂ ਨਾਲ ਪ੍ਰਸਿੱਧ ਸਨ, ਦੀ ਅਗਵਾਈ ਲਈ ਆਪਣੇ ਦਾਸ ਬੋਧ ਵਿਚ ਆਪਣੀਆਂ ਸਿਖਿਆਵਾਂ ਭਰ ਦਿੱਤੀਆਂ। ਉਹ ਲੰਮੀਆਂ ਚੌੜੀਆਂ ਲਿਖਤਾਂ ਵਾਲਾ ਲਿਖਾਰੀ ਸੀ ਅਤੇ ਉਸ ਨੇ ਹਰ ਇਕ ਤੇ ਕੁਝ ਨਾ ਕੁਝ ਲਿਖਿਆ ਪਰ ਉਹ ਆਪਣੇ ਦਿਲ ਦੀ ਆਵਾਜ਼ ਪ੍ਰਗਟ ਕਰਨ ਦਾ ਚਾਹਵਾਨ ਸੀ। ਭਾਵੇਂ ਉਸ ਦੀ ਭਾਸ਼ਾ ਵਿਚ ਬਹੁਤੀ ਸਫ਼ਾਈ ਨਹੀਂ ਮਿਲਦੀ ਸੀ ਪਰ ਉਸ ਵਿਚ ਕਵਿਤਾ ਦੇ ਸਾਰੇ ਗੁਣ ਮੌਜੂਦ ਸਨ। ਉਸਦੇ ਵਿਚਾਰ ਪ੍ਰਗਟ ਕਰਨ ਦੇ ਸਿੱਧੇ ਤੇ ਸਾਦੇ ਤਰੀਕੇ ਨੇ ਆਮ ਲੋਕਾਂ ਵਿਚ ਉਸ ਨੂੰ ਸਭ ਤੋਂ ਵਧ ਹਰਮਨ ਪਿਆਰਾ ਬਣਾ ਦਿੱਤਾ ਸੀ ਅਤੇ ਉਸ ਨੇ ਵਰਕਾਰੀ ਵਿਚ ਦਨੇਸ਼ਵਰ ਤੋਂ ਦੂਜੇ ਦਰਜੇ ਦੀ ਪੁਜੀਸ਼ਨ ਪ੍ਰਾਪਤ ਕਰ ਲਈ ਸੀ। ਜੋ ਕਿ ਆਪਣੇ ਭਜਨ ਤੋਂ ਪਿੱਛੋਂ ਤੁਕਾਰਾਮ ਦੇ ਅਭੰਗ ਬਣਾਉਂਦੇ ਹਨ।

ਪੰਡਤ (ਵਿਦਵਾਨ) ਕਵੀਆਂ ਦੀ ਰਿਵਾਇਤ ਜਿਹੜੀ ਕਿ ਵਾਮਨ ਨਾਲ ਸ਼ੁਰੂ ਹੋਈ, ਖ਼ੂਬ ਪ੍ਰਫੁੱਲਤ ਹੋ ਰਹੀ ਸੀ। ਇਹ ਕਵੀ ਸੰਸਕ੍ਰਿਤ ਸਟਾਈਲ ਵਿਚ ਲਿਖਣ ਦੇ ਚਾਹਵਾਨ ਸਨ। ਦੱਖਣ ਵਿਚ ਮਰਾਠਾ ਸਭਿਅਤਾ ਦੇ ਕੇਂਦਰ ਜਿਸ ਦੀ ਰਾਜਧਾਨੀ ਤੇਜੌਰ ਸੀ, ਅਨੰਦਤਨਯਾ ਅਤੇ ਰਘੂਨਾਥ ਪੰਡਤ ਵਰਗੇ ਕਵੀਆਂ ਨੂੰ ਉਤਸ਼ਾਹ ਦਿੱਤਾ, ਜਿਸ ਦੀ ਕਹਾਣੀ ਦਮਯੰਤੀ ਦੀ ਸ਼ਾਦੀ ਦੀ ਹੋਰ ਕੋਈ ਮਿਸਾਲ ਨਹੀਂ ਮਿਲਦੀ। 'ਨਿਰਜਨਾ ਮਧਾਵਾ' ਅਤੇ ਸਾਮਰਾਜ ਦੇ ਹੋਰ ਪ੍ਰਸਿੱਧ ਕਵੀ ਸਨ। ਮੁਕਤੇਸ਼ਵਰ ਦੀ ਰਵਾਇਤ ਮਹਾਂਭਾਰਤ ਦੇ ਬੇ ਸਲੋਕਾਂ ਅਤੇ ਕ੍ਰਿਸ਼ਨ ਦੀ ਕਹਾਣੀ ਨਾਲ ਸ਼੍ਰੀਧਰ ਨੇ ਸਥਾਪਤ ਕੀਤੀ। ਹਾਲਾਂ ਕਿ ਉਹ ਐਨਾ ਮਹਾਨ ਕਵੀ ਨਹੀਂ ਸੀ ਪਰ ਉਸ ਨੇ ਫੇਰ ਵੀ ਭਾਰੀ ਪ੍ਰਸਿੱਧਤਾ ਪ੍ਰਾਪਤ ਕੀਤੀ। ਏਸ ਦੇ ਇਕ ਸਮਕਾਲੀ ਕਵੀ 'ਕ੍ਰਿਸ਼ਨਾਧਯਾਰਨਵਾ' ਨੇ ਭਗਵਤ ਦੇ 10 ਕਾਂਡ ਬੜੀ ਆਸਾਨੀ ਅਤੇ ਖ਼ੂਬਸੂਰਤੀ ਨਾਲ ਲਿਖੇ। ਇਥੇ ਉਸ ਨੇ ਅਤੇ ਸ਼੍ਰੀਧਰ ਦੋਹਾਂ ਨੇ ਉਵੀ ਰਿਵਾਇਤ ਵਿਚ ਲਿਖਿਆ।

ਮੋਰੋਪੰਤ ਨੇ 18ਵੀਂ ਸਦੀ ਦੀ ਕਵਿਤਾ ਉਤੇ ਪ੍ਰਭਾਵ ਪਾਇਆ ਹੈ। ਉਹ ਪੰਡਤ ਰਿਵਾਇਤ ਦਾ ਸਿਖਰ ਹੈ ਅਤੇ ਉਸ ਨੇ ਸੰਸਕ੍ਰਿਤ ਵਿਚ ਵੀ ਲਿਖਿਆ ਹੈ। ਉਸ ਦੀਆਂ ਮਰਾਠੀ ਲਿਖਤਾਂ ਵਿਚ ਮੰਤਰ ਭਗਵਤ ਆਰੀਆ ਭਾਰਤੇ ਅਤੇ ਰਮਾਇਣ ਦੇ ਵੱਖੋ ਵੱਖਰੇ ਸੈਂਕੜੇ ਸਲੋਕਾਂ ਦਾ ਸੰਗ੍ਰਹਿ ਸ਼ਾਮਲ ਹੈ। ਉਸ ਨੇ ਬਹੁਤ ਸਾਰੀਆਂ ਛੋਟੀਆਂ ਵਿਆਖਿਆਤਮਕ ਕਵਿਤਾਵਾਂ ਵੀ ਲਿਖੀਆਂ ਹਨ। ਕਵੀ ਦੇ ਤੌਰ ਤੇ ਉਸ ਦੀ ਪ੍ਰਸਿੱਧਤਾ ਵਧੇਰੇ ਕਰਕੇ ਉਸ ਦੇ ਬਿਆਨ ਦੇ ਤਰੀਕੇ ਉਤੇ ਨਿਰਭਰ ਕਰਦੀ ਹੈ ਜਿਸ ਦੇ ਨਿਯਮ ਉਸ ਨੇ ਵਧੇਰੇ ਕਰਕੇ ਆਪ

ਹੀ ਤਿਆਰ ਕੀਤੇ ਸਨ। ਉਸ ਦੀ ਇਕੋ ਇਕ ਗੀਤਾਤਮਕ (ਪਰ ਲੰਬੀ ਕਵਿਤਾ) ਕਾਕਾਵਲੀ ਹੈ। ਮੋਰੋਪੰਤ ਆਰੀਆ ਮੀਟਰ ਦੇ ਉਸਤਾਦ ਦੇ ਤੌਰ ਤੇ ਆਰੀਆ ਪਤੀ ਦੇ ਨਾਂ ਨਾਲ ਪ੍ਰਸਿੱਧ ਹੈ। ਉਸ ਨੇ ਇਸ ਮੀਟਰ ਨੂੰ ਮਰਾਠੀ ਵਿਚ ਬੜਾ ਮਕਬੂਲ ਬਣਾ ਦਿੱਤਾ ਸੀ। ਇਸ ਤੋਂ ਪਿੱਛੋਂ ਬਹੁਤ ਸਾਰੇ ਉਸ ਦੇ ਪਿੱਛੇ ਚਲੇ ਹਨ।

ਸੈਂਕੜੇ ਗੀਤਾਤਮਕ ਤੇ ਪਿਆਰ ਭਰੇ ਗੀਤਾਂ ਦੇ ਲਿਖਾਰੀ ਮਾਧਵ ਮੁਨੀਸ਼ਵਰ ਨੇ ਇਕ ਰਿਵਾਇਤ ਕਾਇਮ ਕੀਤੀ ਹੈ। ਉਸ ਦੇ ਸ਼ਾਗਿਰਦ ਅਮਰਤ ਆਰਯ ਨੇ ਵਿਚਾਰ ਪ੍ਰਗਟ ਕਰਨ ਦਾ ਆਪਣਾ ਹੀ ਇਕ ਨਵਾਂ ਢੰਗ ਲੱਭਿਆ ਹੈ। ਜੋ ਕਿ ਕਾਤਵ ਹੈ। ਇਹ ਇਕ ਚਾਲੂ ਸੰਗੀਤ ਭਰੇ ਸਟਾਈਲ ਵਿਚ ਲਿਖਿਆ ਗਿਆ ਅਤੇ ਸ਼ਬਦ ਚਿੱਤਰਾ ਨਾਲ ਭਰਪੂਰ ਹੈ। ਸੰਤਾਂ ਅਤੇ ਕਵੀਆਂ ਦੇ ਜੀਵਨ ਦਾ ਲਿਖਾਰੀ ਮਾਹੀਪਤੀ ਇਕ ਸਾਦਾ ਬੰਦਾ ਸੀ ਅਤੇ ਉਹ ਜੋ ਕੁਝ ਵੇਖਦਾ ਅਤੇ ਸੁਣਦਾ ਸੀ ਉਸ ਉਤੇ ਵਿਸ਼ਵਾਸ ਰੱਖਦਾ ਸੀ। ਉਸ ਨੇ ਅਜਿਹੀਆਂ ਚਾਰ ਕਿਤਾਬਾਂ ਲਿਖੀਆਂ ਜਿਨ੍ਹਾਂ ਨੇ ਪੁਰਾਣੀ ਮਰਾਠੀ ਦੇ ਵਿਅਕਤੀਗਤ ਸਾਹਿਤ ਵਿਚ ਇਕ ਭਾਰੀ ਹਿੱਸਾ ਪਾਇਆ ਹੈ।

ਸਤਾਰ੍ਹਵੀਂ ਅਤੇ ਅਠਾਰ੍ਹਵੀਂ ਸਦੀ ਦੇ ਸਵਰਾਜ ਦੇ ਸ਼ਾਨਦਾਰ ਦਿਨਾਂ ਨੇ ਵੈਲਡ (ਇਕ ਗੀਤ) ਦੀ ਪ੍ਰਫੁੱਲਤਾ ਨੂੰ ਵੇਖਿਆ ਹੈ। ਇਸ ਦਾ ਵਿਸ਼ਾ (ਪਵਾਦਾ) ਇਕ ਇਤਿਹਾਸਕ ਮਹੱਤਤਾ ਰੱਖਣ ਵਾਲੇ ਆਦਮੀ ਦੀ ਬਹਾਦਰੀ ਦਾ ਕਾਰਨਾਮਾ ਹੈ। ਅਕਸਰ ਇਹ ਕਵੀ ਦਾ ਸਮਕਾਲੀ ਸੀ ਜੋ ਕਿ ਕਿਸੇ ਅਕੈਡਮਿਕ ਸਾਮਾਨ ਤੋਂ ਬਿਨਾਂ ਆਮ ਤੌਰ ਤੇ ਆਮ ਲੋਕਾਂ ਦਾ ਪ੍ਰਤੀਨਿੱਧ ਸੀ। ਲੰਬੀ ਬਿਆਨੀਆਂ ਕਵਿਤਾ ਜੋ ਕਿ ਭਾਗ ਵਿਚ ਵੰਡੀ ਹੋਈ ਹੈ, ਇਕ ਨਵੇਂ ਮੀਟਰ ਵਿਚ ਰਚੀ ਗਈ। ਲਾਜ਼ਮੀਂ ਤੌਰ ਤੇ ਇਸ ਦੀ ਬੋਲੀ ਲੋਕਾਂ ਦੀ ਬੋਲੀ ਹੈ ਅਤੇ ਇਹ ਸੰਸਕ੍ਰਿਤ ਦੇ ਪ੍ਰਭਾਵ ਤੋਂ ਨਿਰਲੇਪ ਹੈ। ਏਸ ਦੇ ਬਹੁਤ ਸਾਰੇ ਹਿੱਸੇ Poetic Feruor ਨਾਲ ਭਰੇ ਹੋਏ ਹਨ। ਕਦੇ ਕਦੇ ਵੈਲਡ (ਪਿਆਦਾ) ਉਦਾਸ ਵਿਸ਼ਿਆਂ ਨੂੰ ਦਰਸਾਉਂਦੇ ਹਨ ਜਿਵੇਂ ਕਿ ਪਾਨੀਪਤ ਦੀ ਲੜਾਈ ਜਿਸ ਵਿਚ ਮਰਾਠੀਆਂ ਨੂੰ ਬਹੁਤ ਬੁਰੀ ਤਰ੍ਹਾਂ ਹਾਰ ਹੋਈ ਸੀ।

ਵੈਲਡ ਦੀ ਸਾਥਿਨ ਨਵਾਨੀ ਜਾਂ ਪਿਆਰ-ਕਵਿਤਾ ਹੈ। ਇਹ ਸਮਾਜਵਾਦ ਅਤੇ ਮਨੁੱਖਤਾ ਦੇ ਖੇਤਰ ਵਿਚ ਅਧਿਆਤਮਕ ਪ੍ਰੇਮੀਆਂ ਰਾਧਾ ਤੇ ਕ੍ਰਿਸ਼ਨ ਦੇ ਪਿਆਰ ਤੋਂ ਵੱਖਰੀ ਹੈ। ਏਥੇ ਫੇਰ ਅਕੈਡਮਿਕ ਪ੍ਰਭਾਵ ਘਟ ਜਾਂਦਾ ਹੈ ਅਤੇ ਵਧੇਰੇ ਕਵੀ ਦੀ ਅੰਦਰਲੀ ਸੂਝਬੂਝ ਤੇ ਹੀ ਨਿਰਭਰ ਹੈ। ਮੋਤਰਾ ਮੀਟਰ ਵਿਚ ਅਕਸਰ ਕੁਝ ਪ੍ਰਭਾਵਾਂ ਨਾਲ ਰਵਾਨੀ ਇਕ ਛੋਟਾ ਗੀਤ ਹੈ।

1800 ਤੋਂ 1874 ਤਕ ਸੰਸਕ੍ਰਿਤ ਤੋਂ ਅਤੇ ਫੇਰ ਅੰਗ੍ਰੇਜ਼ੀ ਤੋਂ ਬਹੁਤ ਸਾਰੇ ਅਨੁਵਾਦ ਕੀਤੇ ਗਏ। ਵਾਰਤਕ ਅਮਲ ਵਿਚ ਆਈ ਅਤੇ ਖ਼ਾਸ ਕਰਕੇ ਸਿਖਿਆਤਮਕ ਲੇਖ ਲਿਖੇ ਗਏ। ਪਿੱਛੋਂ ਲੋਕ ਹਿੱਤ-ਵਾਦੀ ਦੇ ਹੱਥਾਂ ਵਿਚ ਅਜਿਹੇ ਲੇਖ ਆਏ ਜਿਨ੍ਹਾਂ ਦਾ ਮਨੋਰਥ ਸਮਾਜ ਸੁਧਾਰ ਸੀ। ਵਿਦੇਸ਼ੀ ਸਰਕਾਰ ਦੀ ਛਤਰ ਛਾਇਆ ਹੇਠ ਭਾਰੀ ਸਾਹਿਤਕ ਸਰਗਰਮੀਆਂ ਜਾਰੀ ਰਹੀਆਂ ਹਨ। ਏਸ ਸਮੇਂ ਡਿਕਸ਼ਨਰੀਆਂ ਤਿਆਰ ਕੀਤੀਆਂ ਗਈਆਂ।

ਤੁਕਾਰਾਮ ਦੇ ਅਭੰਗਾਂ ਦੇ ਸੰਗ੍ਰਹਿ ਨੂੰ ਸੰਪਾਦਤ ਕੀਤਾ ਗਿਆ ਅਤੇ ਵਿਗਿਆਨ ਉਤੇ ਕਿਤਾਬਾਂ ਲਿਖੀਆਂ। ਤਾਤੀਆਂ ਗੋਡਬੋਲੇ, ਕ੍ਰਿਸ਼ਨਾਂ ਸ਼ਾਸਤਰੀ ਰਾਜਾਵਾੜੇ ਤੇ ਪਰਾਖੇ ਵਰਗੇ ਪੰਡਤਾਂ ਨੇ ਸੰਸਕ੍ਰਿਤ ਦੇ ਵਧੇਰੇ ਪ੍ਰਸਿੱਧ ਡਰਾਮੇਂ ਮਰਾਠੀ ਵਿਚ ਲਿਆਂਦੇ ਇਨ੍ਹਾਂ ਵਿਚੋਂ ਇਕ ਮਹਾਂਦੇਵ ਸ਼ਾਸਤਰੀ ਕੋਲਾਤਕਰ ਹਨ ਜਿਨ੍ਹਾਂ ਨੇ ਕਿ ਸੇਕਸ਼ਪੀਅਰ ਦੇ ਓਥੈਲੋ ਨੂੰ ਮਰਾਠੀ ਰੂਪ ਦਿੱਤਾ। ਸੰਨ 1843 ਨੇ ਪਹਿਲੀ ਵੇਰ ਮਹਾਂਰਾਸ਼ਟਰ ਦੀ ਸਟੇਜ ਉਤੇ ਮਿਥਿਹਾਸਕ ਡਰਾਮੇ ਵੇਖੇ। ਬਰਾਹਮਣਾਂ ਵਿਚਕਾਰ ਲੋਕ ਹਿਤਵਾਦੀ ਨੇ ਸੋਚਵਾਨਾ ਦਾ ਸਕੂਲ ਚਲਾਇਆ ਅਤੇ ਮਰਾਠਿਆਂ ਵਿਚ ਫਿਊਲੇ ਨੇ ਇਹ ਪ੍ਰਚਾਰ ਕੀਤਾ ਕਿ ਪੁਰਾਣੀ ਸਭਿਅਤਾ ਦਾ ਬਹੁਤਾ ਹਿੱਸਾ ਨਿਕੰਮਾਂ ਹੈ ਅਤੇ ਜੀਵਨ ਬਾਰੇ ਨਵਾਂ ਦ੍ਰਿਸ਼ਟੀਕੋਣ ਅਪਨਾਇਆ ਜਾਣਾ ਚਾਹੀਦਾ ਹੈ। ਲੋਕ-ਹਿਤਵਾਦੀ ਦਾ "ਸ਼ਤਾਪਾਤਰ" (ਗੁਪਾਲ ਹਰੀ ਦੇਸ਼ਮੁਖ ਉਪਨਾਮ) ਵੀ ਇਸੇ ਦ੍ਰਿਸ਼ਟੀਕੋਣ ਦੀ ਹਿਮਾਇਤ ਕਰਦਾ ਹੈ। ਈਸਾਈ ਮਿਸ਼ਨਰੀ ਇਕ ਤੱਕੜਾ ਉਥਲ-ਪਥਲ ਕਰਨ ਵਾਲਾ ਸਿਲਸਿਲਾ ਹੈ। ਬਾਬਾ ਪਦਮਨ ਜੀ ਜੋ ਕਿ ਈਸਾਈ ਬਣ ਗਏ ਸਨ, ਨੇ ਇਸ ਦੀ ਹਿਮਾਇਤ ਵਿਚ ਲਿਖਿਆ ਹੈ। ਵਿਸ਼ਨ ਬ੍ਰਹਮਚਾਰੀ ਵਰਗੇ ਦੂਜੇ ਲਿਖਾਰੀਆਂ ਨੇ ਆਪਣੇ ਵਿਸ਼ਵਾਸ਼ ਦੀ ਹਿਮਾਇਤ ਕਰਦੇ ਹੋਏ ਈਸਾਈ ਮਤ ਤੇ ਹਮਲੇ ਕੀਤੇ। ਸਮੁਚੇ ਤੌਰ ਤੇ ਸਾਰਾ ਸਮਾਂ ਲਾਹੇਵੰਦਾ ਰਿਹਾ ਪਰ ਇਸ ਦੌਰਾਨ ਗੜਬੜ ਵੀ ਜਾਰੀ ਰਹੀ।

ਬੰਬਈ ਵਿਚ ਯੂਨੀਵਰਸਿਟੀ ਦੀ ਸਥਾਪਨਾ ਇਕ ਹੋਰ ਭਾਗ ਸੀ ਜਿਸਨੇ ਵਿਦਿਅਕ ਅਤੇ ਸਾਹਿਤਕ ਸਰਗਰਮੀਆਂ ਨੂੰ ਉਤਸ਼ਾਹ ਦਿੱਤਾ। ਅਜ਼ਾਦ ਭਾਰਤ ਦੇ ਪੈਗੰਬਰ ਰਾਨਾਡੇ ਪਹਿਲੇ ਮਹਾਨ ਓਰੇਂਟੀਅਲ ਵਿਦਵਾਨ ਭੰਡਾਰਕਰ ਅਤੇ ਐਮ. ਐਨ. ਕੁੰਤੇ ਇਸ ਯੂਨੀ-ਵਰਸਿਟੀ ਦੀ ਪਹਿਲੀ ਦੇਣ ਹਨ, ਜਿਨ੍ਹਾਂ ਨੇ ਆਪਣੇ ਪਹਿਲੇ ਅਤੇ ਆਖ਼ਰੀ ਕਿਸਮ ਦੇ ਤੌਰ ਤੇ ਪੱਛਮੀ ਤਰੀਕੇ ਨੂੰ ਮਰਾਠੀ ਵਿਚ ਪ੍ਰਚੱਲਤ ਕਰਨ ਦਾ ਯਤਨ ਕੀਤਾ।

'ਨਿਬੀਧਸਾਤ' ਇਕ ਯੁੱਗ ਦੇ ਅਰੰਭ ਨੂੰ ਦਰਸਾਉਂਦਾ ਹੈ ਜਿਸ ਵਿਚ ਮਨੁੱਖ ਪੱਛਮੀ ਤੌਰ ਤਰੀਕਿਆਂ ਤੋਂ ਪ੍ਰਭਾਵਤ ਹੋ ਕੇ ਅਜ਼ਾਦੀ ਨਾਲ ਸੋਚਣ ਲੱਗ ਪਏ। ਇਸ ਲੜੀ (ਇਕ ਮਾਸਕ ਜੋ ਕਿ ਸੱਤ ਸਾਲ ਤਕ ਚਲਦਾ ਰਿਹਾ) ਦੇ ਲਿਖਾਰੀ ਵਿਸ਼ਨੂੰ ਸ਼ਾਸਤਰੀ ਚਿਪਲੂਨਕਰ (1850—82) ਸਨ ਉਹ ਆਧੁਨਿਕ ਮਰਾਠੀ ਵਾਰਤਕ ਦੇ ਪਿਤਾ ਸਨ। ਉਨ੍ਹਾਂ ਨੇ ਲਿਖਣ ਦੀ ਕਲਾ ਵਿਚ ਆਪਣੇ ਪਿਤਾ ਤੋਂ ਉਤਸ਼ਾਹ ਲਿਆ ਜੋ ਕਿ ਆਪ ਵੀ ਇਕ ਪ੍ਰਸਿੱਧ ਲਿਖਾਰੀ ਸਨ। ਵਿਸ਼ਨੂੰ ਸ਼ਾਸਤਰੀ ਨੇ ਐਡੀਸ਼ਨ ਅਤੇ ਮੈਕਾਲੇ ਤੋਂ ਪ੍ਰੇਰਨਾ ਲਈ। ਉਸ ਦੇ ਹੱਥਾਂ ਵਿਚਲੇ ਲੇਖ ਇਕ ਸ਼ਕਤੀਸ਼ਾਲੀ ਹੱਥਿਆਰ ਬਣ ਗਏ। ਉਸ ਨੇ ਹੁੰਨਰ ਵਾਲੇ ਵਿਅੰਗ ਅਤੇ ਅਸਰਦਾਇਕ ਵਿਦਵਤਾ ਨਾਲ ਮਰਾਠੀ ਵਾਰਤਕ ਨੂੰ ਇਕ ਨਵੀਂ ਕੋਮਲਤਾ ਅਤੇ ਸ਼ਕਤੀ ਪ੍ਰਦਾਨ ਕੀਤੀ। ਉਸ ਨੇ ਮਰਾਠਾ ਲੋਕਾਂ ਵਿਚ ਸਵੈ-ਸਨਮਾਨ ਦੀ ਸੂਝਬੂਝ ਪੈਦਾ ਕਰਨ ਲਈ ਆਪਣੀ ਕਲਮ ਦੀ ਵਰਤੋਂ ਕੀਤੀ। ਤਿਲਕ ਅਤੇ ਅਗਰਕਰ ਵਿਚ ਸਮਾਜਕ ਤੇ ਰਾਜਨੀਤਕ ਲੇਖਕ ਦੇ ਦੋ ਹੋਰ ਮੁੱਖ ਪਾਤਰ ਹਨ ਜੋ ਕਿ ਚਿਪਲੂਨਕਰ ਨਾਲ ਉਸ ਦੀਆਂ ਵਿਦਿਅਕ ਤੇ ਪੱਤਰਕਾਰੀ ਸਬੰਧੀ ਸਰਗਰਮੀਆਂ ਨਾਲ ਸਬੰਧਤ ਹਨ ਭਾਵੇਂ ਕਿ ਆਪਣੇ ਆਪ ਨੂੰ ਦੋ ਵਿਰੋਧੀ ਕੈਂਪਾਂ ਵਿਚ ਵੰਡਦੇ ਹਨ। ਅਗਰਕਰ ਨੇ ਮੇਹਨਤ ਕਰਦੇ ਹੋਏ ਅਤੇ ਭਾਵਨਾ ਭਰੇ

ਢੰਗ ਨਾਲ ਆਪਣਾ ਜੀਵਨ ਬਹਾਦਰੀ ਨਾਲ ਸਮਾਜ ਸੁਧਾਰ ਲਈ ਲੜਦਿਆਂ ਬਿਤਾਇਆ। ਅਸ਼ਾਂਤ ਭਾਰਤ ਦਾ ਪਿਤਾ ਤਿਲਕ ਏਸ ਮੈਦਾਨ ਵਿਚ ਉਸ ਦਾ ਵਿਰੋਧੀ ਸੀ ਪਰ ਸਾਹਿਤ ਵਿਚ ਉਸ ਦੀ ਉਸ ਸਮੇਂ ਦੀ ਕਿਤਾਬ 'ਗੀਤਾ ਰਹੱਸ' ਵਾਸਤੇ ਵਧੇਰੇ ਇਜ਼ਤ ਕੀਤੀ ਜਾਵੇਗੀ ਇਸ ਵਿਚ ਉਸ ਨੇ ਸਦੀਆਂ ਪੁਰਾਣੀ ਕਿਤਾਬ ਭਗਵਤ ਗੀਤਾ ਦੀ ਨਵੀਂ ਵਿਆਖਿਆ ਦਿੱਤੀ ਹੈ। ਜਿਸ ਨੇ ਬੀਤੇ ਸਮੇਂ ਵਿਚ ਬਹੁਤ ਸਾਰੇ ਮਹਾਨ ਮਰਾਠੀ ਲਿਖਾਰੀਆਂ ਨੂੰ ਉਤਸ਼ਾਹ ਦਿੱਤਾ ਹੈ।

ਅਗਲੀ ਪੀੜ੍ਹੀ (1890—1990) ਨੇ ਦੋ ਪ੍ਰਸਿੱਧ ਨਿਬੰਧਕਾਰ ਐਨ. ਸੀ. ਕੇਲਕਰ ਅਤੇ ਐਸ. ਐਨ. ਪਰੰਜਾਪੇ ਦੀ ਚੜ੍ਹਦੀ ਕਲਾ ਵੇਖੀ ਇਹ ਦੋਵੇਂ ਮਰਾਠੀ ਦੇ ਪ੍ਰਸਿੱਧ ਹੱਫ਼ਤਾਵਾਰ ਅਖ਼ਬਾਰਾਂ ਦੇ ਐਡੀਟਰ ਸਨ। ਇਨ੍ਹਾ ਵਿਚੋਂ ਪਹਿਲਾ ਹੁਣ ਆਪਣੀ 70 ਸਾਲ ਦੀ ਅਵੱਸਥਾ ਵਿਚ ਹੈ ਅਤੇ ਉਹ ਮਰਾਠੀ ਲਿਖਾਰੀਆਂ ਦੇ ਸ਼ਹਿਜ਼ਾਦੇ ਦੇ ਨਾ ਨਾਲ ਪ੍ਰਸਿੱਧ ਹੈ। ਉਹ ਅਜੇ ਤਕ ਵੀ ਸਾਹਿਤ ਦੇ ਹਰ ਤਰ੍ਹਾਂ ਦੇ ਰੂਪ ਲਿਖਣ ਵਿਚ ਰੁਝਿਆ ਹੋਇਆ ਹੈ। ਏਸੇ ਵਿਚੋਂ ਨਿੱਜੀ ਲੇਖ ਵੱਖਰੇ ਨਹੀਂ ਹਨ ਜਿਨ੍ਹਾਂ ਨੇ ਕਿ ਹੁਣ ਇਕ ਕਿਸਮ ਨੂੰ ਹਟਾ ਕੇ ਉਸ ਦੀ ਥਾਂ ਲੈ ਲਈ ਹੈ।

1874 ਤੋਂ 1920 ਤਕ ਦੇ ਸਮੇਂ ਵਿਚ ਮਹਾਨ ਤਬਦੀਲੀਆਂ ਆਈਆਂ ਹਨ। ਖ਼ਾਸ ਕਰਕੇ ਡਰਾਮੇ ਨੇ ਵਰਨਣ ਯੋਗ ਵਿਕਾਸ ਕੀਤਾ ਹੈ। 1880 ਵਿਚ ਕਿਰਲੋਸਕਰ ਨੇ ਸਦਾ ਮਕਬੂਲ ਰਹਿਣ ਵਾਲਾ ਸੁਭੱਦਰਾ ਅਤੇ ਮਰਾਠੀ ਸਕੁੰਤਲਾ ਲਿਖਿਆ ਅਤੇ ਦੇਵਲ ਨੇ ਸੰਸਕ੍ਰਿਤ ਮਰੀਛਾਕਾਗੀਕਾ ਦਾ ਉੱਲਥਾ ਕੀਤਾ ਅਤੇ ਬਾਨਾ ਦਾ ਵਾਰਤਕ ਵਿਚ ਲਿਖਿਆ ਕਾਦੰਬਰੀ ਸਟੇਜ ਤੇ ਖੇਡਿਆ ਜਾਣ ਵਾਲਾ ਇਕ ਪ੍ਰਸਿੱਧ ਡਰਾਮਾ ਹੈ। ਅਗਲੇ 10 ਸਾਲਾਂ ਨੇ ਖ਼ਾਸ ਕਰਕੇ ਕਈ ਇਤਹਾਸਕ ਡਰਾਮਿਆਂ ਦੇ ਲਿਖਾਰੀਆਂ ਖਾਡਿਲਕਰ ਦੀਆਂ ਸਰਗਰਮੀਆਂ ਰਾਹੀਂ ਮਰਾਠੀ ਸਟੇਜ ਤੇ ਸੈਕਸ਼ਪੀਅਰ ਟੈਕਨੀਕ ਦਾ ਅਪਣਾਇਆ ਜਾਣਾ ਵੇਖਿਆ। ਉਸ ਨੇ ਪੁਰਾਣੀਆਂ ਕਥਾਵਾਂ ਮੌਜੂਦਾ ਰਾਜਨੀਤਕ ਪ੍ਰਚਾਰ ਵਿਚ ਇਸਤੇਮਾਲ ਕਰਦੇ ਹੋਏ ਮਿਥਿਆਸਕ ਡਰਾਮਾ ਵੀ ਲਿਖਿਆ ਹੈ। ਜਿਵੇਂ ਕਿ 'ਕਿਚਕਾਵਧ' ਜਿਹੜਾ ਕਿ ਕਈ ਸਾਲਾਂ ਤਕ ਪ੍ਰਵਾਨਤ ਰਿਹਾ। ਐਸ. ਕੇ. ਕੋਲਾਤਕਰ ਵੀ ਸਮਾਜ ਸੁਧਾਰ ਦੇ ਡਰਾਮਿਆਂ ਵਿਚ ਸੈਕਸ਼ਪੀਅਰ ਢੰਗ ਦੀ ਵਰਤੋਂ ਕਰਦਾ ਹੈ। ਗਡਕਰੀ (F. L. C. A. 1917) ਇਕ ਬਹੁਤ ਪ੍ਰਸਿੱਧ ਡਰਾਮਾ ਲੇਖਕ ਸੀ। ਜਿਸ ਨੇ ਤੁਕਾਰਾਮ ਵਰਗੇ ਸੰਤਾਂ ਦੇ ਜੀਵਨ ਸਫਲਤਾ ਪੂਰਵਕ ਪੇਸ਼ ਕੀਤੇ ਹਨ। ਸਮੇਂ ਦੇ ਸਾਹਿਤਕ ਰੂਪਾਂ ਵਿਚ ਡਰਾਮਾਂ ਸਭ ਤੋਂ ਵੱਧ ਸਰਗਰਮ ਤੇ ਸਭ ਨਾਲੋਂ ਵੱਧ ਮਕਬੂਲ ਸੀ।

ਪੁਰਾਣੇ ਰੋਮਾਂਟਿਕ ਰੂਪ ਵਿਚੋਂ ਹਰੀ ਨਰਾਇਣ ਆਪਟੇ ਦੀਆਂ ਦਰਜਨਾਂ ਕਿਤਾਬਾਂ ਵਿਚੋਂ ਯਥਾਰਥਵਾਦੀ ਤੌਰ ਤੇ ਉਠਿਆ। ਉਸ ਦੀਆਂ ਲਿਖਤਾਂ ਦਾ ਮਨੋਰਥ ਸਮਾਜ ਸੁਧਾਰ ਵੀ ਸੀ। ਮਨੁੱਖੀ ਸੁਭਾ ਅਤੇ ਮੱਧ ਸ਼੍ਰੇਣੀ ਦੀਆਂ ਸਮਾਜਿਕ ਹਾਲਤਾਂ ਬਾਰੇ ਭਰਪੂਰ ਜਾਣਕਾਰੀ ਦਾ ਵਿਖਾਵਾ ਕਰਦਾ ਹੈ ਅਤੇ ਆਪਣੇ ਸਮਾਜ ਤੋਂ ਪ੍ਰਭਾਵਤ ਕਰਨ ਵਾਲੇ ਵਿਚਾਰਾਂ ਨੂੰ ਵੀ. ਐਮ. ਜੋਸ਼ੀ ਰਾਹੀਂ ਪ੍ਰਗਟ ਕਰਦਾ ਹੈ। ਉਸ ਦੀ ਕਹਾਣੀ ਵਿਚ ਬਹੁਤ ਸਾਰੇ ਦਾਰਸ਼ਨਿਕ

ਵਿਚਾਰ ਮਿਲਦੇ ਹਨ ਅਤੇ ਬੜੇ ਜੋਸ਼ ਨਾਲ ਪ੍ਰਾਪਤ ਕੀਤੇ ਹਨ। ਇਤਿਹਾਸਕ ਨਾਵਲ ਵੀ ਹਰਮਨ ਪਿਆਰੇ ਸਨ। ਭਾਵੇਂ ਕਿ ਇਹ ਆਪਣੇ ਨਾਲੋਂ ਬਹੁਤ ਸਾਰੇ ਛੋਟੇ ਕਲਾਕਾਰਾਂ ਨਾਲ ਜ਼ਲੀਲ ਹੋ ਕੇ ਅਸਲੀਅਤ ਅਤੇ ਬਨਾਵਟ ਦੀ ਖਿਚੜੀ ਬਣਾਉਂਦਾ ਰਿਹਾ ਹੈ।

ਕਵਿਤਾ ਨੇ ਪੱਛਮੀ ਢੰਗ ਅਪਨਾਇਆ ਅਤੇ ਉਹ ਲੱਗ-ਭੱਗ ਪੂਰੇ ਤੌਰ ਤੇ ਗੀਤਾਤਮਕ ਅਤੇ ਸਮਾਜਵਾਦੀ ਬਣ ਗਈ। ਏਸ ਨੇ ਮਜ਼ਹਬ ਦੀ ਪੰਜਾਲੀ ਨੂੰ, ਪੂਰੀ ਤਰ੍ਹਾਂ ਲਾਹ ਕੇ ਸੁੱਟ ਦਿੱਤਾ ਅਤੇ ਸੱਚੇ ਸ਼ਬਦਾਂ ਵਿਚ ਸਬਜੈਕਟਿਵ ਬਣ ਗਈ ਅਤੇ ਇਸ ਦੀ ਮੀਟਰੀਕਲ ਰੂਪ ਸੰਸਕ੍ਰਿਤ ਗਣ ਮੀਟਰ ਤੋਂ ਬਦਲ ਕੇ ਮਰਾਠੀ ਮਾਤਰਾ ਮੀਟਰ ਬਣ ਗਿਆ। ਖ਼ਾਸ ਕਰਕੇ ਕੇਸ਼ਵਸੁਤ ਨੇ ਇਸ ਤਬਦੀਲੀ ਦੀ ਅਗਵਾਈ ਕੀਤੀ ਉਸ ਦੇ ਪੈਰੋਕਾਰਾਂ ਦੇ ਝੁੰਡ ਵਿਚ ਗੋਬਿੰਦਾਗ੍ਰਜ (ਡਰਾਮਾ ਲੇਖਕ ਗਡਕਰੀ ਦਾ ਉਪਨਾਮ) ਤਿਲਕ ਵਿਨਾਇਕ ਅਤੇ ਮਾਧਵਾਨੁਜ ਸ਼ਾਮਲ ਹਨ।

ਐਸ. ਕੇ. ਕੋਲਾਤਕਰ ਨੇ ਮਰਾਠੀ ਵਿਚ ਹਾਸਰਸ ਦੀ ਇਕ ਅਜ਼ਾਦ ਰਿਵਾਇਤ ਚਾਲੂ ਕੀਤੀ। ਉਸ ਦੇ ਸ਼ਾਗਿਰਦ ਗਾਡਕਰੀ ਨੇ ਉਸ ਦੀ ਪੂਰੀ ਤਰ੍ਹਾਂ ਹਿਮਾਇਤ ਕੀਤੀ ਭਾਵੇਂ ਕਿ ਆਮ ਤੌਰ ਤੇ ਉਸ ਦਾ ਨਿਸ਼ਾਨਾ ਵਿਅੰਗ ਵੱਲ ਸੀ ਫਿਰ ਵੀ ਇਸ ਨੇ ਆਪਣਾ ਬੁੱਧੀਵਾਦੀ ਚਰਿੱਤਰ ਨਹੀਂ ਗੁਆਇਆ। ਹਾਸਰਸੀਆਂ ਵਿਚੋਂ ਕੈਪਟਨ ਲਿਮਯੇ, ਪੀ. ਕੇ. ਅਤਰੇ ਅਤੇ ਸੀ. ਵੀ. ਜੋਸ਼ੀ ਵਰਨਣ ਯੋਗ ਹਨ। ਕੋਲਾਤਕਰ ਆਧੁਨਿਕ ਸਾਹਿਤ ਵਿਚ ਇਕ ਆਲੋਚਕ ਦੇ ਤੌਰ ਤੇ ਵੀ ਪ੍ਰਸਿੱਧ ਹੈ।

ਜੰਗ ਤੋਂ ਪਹਿਲਾਂ ਦੇ ਸਮੇਂ ਦੀ ਕਵਿਤਾ 'ਰਵੀਕਿਰਣ ਮੰਡਲ' ਦੀਆਂ ਸਰਗਰਮੀਆਂ ਤੋਂ ਪ੍ਰਭਾਵਤ ਰਹੀ ਹੈ। ਕਾਵਿ ਦੇ ਵੱਖ ਵੱਖ ਰੂਪਾਂ ਦਾ ਵਿਕਾਸ ਹੋਇਆ ਇਕ ਡਰਾਮਾਟਿਕ ਗੀਤ ਜਿਸ ਵਿਚ ਕਿ ਗੁਆਲੀਅਰ ਦੇ ਮੰਦਰ ਦੀ ਬੜੇ ਸੁੱਹਣੇ ਢੰਗ ਨਾਲ ਵਿਆਖਿਆ ਕੀਤੀ ਗਈ ਹੈ। ਪੈਰੋਡੀ ਦਸ ਜਾਂ ਇਸ ਤੋਂ ਵੱਧ ਸਮੇਂ ਤਕ ਹਰਮਨ ਪਿਆਰੀ ਅਤੇ ਪੀ ਕੇ ਅਤਰੇ ਇਸ ਦੇ ਪਹਿਲੇ ਅਤੇ ਸੱਚੇ ਕਲਾਕਾਰ ਸਨ। ਮਾਧਵ ਜੂਲੀਅਨ ਜਿਹੜਾ ਕਿ ਕਵੀ ਕਿਰਨ ਮੰਡਲ ਦਾ ਦਿਮਾਗ ਸੀ, ਦਾ ਸੁਧਾਰਕ ਕਾਵਿ ਵਿਅੰਗ ਅਤੇ ਪੇਂਡੂ ਕਵਿਤਾ ਦੀ ਸਜਾਵਟ ਦਾ ਵਧੀਆ ਨਮੂਨਾ ਹੈ। ਇਹ ਪੇਂਡੂ ਭਾਸ਼ਾ ਵਿਚ ਲਿਖਿਆ ਗਿਆ ਸੀ ਅਤੇ ਵਿਕਾਸ ਕਰਦਾ ਹੋਇਆ 'ਸ਼ਿਸ਼ੂ ਗੀਤ' (ਬੱਚਿਆਂ ਦੀ ਕਵਿਤਾ) ਵੀ ਬਣ ਗਿਆ ਹੈ। ਰਵੀ ਮੰਡਲ ਦਾ ਇਕ ਹੋਰ ਮੈਂਬਰ ਗ੍ਰੀਸਾ ਲੰਮੀਂ ਵਿਆਖਿਆਤਮਕ ਕਵਿਤਾ ਦਾ ਸਭ ਤੋਂ ਵੱਧੀਆ ਪ੍ਰਤੀਨਿੱਧੀ ਸੀ। ਸਭ ਤੋਂ ਪਹਿਲਾਂ ਕੇਸਵਸੁਤ ਨੇ ਸਾਨੇਟ ਲਿਆਂਦੀ ਜਿਸ ਨੇ ਕਿ ਹੁਣ ਇਕ ਪਾਇਦਾਰ ਰੂਪ ਧਾਰਨ ਕਰ ਲਿਆ ਹੈ। ਮਹਾਂਰਾਸ਼ਟਰ ਦੇ ਪੂਰਬੀ ਜ਼ਿਲਿਆਂ ਵਿਚ ਬਰਾਰ ਦੇ ਕਵੀਆਂ ਨੇ ਜੋਰੀਆ ਕਿਸਮ ਦੀ ਕਵਿਤਾ ਰਚੀ। ਏਥੇ ਖੁਲ੍ਹੀ ਕਵਿਤਾ ਦੇ ਵੀ ਹਿਮਾਇਤੀ ਮਿਲਦੇ ਹਨ ਅਤੇ ਇਸਨੇ ਏਥੇ ਆਪਣੀ ਮਜ਼ਬੂਤ ਥਾਂ ਬਣਾ ਰਹੀ ਹੈ।

ਸਿਨੇਮਿਆਂ ਦੇ ਪ੍ਰਚੱਲਤ ਹੋਣ ਅਤੇ ਮਹਾਨ ਨਾਟਕ ਲੇਖਕਾਂ ਦੀ ਥੁੜ ਕਰਕੇ ਡਰਾਮੇ ਨੂੰ ਧੱਕਾ ਵੱਜਾ। ਭਾਵੇਂ ਪੀ ਕੇ ਅਤਰੇ ਦੇ ਆਧੁਨਿਕ ਨਾਟਕ ਡਰਾਮੇ ਦੀਆਂ ਰਿਵਾਇਤਾਂ ਨੂੰ ਕਾਇਮ

ਰੱਖਣ ਵਿਚ ਸਹਾਈ ਹੋ ਰਹੇ ਹਨ ਅਤੇ ਮਰਾਠੀ ਰੰਗਮੰਚ ਸੌ ਸਾਲਾ ਵਰ੍ਹੇ ਗੰਢ ਜਿਹੜੀ ਕਿ ਹੁਣੇ ਜਿਹੇ ਮਨਾਈ ਗਈ ਉਸ ਵਿਚ ਇਹ ਤਬਦੀਲੀ ਵੇਖਣ ਵਿਚ ਆਈ ਕਿ ਇਬਸਨ ਟੈਕਨੀਕ ਸ਼ੈਕਸ਼ਪੀਅਰ ਟੈਕਨੀਕ ਦੀ ਥਾਂ ਲੈ ਰਹੀ ਹੈ।

ਐਨ. ਐਸ. ਫੜਕੇ ਏਸ ਸਮੇਂ ਦਾ ਸਭ ਤੋਂ ਕਾਮਯਾਬ ਨਾਵਲਿਸਟ ਹੈ ਭਾਵੇਂ ਕਿ ਇਸ ਵਿਚ ਟੈਕਨੀਕਲ ਗ਼ਲਤੀਆਂ ਨਹੀਂ ਹਨ ਫੇਰ ਵੀ ਉਸ ਦੇ ਨਾਵਲ ਸਮਾਜ ਦੀ ਉਪਰਲੀ ਤਹਿ ਦੀ ਤੱਸਵੀਰ ਪੇਸ਼ ਕਰਦੇ ਹਨ ਅਤੇ ਉਨ੍ਹਾਂ ਵਿਚ ਆਦਰਸ਼ਵਾਦ ਦੀ ਘਾਟ ਹੈ ਇਹੋ ਹੀ ਥੀ. ਐਸ. ਬਾਡੇਕਰ ਦੇ ਨਾਵਲਾਂ ਦਾ ਅਧਾਰ ਹੈ। ਉਨ੍ਹਾਂ ਦੇ ਨਾਵਲਾਂ ਵਿਚ ਆਦਰਸਵਾਦ ਕਾਫੀ ਹੈ। ਪਰ ਉਨ੍ਹਾਂ ਵਿਚ ਟੈਕਨੀਕਲ ਤਰੁਟੀਆਂ ਹਨ। ਰਾਜਨੀਤਕ ਤੌਰ ਤੇ ਜੀ. ਟੀ. ਮਧਖੋਲਕਰ ਨੇ ਉਸ ਦਾ ਵਿਕਾਸ ਕੀਤਾ। ਭਾਵੇਂ ਨਿੱਕੀ ਕਹਾਣੀ ਅੱਜ ਦਾ ਇਕ ਰਿਵਾਜ ਬਣ ਗਈ ਹੈ। ਬੀ. ਐਸ. ਖਾਡੇਕਰ ਨੇ ਅਜੇ ਪ੍ਰਸਿੱਧਤਾ ਪ੍ਰਾਪਤ ਨਹੀਂ ਕੀਤੀ ਸੀ ਜਦੋਂ ਕਿ ਫੜਕੇ ਅਤੇ ਵਾਈ. ਜੀ. ਜੋਸੀ ਨੇ ਉਨ੍ਹਾ ਦੀ ਨਕਲ ਕੀਤੀ। ਨਿੱਜੀ ਅਤੇ ਆਲੋਚਨਾਤਮਕ, ਦਵਾਂ ਕਿਸਮ ਦੇ ਲੇਖਾ ਨੇ ਤਰੱਕੀ ਕੀਤੀ ਹੈ। ਪੂਰਬੀ ਤੇ ਪੱਛਮੀ ਥਿਊਰੀਆਂ ਦਾ ਬੜੇ ਧਿਆਨ ਨਾਲ ਅਧਿਐਨ ਅਤੇ ਛਾਣਬੀਨ ਕੀਤੀ ਜਾ ਰਹੀ ਹੈ ਅਤੇ ਬਿਨਾਂ ਥਿਊਰੀਆਂ ਨੂੰ ਢਾਲਿਆ ਜਾ ਰਿਹਾ ਹੈ।

ਆਰ. ਡੀ. ਰਾਨਾਡੇ ਦੀ ਪੁਸਤਕ 'ਮਿਸਟੀਸਿਜਮ ਇਨ ਮਹਾਰਾਸ਼ਟਰ' (ਪੂੰਨਾਂ) ਸੀ. ਏ., ਕਿਨਸੈਡ ਦੀ ਪੁਸਤਕ 'ਟੇਲਜ਼ ਆਫ਼ ਦੀ ਸਪੇਨਜ਼ ਆਫ਼ ਪੰਡਰਪੁਰ ਤੇ ਮੈਕਨੀਕਲ ਦੀ ਪੁਸਤਕ ਮਰਾਠੇ ਸੰਤਾਂ ਦੇ ਧਾਰਮਕ ਸ਼ਬਦ।

National Library,
Calcutta-27.

DBA000005819PAN